6-AUG-PAGE-1.qxd 8/5/2024 10:48 PM Page 1

ਮੰਗਲਵਾਰ, 6 ਅਗਸਤ, 2024

22 ਸਾਉਣ { ਨਾਨਕਸ਼ਾਹੀ 556 / ਬਿਕਰਮੀ 2081

ਜਿਲਦ/VOL. : 73

ਅੰਕ/NO. : 66

# ਨਵਾਂ ਜ਼ਮਾਨਾ

DAILY NAWAN ZAMANA • TUESDAY, 6 AUGUST, 2024

ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਹਸੀਨਾ ਬੰਗਲਾਦੇਸ਼ ’ਚੋਂ ਉਡੰਤਰ, ਸੈਨਾ ਦਾ ਕੰਟਰੋਲ

### ਭਾਰਤ ਲਈ ਚੌਥਾ ਬਾਰਡਰ ਸਿਰਦਰਦੀ ਬਣਿਆ



ਇੰਗਲੈਂਡ ਜਾਂਦਿਆਂ ਗਾਜ਼ੀਆਬਾਦ ਦੇ ਹਿੰਡਨ ਹਵਾਈ ਅੱਡੇ ’ਤੇ ਉਤਰੀ।



ਹਸੀਨਾ ਦੇ ਭੱਜਣ ਤੋਂ ਬਾਅਦ ਸੈਂਕੜੇ ਲੋਕ ਉਸ ਦੀ ਰਿਹਾਇਸ਼ ਵਿਚ ਵੜ ਗਏ। ਉਹ ਕੁੱਕੜ, ਮੱਛੀ, ਸਬਜ਼ੀਆਂ, ਸਾੜ੍ਹੀਆਂ, ਭਾਂਡੇ ਤੇ ਫਰਨੀਚਰ ਚੁੱਕ ਕੇ ਲਿਜਾਂਦੇ ਨਜ਼ਰ ਆਏ।

**ਢਾਕਾ** : ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਵਾਜਿਦ ਸਰਕਾਰ ਦੇ ਖਿਲਾਫ ਜਾਰੀ ਪ੍ਰਦਰਸ਼ਨਾਂ ਦੇ ਮੱਦੇਨਜ਼ਰ ਸੋਮਵਾਰ ਅਸਤੀਫਾ ਦੇ ਕੇ ਦੇਸ਼ ਛੱਡ ਗਈ। ਵਿਵਾਦਤ ਕੋਟਾ ਵਿਵਸਥਾ ਨੂੰ ਲੈ ਕੇ ਹੋ ਰਹੇ ਪ੍ਰਦਰਸ਼ਨਾਂ ਤੋਂ ਬਾਅਦ ਸ਼ੇਖ ਹਸੀਨਾ ਨੂੰ ਅਸਤੀਫਾ ਦੇਣ ਲਈ ਮਜਬੂਰ ਹੋਣਾ ਪਿਆ।

ਹਸੀਨਾ ਸੀ-130 ਟਰਾਂਸਪੋਰਟ ਜਹਾਜ਼ ਵਿਚ ਗਾਜ਼ੀਆਬਾਦ ਦੇ ਹਿੰਡਨ ਏਅਰ ਬੇਸ ’ਤੇ ਉੱਤਰੀ। ਭਾਰਤੀ ਹਵਾਈ ਸੈਨਾ ਦੇ ਜਹਾਜ਼ ਸਰਹੱਦ ਤੋਂ ਉਸ ਦੇ ਜਹਾਜ਼ ਨੂੰ ਲੈ ਕੇ ਆਏ। ਡਿਪਲੋਮੈਟਿਕ ਸੂਤਰਾਂ ਮੁਤਾਬਕ ਉਸ ਨੇ ਇੱਥੋਂ ਲੰਡਨ ਜਾਣਾ ਸੀ। ਬੰਗਲਾਦੇਸ਼ ਦੀ ਬੇਨਤੀ ’ਤੇ ਭਾਰਤ ਨੇ ਹਸੀਨਾ ਨੂੰ ਸੁਰੱਖਿਅਤ ਲਾਂਘਾ ਮੁਹੱਈਆ ਕਰਾਉਣ ਦਾ ਫੈਸਲਾ ਕੀਤਾ।

ਦੇਸ਼ ਦੀ ਵਾਗਡੋਰ ਸੰਭਾਲਣ ਤੋਂ ਬਾਅਦ ਸੈਨਾ ਮੁਖੀ ਜਨਰਲ ਵਕਾਰ-ਉਜ਼-ਜ਼ਮਾਂ ਨੇ ਐਲਾਨ ਕੀਤਾ—ਮੈਂ (ਦੇਸ਼ ਦੀ) ਸਾਰੀ ਜ਼ਿੰਮੇਵਾਰੀ ਲੈ ਰਿਹਾ ਹਾਂ, ਕਿਰਪਾ ਕਰਕੇ ਸਹਿਯੋਗ ਕਰੋ। ਹਸੀਨਾ ਨੇ ਦੇਸ਼ ਛੱਡ ਦਿੱਤਾ ਹੈ। ਅੰਤਰਮ ਸਰਕਾਰ ਬਣਾਈ ਜਾਵੇਗੀ। ਮੈਂ ਸਿਆਸੀ ਨੇਤਾਵਾਂ ਨੂੰ ਮਿਲਿਆਂ ਹਾਂ ਅਤੇ ਉਨ੍ਹਾਂ ਨੂੰ ਦੱਸ ਦਿੱਤਾ ਹੈ ਕਿ ਸੈਨਾ ਕਾਨੂੰਨ ਵਿਵਸਥਾ ਦੀ ਜ਼ਿੰਮੇਵਾਰੀ ਸੰਭਾਲੇਗੀ। ਸੈਨਾ ਅਤੇ ਪੁਲਸ ਨੂੰ ਪ੍ਰਦਰਸ਼ਨਕਾਰੀਆਂ ’ਤੇ ਗੋਲੀ ਨਾ ਚਲਾਉਣ ਲਈ ਕਿਹਾ ਹੈ।

ਆਰਮੀ ਚੀਫ ਜਨਰਲ ਵਕਾਰ-ਉਜ਼-ਜ਼ਮਾਂ ਵੱਲੋਂ ਸੱਦੀ ਗਈ ਮੀਟਿੰਗ ’ਚ ਅਵਾਮੀ ਲੀਗ ਦੇ ਆਗੂ ਸ਼ਾਮਲ ਨਹੀਂ ਹੋਏ, ਪਰ ਮੁੱਖ ਆਪੋਜ਼ੀਸ਼ਨ ਜਾਤੀਆ ਪਾਰਟੀ ਦੇ ਦੋ ਆਗੂ ਸ਼ਾਮਲ ਹੋਏ। ਜਾਤੀਆ ਪਾਰਟੀ ਰਿਟਾਇਰਡ ਜਨਰਲ ਹੁਸੈਨ ਮੁਹੰਮਦ ਇਰਸ਼ਾਦ ਨੇ 1986 ’ਚ ਬਣਾਈ ਸੀ। ਇਰਸ਼ਾਦ ਨੇ ਜਨਰਲ ਹੁੰਦਿਆਂ 1982 ਵਿਚ ਫੌਜੀ ਰਾਜ ਪਲਟਾ ਕਰਕੇ ਸੱਤਾ ’ਤੇ ਕਬਜ਼ਾ ਕਰ ਲਿਆ ਸੀ ਤੇ ਦਸੰਬਰ 1983 ਤੱਕ ਚੀਫ ਮਾਰਸ਼ਲ ਲਾਅ ਐਡਮਨਿਸਟ੍ਰੇਟਰ ਵਜੋਂ ਰਾਜ ਕੀਤਾ।

ਇਸੇ ਦੌਰਾਨ ਬੰਗਲਾਦੇਸ਼ ਦੇ ਹਿੰਸਕ ਘਟਨਾਕ੍ਰਮ ਦੇ ਚਲਦਿਆਂ ਭਾਰਤ ਨੇ ਬੀ ਐੱਸ ਐੱਫ ਨੂੰ ਸੋਮਵਾਰ 4096 ਕਿਲੋਮੀਟਰ ਲੰਮੇ ਭਾਰਤ-ਬੰਗਲਾਦੇਸ਼ ਬਾਰਡਰ ’ਤੇ ਹਾਈ ਅਲਰਟ ਜਾਰੀ ਕੀਤਾ। ਬੀ ਐੱਸ ਐੱਫ ਦੇ ਡੀ ਜੀ ਦਲਜੀਤ ਸਿੰਘ ਚੌਧਰੀ ਅਤੇ ਹੋਰ ਸੀਨੀਅਰ ਕਮਾਂਡਰ ਸੁਰੱਖਿਆ ਦਾ ਜਾਇਜ਼ਾ ਲੈਣ ਲਈ ਕੋਲਕਾਤਾ ਪੁੱਜ ਗਏ ਸਨ। ਬਾਰਡਰ ’ਤੇ ਤਾਇਨਾਤ ਸਾਰੇ ਜਵਾਨਾਂ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਗਈਆਂ ਹਨ।

1947 ਵਿਚ ਪੈਦਾ ਹੋਈ 76 ਸਾਲਾ ਹਸੀਨਾ ਜਨਵਰੀ ਵਿਚ ਲਗਾਤਾਰ ਚੌਥੀ ਵਾਰ ਪ੍ਰਧਾਨ ਮੰਤਰੀ ਬਣੀ ਸੀ। ਇਸ ਚੋਣ ਦਾ ਸਾਰੀਆਂ ਆਪੋਜ਼ੀਸ਼ਨ ਪਾਰਟੀਆਂ ਨੇ ਬਾਈਕਾਟ ਕੀਤਾ ਸੀ। ਉਸ ਨੇ ਚੋਣਾਂ ਤੋਂ ਪਹਿਲਾਂ ਹਜ਼ਾਰਾਂ ਆਪੋਜ਼ੀਸ਼ਨ ਮੈਂਬਰਾਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਸੀ। 2008 ਵਿਚ ਅਵਾਮੀ ਲੀਗ ਦੀ ਜਿੱਤ ਤੋਂ ਲੈ ਕੇ ਉਹ ਹੀ ਪ੍ਰਧਾਨ ਮੰਤਰੀ ਰਹੀ। ਉਸ ਨੇ ਦੇਸ਼ ਵਿਚ ਸਭ ਤੋਂ ਲੰਮਾ ਸਮਾਂ ਰਾਜ ਕੀਤਾ। ਉਸ ਨੇ ਬਰਤਾਨੀਆ ਦੀ ਮਾਰਗਰੇਟ ਥੈਚਰ ਤੇ ਭਾਰਤ ਦੀ ਇੰਦਰਾ ਗਾਂਧੀ ਨਾਲੋਂ ਵੀ ਵੱਧ ਚੋਣਾਂ ਜਿੱਤੀਆਂ ਤੇ ਦੁਨੀਆ ਦੀ ਸਭ ਤੋਂ ਵੱਧ ਰਾਜ ਕਰਨ ਵਾਲੀ ਪ੍ਰਧਾਨ ਮੰਤਰੀ ਰਹੀ। ਅਵਾਮੀ ਲੀਗ ਉਸ ਦੇ ਪਿਤਾ ਮੁਜੀਬਉਰ ਰਹਿਮਾਨ ਨੇ ਬਣਾਈ ਸੀ ਤੇ ਉਹ 1981 ਤੋਂ ਇਸ ਦੀ ਪ੍ਰਧਾਨ ਰਹੀ। ਸਭ ਤੋਂ ਪਹਿਲਾਂ ਹਸੀਨਾ ਨੇ 1996 ਤੋਂ 2001 ਤੱਕ ਰਾਜ ਕੀਤਾ, ਪਰ 2001 ਵਿਚ ਖਾਲਿਦਾ ਜ਼ਿਆ ਨੇ ਉਸ ਨੂੰ ਸੱਤਾ ਤੋਂ ਬੇਦਖਲ ਕਰ ਦਿੱਤਾ । ਪਹਿਲੀ ਮਿਆਦ ਵਿਚ ਉਸ ਨੇ ਉਦਾਰੀਕਰਨ ਦਾ ਰਾਹ ਫੜਦਿਆਂ ਦੇਸ਼ ਵਿਚ ਕਾਫੀ ਵਿਦੇਸ਼ੀ ਪੂੰਜੀ ਨਿਵੇਸ਼ ਕਰਵਾਇਆ। ਇਸ ਦੌਰਾਨ ਕੱਪੜਿਆਂ ਦੀ ਬਰਾਮਦ ਕਾਫੀ ਵਧੀ, ਪਰ ਫਿਰ ਸਿਆਸੀ ਵਿਰੋਧੀਆਂ, ਖਾਸਕਰ ਜਮਾਤੇ ਇਸਲਾਮੀ ਉੱਤੇ ਛਾਪਿਆਂ ਤੋਂ ਬਾਅਦ ਉਸ ’ਤੇ ਮਨੁੱਖੀ ਹੱਕਾਂ ਦੀ ਉਲੰਘਣਾ ਦੇ ਦੋਸ਼ ਲੱਗੇ। ਦੂਜੀ ਵਾਰ ਸੱਤਾ ਵਿਚ ਆਉਣ ਦੌਰਾਨ 2006 ਤੋਂ 2008 ਤੱਕ ਦੇਸ਼ ’ਚ ਗੜਬੜ ਕਾਰਨ ਸੱਤਾ ਫੌਜ ਨੇ ਸੰਭਾਲ ਲਈ ਸੀ। 2009 ਵਿਚ ਉਹ ਫਿਰ ਹੂੰਝਾ ਫੇਰ ਜਿੱਤ ਨਾਲ ਸੱਤਾ ਵਿਚ ਆਈ ਤੇ ਸੱਤਾ ’ਤੇ ਜਕੜ ਬਣਾਉਂਦੀ ਗਈ। ਉਸ ’ਤੇ ਅਗਲੀਆਂ ਚੋਣਾਂ ਵਿਚ ਹੇਰਾਫੇਰੀ ਤੇ ਧੱਕੇਸ਼ਾਹੀ ਦੇ ਦੋਸ਼ ਵੀ ਲੱਗੇ।

1975 ਵਿਚ ਬੰਗਲਾਦੇਸ਼ ਦੇ ਵੇਲੇ ਦੇ ਰਾਸ਼ਟਰਪਤੀ ਸ਼ੇਖ ਮੁਜੀਬੁਰ ਰਹਿਮਾਨ ਦੇ ਫੌਜੀ ਰਾਜ ਪਲਟੇ ਵਿਚ ● ਬਾਕੀ ਸਫ਼ਾ 2 ’ਤੇ

**ਦੇਸ਼ ਦਾ ਕੰਟਰੋਲ ਸੰਭਾਲਣ ਵਾਲੇ 58 ਸਾਲਾ ਵਕਾਰ ਜ਼ਮਾਂ ਨੂੰ 23 ਜੂਨ ਨੂੰ ਤਿੰਨ ਸਾਲ ਲਈ ਸੈਨਾ ਮੁਖੀ ਬਣਾਇਆ ਗਿਆ ਸੀ। ਢਾਕਾ ਵਿਚ 1966 ਵਿਚ ਪੈਦਾ ਹੋਏ ਜ਼ਮਾਂ ਦਾ ਵਿਆਹ ਜਨਰਲ ਮੁਹੰਮਦ ਮੁਸਤਾਫਿਜ਼ੁਰ ਰਹਿਮਾਨ ਦੀ ਧੀ ਸਾਰਾਹਨਾਜ਼ ਕਮਾਲਿਕਾ ਜ਼ਮਾਂ ਨਾਲ ਹੋਇਆ ਸੀ। ਜ਼ਮਾਂ ਦੇ ਸਹੁਰਾ 1997 ਤੋਂ 2000 ਤੱਕ ਸੈਨਾ ਮੁਖੀ ਰਹੇ।**



## ਭਾਰਤ ਮਹਿਲਾ ਟੇਬਲ ਟੈਨਿਸ ਦੇ ਕੁਆਰਟਰ ਫਾਈਨਲ ’ਚ



**ਪੈਰਿਸ** : ਮਨਿਕਾ ਬੱਤਰਾ ਦੀ ਅਗਵਾਈ ਵਿੱਚ ਭਾਰਤ ਨੇ ਸੋਮਵਾਰ ਪੈਰਿਸ ਉਲੰਪਿਕ ਦੇ ਮਹਿਲਾ ਟੇਬਲ ਟੈਨਿਸ ਟੀਮ ਮੁਕਾਬਲੇ ਵਿੱਚ ਆਪਣੇ ਤੋਂ ਉੱਪਰਲੀ ਰੈਂਕਿੰਗ ਵਾਲੇ ਰੋਮਾਨੀਆ ਨੂੰ 3-2 ਨਾਲ ਹਰਾ ਕੇ ਕੁਆਰਟਰ ਫਾਈਨਲ ਵਿੱਚ ਪ੍ਰਵੇਸ਼ ਕੀਤਾ। ਭਾਰਤ 2-0 ਨਾਲ ਅੱਗੇ ਚੱਲ ਰਿਹਾ ਸੀ, ਪਰ ਰੋਮਾਨੀਆ ਨੇ ਵਾਪਸੀ ਕਰਦੇ ਹੋਏ 2-2 ਨਾਲ ਬਰਾਬਰੀ ਹਾਸਲ ਕਰ ਲਈ। ਫੈਸਲਾਕੁਨ ਮੈਚ ’ਚ ਮਨਿਕਾ ਨੇ ਜਿੱਤ ਦਰਜ ਕਰਦਿਆਂ ਟੀਮ ਨੂੰ ਜਿੱਤ ਦਿਵਾ ਦਿੱਤੀ। ਮਨਿਕਾ ਨੇ ਆਪਣੇ ਤੋਂ ਬਿਹਤਰ ਰੈਂਕਿੰਗ ਵਾਲੀ ਬਰਨਾਡੇਟ ਜੋਕਸ ਨੂੰ ਹਰਾਇਆ।

### ਝੰਡਾਬਰਦਾਰ

**ਪੈਰਿਸ** : ਦੋ ਕਾਂਸੀ ਤਮਗੇ ਜਿੱਤ ਕੇ ਇਤਿਹਾਸ ਰਚਣ ਵਾਲੀ ਨਿਸ਼ਾਨੇਬਾਜ਼ ਮਨੂੰ ਭਾਕਰ ਐਤਵਾਰ ਨੂੰ ਇੱਥੇ ਹੋਣ ਵਾਲੇ ਉਲੰਪਿਕ ਸਮਾਪਤੀ ਸਮਾਰੋਹ ਵਿੱਚ ਭਾਰਤ ਦੀ ਝੰਡਾਬਰਦਾਰ ਹੋਵੇਗੀ। ਭਾਰਤੀ ਉਲੰਪਿਕ ਐਸੋਸੀਏਸ਼ਨ ਦੇ ਇਕ ਅਧਿਕਾਰੀ ਨੇ ਕਿਹਾ-ਮਨੂੰ ਨੂੰ ਝੰਡਾਬਰਦਾਰ ਦੇ ਰੂਪ ਵਿੱਚ ਚੁਣਿਆ ਗਿਆ ਹੈ। ਉਸ ਨੇ ਕਾਫੀ ਵਧੀਆ ਪ੍ਰਦਰਸ਼ਨ ਕੀਤਾ ਅਤੇ ਉਹ ਇਸ ਦੀ ਹੱਕਦਾਰ ਹੈ।

## ਸੁਖਬੀਰ ਤੇ ਧਾਮੀ ਦੇ ਸਪੱਸ਼ਟੀਕਰਨ ਜਨਤਕ

**ਅੰਮ੍ਰਿਤਸਰ** : ਸ੍ਰੀ ਅਕਾਲ ਤਖਤ ਦੇ ਜੱਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਦਿੱਤੇ ਸਪੱਸ਼ਟੀਕਰਨ ਸੋਮਵਾਰ ਜਨਤਕ ਕਰ ਦਿੱਤੇ। ਇਸ ਸੰਬੰਧੀ ਸ੍ਰੀ ਅਕਾਲ ਤਖਤ ਦੇ ਜੱਥੇਦਾਰ ਗਿਆਨੀ ਰਘਬੀਰ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜੱਥੇਦਾਰ ਗਿਆਨੀ ਸੁਲਤਾਨ ਸਿੰਘ ਵੱਲੋਂ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਖੇ ਗੈਰ ਰਸਮੀ ਮੀਟਿੰਗ ਕੀਤੀ ਗਈ, ਜਿਸ ਦੌਰਾਨ ਸਲਾਹ-ਮਸ਼ਵਰੇ ਮਗਰੋਂ ਇਹ ਦੋਵੇਂ ਸਪੱਸ਼ਟੀਕਰਨ ਪੱਤਰ ਜਨਤਕ ਕੀਤੇ ਗਏ।ਜਥੇਦਾਰ ਦੇ ਮੀਡੀਆ ਸਕੱਤਰ ਤਲਵਿੰਦਰ ਸਿੰਘ ਬੁੱਟਰ ਨੇ ਕਿਹਾ ਕਿ ਸਪੱਸ਼ਟੀਕਰਨ ਸੰਬੰਧੀ ਪਾਏ ਜਾ ਰਹੇ ਭਰਮ-ਭੁਲੇਖਿਆਂ ਨੂੰ ਦੂਰ ਕਰਨ ਲਈ ਦੋਵੇਂ ਪੱਤਰ ਜਨਤਕ ਕੀਤੇ ਗਏ ਹਨ।

ਸੁਖਬੀਰ ਬਾਦਲ ਵੱਲੋਂ ਦਿੱਤੇ ਗਏ ਸਪੱਸ਼ਟੀਕਰਨ ਵਿੱਚ ਉਨ੍ਹਾ ਅਕਾਲੀ ਸਰਕਾਰ ਵੇਲੇ ਸਮੁੱਚੀ ਪਾਰਟੀ, ਪਾਰਟੀ ਦੇ ਆਗੂਆਂ ਅਤੇ ਹੋਰਨਾਂ ਵੱਲੋਂ ਹੋਈਆਂ ਭੁੱਲਾਂ-ਚੁੱਕਾਂ, ਗਲਤੀਆਂ ਨੂੰ ਆਪਣੀ ● ਬਾਕੀ ਸਫ਼ਾ 2 ’ਤੇ

## ਸੁਪਰੀਮ ਕੋਰਟ ਤੋਂ ਦਿੱਲੀ ਸਰਕਾਰ ਨੂੰ ਝਟਕਾ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਵੱਡਾ ਝਟਕਾ ਦਿੰਦੇ ਹੋਏ ਸੋਮਵਾਰ ਕਿਹਾ ਕਿ ਦਿੱਲੀ ਦੇ ਉਪ ਰਾਜਪਾਲ ਕੋਲ ਦਿੱਲੀ ਨਗਰ ਨਿਗਮ ਵਿੱਚ ‘ਐਲਡਰਮੈਨ’ ਨਾਮਜ਼ਦ ਕਰਨ ਦਾ ਅਧਿਕਾਰ ਹੈ। ਚੀਫ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਪੀ ਐੱਸ ਨਰਸਿਮਹਾ ਅਤੇ ਜਸਟਿਸ ਜੇ ਬੀ ਪਾਰਦੀਵਾਲਾ ਦੀ ਬੈਂਚ ਨੇ ਦਿੱਲੀ ਸਰਕਾਰ ਦੀ ਇਹ ਦਲੀਲ ਖਾਰਜ ਕਰ ਦਿੱਤੀ ਕਿ ਉਪ ਰਾਜਪਾਲ ਦਿੱਲੀ ਨਗਰ ਨਿਗਮ ਵਿੱਚ ‘ਐਲਡਰਮੈਨ’ ਨਾਮਜ਼ਦ ਕਰਨ ਸੰਬੰਧੀ ਮੰਤਰੀ ਮੰਡਲ ਦਾ ਮਸ਼ਵਰਾ ਮੰਨਣ ਲਈ ਪਾਬੰਦ ਹੈ। ਸੁਪਰੀਮ ਕੋਰਟ ਨੇ ਇਸ ਮੁੱਦੇ ’ਤੇ ਕਰੀਬ 15 ਮਹੀਨੇ ਫੈਸਲਾ ਰਾਖਵਾਂ ਰੱਖਿਆ ਸੀ।

ਉੱਧਰ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੰਜੇ ਸਿੰਘ ਨੇ ਕਿਹਾ ਕਿ ਪਾਰਟੀ ਦਿੱਲੀ ਨਗਰ ਨਿਗਮ ਵਿੱਚ ‘ਐਲਡਰਮੈਨ’ ਨਾਮਜ਼ਦ ਕਰਨ ਦੇ ਉਪ ਰਾਜਪਾਲ ਦੇ ਅਧਿਕਾਰ ਨੂੰ ਬਰਕਰਾਰ ਰੱਖਣ ਦੇ ਸੁਪਰੀਮ ਕੋਰਟ ਦੇ ਫੈਸਲੇ ਨਾਲ ‘ਸਨਮਾਨਪੂਰਵਕ ਅਸਹਿਮਤੀ’ ਜ਼ਾਹਰ ਕਰਦੀ ਹੈ। ਉਨ੍ਹਾ ਇਸ ਫੈਸਲੇ ਨੂੰ ਭਾਰਤ ਦੇ ਲੋਕਤੰਤਰ ਲਈ ‘ਵੱਡਾ ਝਟਕਾ’ ਕਰਾਰ ਦਿੱਤਾ। ਉਨ੍ਹਾ ਕਿਹਾ ਕਿ ਸੁਪਰੀਮ ਕੋਰਟ ਦਾ ਫੈਸਲਾ ਉਪ ਰਾਜਪਾਲ ਨੂੰ ਚੁਣੀ ਹੋਈ ਸਰਕਾਰ ਨੂੰ ਅਣਗੌਲਿਆਂ ਕਰਨ ਦਾ ਅਧਿਕਾਰ ਦਿੰਦਾ ਹੈ।

## ਕੇਜਰੀਵਾਲ ਦੀ ਪਟੀਸ਼ਨ ਖਾਰਜ



**ਨਵੀਂ ਦਿੱਲੀ** : ਦਿੱਲੀ ਹਾਈ ਕੋਰਟ ਨੇ ਸੋਮਵਾਰ ਕਥਿਤ ਆਬਕਾਰੀ ਨੀਤੀ ਘੁਟਾਲੇ ਨਾਲ ਸੰਬੰਧਤ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਸੀ ਬੀ ਆਈ ਵੱਲੋਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਕੀਤੀ ਗਈ ਗ੍ਰਿਫ਼ਤਾਰੀ ਨੂੰ ਬਰਕਰਾਰ ਰੱਖਿਆ। ਜਸਟਿਸ ਨੀਨਾ ਬਾਂਸਲ ਕ੍ਰਿਸ਼ਨਾ ਨੇ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਇਹ ਕਹਿੰਦੇ ਹੋਏ ਖਾਰਜ ਕਰ ਦਿੱਤੀ ਕਿ ਇਹ ਨਹੀਂ ਕਿਹਾ ਜਾ ਸਕਦਾ ਕਿ ਗ੍ਰਿਫ਼ਤਾਰੀ ਬਿਨਾਂ ਕਿਸੇ ਉਚਿਤ ਕਾਰਨ ਤੋਂ ਕੀਤੀ ਗਈ। ਹਾਈ ਕੋਰਟ ਨੇ ‘ਆਪ’ ਦੇ ਕੌਮੀ ਕਨਵੀਨਰ ਦੀ ਜ਼ਮਾਨਤ ਪਟੀਸ਼ਨ ਨੂੰ ਖਾਰਜ ਕਰ ਦਿੱਤਾ, ਪਰ ਉਨ੍ਹਾ ਨੂੰ ਰਾਹਤ ਲਈ ਹੇਠਲੀ ਅਦਾਲਤ ’ਚ ਜਾਣ ਦੀ ਛੋਟ ਦੇ ਦਿੱਤੀ।ਉੱਧਰ, ਆਮ ਆਦਮੀ ਪਾਰਟੀ ਨੇ ਕਿਹਾ ਕਿ ਕੇਜਰੀਵਾਲ ਸੁਪਰੀਮ ਕੋਰਟ ਦਾ ਰੁਖ਼ ਕਰਨਗੇ।

## ਕਿਸੇ ਵੇਲੇ ਵੀ ਕਿਸੇ ਦਫ਼ਤਰ, ਹਸਪਤਾਲ ਜਾਂ ਸਕੂਲ ਪੁੱਜ ਸਕਦਾਂ : ਮਾਨ



**ਰਾਜਪੁਰਾ, (ਰਮੇਸ਼ ਕਟਾਰੀਆ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ ਸਥਾਨਕ ਤਹਿਸੀਲ ਕੰਪਲੈਕਸ ਦਾ ਅਚਨਚੇਤ ਦੌਰਾ ਕੀਤਾ ਅਤੇ ਲੋਕਾਂ ਨੂੰ ਨਾਗਰਿਕ ਕੇਂਦਰਤ ਸੇਵਾਵਾਂ ਮੁਹੱਈਆ ਕਰਨ ਦਾ ਮੁਆਇਨਾ ਕੀਤਾ। ਮੁੱਖ ਮੰਤਰੀ ਨੇ ਤਹਿਸੀਲਦਾਰ ਦੇ ਦਫ਼ਤਰ ਦਾ ਦੌਰਾ ਕੀਤਾ ਅਤੇ ਦਫ਼ਤਰ ਵਿੱਚ ਚੱਲ ਰਹੀਆਂ ਰਜਿਸਟਰੀਆਂ ਦੀ ਪ੍ਰਕਿਰਿਆ ਦੇਖੀ। ਉਨ੍ਹਾ ਲੋਕਾਂ ਨਾਲ ਵੀ ਵਿਸਥਾਰ ਨਾਲ ਗੱਲਬਾਤ ਕੀਤੀ, ਜਿਨ੍ਹਾਂ ਮੁੱਖ ਮੰਤਰੀ ਅਤੇ ਉਨ੍ਹਾ ਦੀ ਸਰਕਾਰ ਵੱਲੋਂ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ ਦੀ ਸ਼ਲਾਘਾ ਕੀਤੀ। ਮਾਨ ਨੇ ਕਿਹਾ ਕਿ ਸੂਬਾ ਸਰਕਾਰ ਦੀ ਕਾਰਜਕੁਸ਼ਲਤਾ ਲਈ ਲੋਕਾਂ ਦੇ ਪ੍ਰਤੀਕਰਮ ਦੀ ਬਹੁਤ ਮਹੱਤਤਾ ਹੈ ਅਤੇ ਇਸ ਵਿਧੀ ਨੂੰ ਹਰ ਤਰ੍ਹਾਂ ਨਾਲ ਅੱਗੇ ਵਧਾਇਆ ਜਾਵੇਗਾ।ਮੁੱਖ ਮੰਤਰੀ ਨੇ ਕਿਹਾ ਕਿ ‘ਸਰਕਾਰ ਤੁਹਾਡੇ ਦੁਆਰ’ ਸਕੀਮ ਸੂਬਾ ਸਰਕਾਰ ਦਾ ਪ੍ਰਮੁੱਖ ਪ੍ਰੋਗਰਾਮ ਹੈ, ਜਿਸ ਦਾ ਉਦੇਸ਼ ਘਰ-ਘਰ ਸੇਵਾਵਾਂ ਪਹੁੰਚਾਉਣਾ ਹੈ। ਮੁੱਖ ਮੰਤਰੀ ਨੇ ਕਿਹਾ ● ਬਾਕੀ ਸਫ਼ਾ 2 ’ਤੇ

## ਅੱਜ-ਨਾਮਾ

ਉਹੀ ਗੱਲ ਹੋਈ, ਜਿਸ ਦਾ ਸ਼ੱਕ ਸੀ ਗਾ,
ਬੰਗਲਾ ਦੇਸ਼ ਵਿੱਚ ਰਹੀ ਨਾ ਸੁੱਖ ਮੀਆਂ।
ਜੀਹਦੇ ਬਾਪ ਨੂੰ ਦਿੱਤਾ ਸੀ ਮਾਰ ਪਹਿਲਾਂ,
ਪੈ ਗਿਆ ਨਵਾਂ ਹੈ ਭੁਗਤਣਾ ਦੁੱਖ ਮੀਆਂ।
ਬਾਗੀ ਫੌਜ ਹੋ ਕੇ ਕਰਿਆ ਰਾਜ-ਪਲਟਾ,
ਭਲਕ ਦੀ ਜਾਣੇ ਭਵਿੱਖ ਦੀ ਕੁੱਖ ਮੀਆਂ।
ਜਰਨੈਲ ਵਰਤ ਗਏ ਨੇ ਕੱਟੜਪੰਥੀਆਂ ਨੂੰ,
ਜਿਹੜੇ ਸਤਾਏ ਆ ਸੱਤਾ ਦੀ ਭੁੱਖ ਮੀਆਂ।
ਵਗਦਾ ਖੂਨ ਸੀ ਦੇਸ਼ ਵਿੱਚ ਬੜਾ ਪਹਿਲਾਂ,
ਪਤਾ ਨਹੀਂ ਕਿੰਨਾ ਕੁ ਵਗੂਗਾ ਹੋਰ ਮੀਆਂ।
ਲੱਗਾ ਵਧਣ ਤਰੱਕੀ ਵੱਲ ਮੁਲਕ ਸੀ ਗਾ,
ਜੜ੍ਹਾਂ ਵਿੱਚ ਗਿਆ ਹੈ ਬੈਠ ਜਨੂੰਨ ਮੀਆਂ।

-ਤੀਸ ਮਾਰ ਖਾਂ

## ਪਾਲਮ ਏਅਰ ਬੇਸ ’ਤੇ ਜੂਨ ’ਚ 27 ਮੋਰ ਗਰਮੀ ਨਾਲ ਮਰੇ

**ਨਵੀਂ ਦਿੱਲੀ** : ਪਾਲਮ ਏਅਰ ਬੇਸ ’ਤੇ ਜੂਨ ਮਹੀਨੇ ਦੌਰਾਨ 27 ਮੋਰ ‘ਹੀਟ ਸਟਰੋਕ’ ਨਾਲ ਦਮ ਤੋੜ ਗਏ ਸਨ। ਕੇਂਦਰੀ ਵਾਤਾਵਰਣ ਮੰਤਰੀ ਭੂਪੇਂਦਰ ਯਾਦਵ ਨੇ ਸੋਮਵਾਰ ਲੋਕ ਸਭਾ ਵਿੱਚ ਦੱਸਿਆ ਕਿ ਜੂਨ ਮਹੀਨੇ ਦੌਰਾਨ ਮਾਰੇ ਗਏ ਮੋਰਾਂ ਦੇ ਪੋਸਟਮਾਰਟਮ ਤੋਂ ਪਤਾ ਲੱਗਾ ਹੈ ਕਿ ਉਨ੍ਹਾਂ ਨੂੰ ਕੋਈ ਬਿਮਾਰੀ ਨਹੀਂ ਸੀ।

### ਕਰੰਟ ਨਾਲ 9 ਕਾਂਵੜੀਆਂ ਦੀ ਮੌਤ

**ਹਾਜੀਪੁਰ** : ਬਿਹਾਰ ਦੇ ਵੈਸ਼ਾਲੀ ਜ਼ਿਲ੍ਹੇ ਵਿੱਚ ਹਾਈਟੈਨਸ਼ਨ ਤਾਰ ਦੀ ਲਪੇਟ ਵਿੱਚ ਆਉਣ ਕਾਰਨ ਘੱਟੋ-ਘੱਟ 9 ਕਾਂਵੜੀਆਂ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਝੁਲਸ ਗਏ।ਇਹ ਘਟਨਾ ਐਤਵਾਰ ਤੇ ਸੋਮਵਾਰ ਦੀ ਦਰਮਿਆਨੀ ਰਾਤ ਨੂੰ ਸੁਲਤਾਨਪੁਰ ਪਿੰਡ ਦੇ ਇੰਡਸਟਰੀਅਲ ਪੁਲਸ ਥਾਣਾ ਖੇਤਰ ਵਿੱਚ ਹੋਈ। ਕਾਂਵੜੀਏ ਜਲ ਚੜ੍ਹਾਉਣ ਲਈ ਸੋਨਪੁਰ ’ਚ ਬਾਬਾ ਹਰਿਹਰ ਨਾਥ ਮੰਦਰ ਜਾ ਰਹੇ ਸਨ।




## ਸਕੂਲੀ ਬੱਸ ਹੇਠਾਂ ਆਉਣ ਨਾਲ ਬੱਚੀ ਦੀ ਮੌਤ

**ਭਗਤਾ ਭਾਈ ਕਾ (ਰਾਜੀਵ ਗੋਇਲ)** : ਸੋਮਵਾਰ ਸਵੇਰੇ ਤੜਕਸਾਰ ਸਥਾਨਕ ਸ਼ਹਿਰ ਦੀ ਇੱਕ ਧਾਰਮਿਕ ਸ਼ਬਦ ਨਾਲ ਸੰਬੰਧਤ ਸੰਸਥਾ, ਜਿਸ ਦੀ ਵੈਨ ਬੱਚਿਆਂ ਨੂੰ ਸਕੂਲ ਲੈ ਕੇ ਆਉਣ ਲਈ ਰਵਾਨਾ ਹੋਈ ਤੇ ਜਦੋਂ ਇਹ ਵੈਨ ਨੇੜਲੇ ਪਿੰਡ ਹਮੀਰਗੜ੍ਹ ਪਹੁੰਚੀ ਤਾਂ ਇੱਕ ਬੱਚੇ ਨੂੰ ਵੈਨ 'ਚ ਬਿਠਾ ਕੇ ਜਦੋਂ ਵੈਨ ਤੁਰਨ ਲੱਗੀ ਤਾਂ ਇੱਕ ਛੋਟੀ ਬੱਚੀ, ਜਿਸ ਦੀ ਉਮਰ ਕਰੀਬ ਦੋ ਸਾਲ ਦੱਸੀ ਜਾ ਰਹੀ ਹੈ, ਬੱਸ ਹੇਠਾਂ ਆ ਗਈ, ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸੂਤਰਾਂ ਮੁਤਾਬਕ ਉਕਤ ਸੰਸਥਾ ਨਾਲ ਸੰਬੰਧਤ ਵੈਨ ਕਾਗਜ਼ਾਂ ਪੱਖੋਂ ਅਧੂਰੀ ਦੱਸੀ ਜਾ ਰਹੀ ਹੈ, ਪਰ ਸੰਸਥਾ ਦੇ ਆਗੂਆਂ ਵੱਲੋਂ ਮ੍ਰਿਤਕ ਬੱਚੀ ਦੇ ਪਰਿਵਾਰ ਨਾਲ ਹਮਦਰਦੀ ਸਾਂਝੀ ਕਰਦੇ ਹੋਏ ਸਮਝੌਤੇ ਨੂੰ ਤਰਜੀਹ ਦਿੱਤੀ ਜਾ ਰਹੀ ਸੀ। ਥਾਣਾ ਦਿਆਲਪੁਰਾ ਦੀ ਪੁਲਸ ਵੱਲੋਂ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਸੀ।

## ਚਹਿਲਾਂ 'ਚ ਸ਼ਿਵਰਾਤਰੀ ਮੌਕੇ ਵਿਸ਼ਾਲ ਜਾਗਰਣ



**ਲੁਧਿਆਣਾ (ਜਸਦੀਪ ਵਰਤੀਆ)**-ਸ਼੍ਰੀ ਮੁਕਤੇਸ਼ਵਰ ਮਹਾਦੇਵ ਸ਼ਿਵ ਮੰਦਰ ਮੁਕਤੀਧਾਮ ਚਹਿਲਾਂ ਵਿੱਚ ਸਾਵਣ ਮਹੀਨੇ ਦੀ ਸ਼ਿਵਰਾਤਰੀ ਮੌਕੇ ਵਿਸ਼ਾਲ ਜਾਗਰਣ ਕੀਤਾ ਗਿਆ।ਇਸ ਜਾਗਰਣ ਦੀ ਪੂਜਾ ਮੰਦਰ ਕਮੇਟੀ ਪ੍ਰਧਾਨ ਚੰਦਰ ਮੋਹਨ ਸ਼ਰਮਾ ਤੇ ਕੈਸ਼ੀਅਰ ਪਵਨ ਸ਼ਰਮਾ ਦੇ ਪਰਵਾਰ ਵੱਲੋਂ ਕਰਵਾਈ ਗਈ।ਮਹੰਤ ਤਾਰਾ ਚੰਦ ਨੇ ਜਾਗਰਣ ਤੋਂ ਪਹਿਲਾਂ ਭੋਲੇ ਨਾਥ ਦੀ ਪੂਜਾ-ਅਰਚਨਾ ਦੀ ਰਸਮ ਅਦਾ ਕੀਤੀ, ਉਪਰੰਤ ਪੰਜਾਬ ਦੀ ਮਸ਼ਹੂਰ ਆਵਾਜ਼ ਸ਼ਾਲੂ ਨਾਰੰਗ ਤੇ ਆਸ਼ੀਸ਼ ਨਾਰੰਗ ਨੇ ਭਗਵਾਨ ਭੋਲੇਨਾਥ ਤੇ ਮਾਤਾ ਰਾਣੀ ਦੇ ਭਜਨਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।ਮੁਕਤੀਧਾਮ ਚਹਿਲਾਂ ਦੇ ਸੇਵਾਦਾਰ ਨੀਲ ਕਮਲ ਸ਼ਰਮਾ ਨੇ ਦੱਸਿਆ ਕਿ ਇਸ ਧਾਮ ਵਿਖੇ ਸਾਲ ਵਿੱਚ ਦੋ ਸ਼ਿਵਰਾਤਰੀ ਸਮਾਗਮ ਬੜੀ ਧੂਮ-ਧਾਮ ਨਾਲ ਮਨਾਏ ਜਾਂਦੇ ਹਨ, ਪਹਿਲਾ ਸਾਵਣ ਮਹੀਨੇ ਜਦਕਿ ਦੂਸਰਾ ਸਮਾਗਮ ਮਾਰਚ ਮਹੀਨੇ ਕਰਵਾਇਆ ਜਾਂਦਾ ਹੈ, ਜਿੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਭਗਤ ਨਤਮਸਤਕ ਹੁੰਦੇ ਹਨ।ਇਸ ਮੌਕੇ ਪ੍ਰਧਾਨ ਚੰਦਰ ਮੋਹਨ ਸ਼ਰਮਾ, ਪਵਨ ਸ਼ਰਮਾ, ਪੰਡਤ ਸੁਰੇਸ਼ ਗੁਰੂ ਜੀ, ਨੀਲ ਕਮਲ ਸ਼ਰਮਾ, ਨਰਿੰਦਰਪਾਲ ਵਰਮਾ, ਹਨੀਸ਼ ਕੌਸ਼ਲ, ਪਰਮਿੰਦਰ ਵਰਮਾ, ਤਰਸੇਮ ਪਾਲ, ਸੁਸ਼ੀਲ ਸ਼ਰਮਾ ਪੱਪੀ, ਭਰਤ ਕਟਾਰੀਆ, ਮਨੋਜ ਕਟਾਰੀਆ ਆਦਿ ਮੌਜੂਦ ਸਨ।

## ਥਾਣਾ ਮੁਖੀ ਤੇ ਏ ਐੱਸ ਆਈ ਖਿਲਾਫ ਰਿਸ਼ਵਤ ਲੈਣ ਦੇ ਦੋਸ਼ ਹੇਠ ਮਾਮਲਾ ਦਰਜ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ 'ਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਥਾਣਾ ਭਾਦਸੋਂ, ਜ਼ਿਲ੍ਹਾ ਪਟਿਆਲਾ ਵਿਖੇ ਐੱਸ.ਐੱਚ.ਓ. ਵਜੋਂ ਤਾਇਨਾਤ ਸਬ-ਇੰਸਪੈਕਟਰ (ਐੱਸ.ਆਈ.) ਇੰਦਰਜੀਤ ਸਿੰਘ ਤੇ ਉਸ ਦੇ ਸਾਥੀ ਸਹਾਇਕ ਸਬ-ਇੰਸਪੈਕਟਰ (ਏ.ਐੱਸ.ਆਈ.) ਅਮਰਜੀਤ ਸਿੰਘ ਖ਼ਿਲਾਫ਼ 50 ਹਜ਼ਾਰ ਰੁਪਏ ਰਿਸ਼ਵਤ ਮੰਗਣ ਤੇ ਲੈਣ ਦੇ ਦੋਸ਼ ਹੇਠ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਹੈ।ਜਾਣਕਾਰੀ ਦਿੰਦਿਆਂ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਮੁਕੱਦਮਾ ਸ਼ਿਕਾਇਤਕਰਤਾ ਹਰਮਨ ਸਿੰਘ ਵੱਲੋਂ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਉੱਪਰ ਉਕਤ ਦੋਵਾਂ ਪੁਲਸ ਮੁਲਾਜ਼ਮਾਂ ਵਿਰੁੱਧ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਦੀ ਪੜਤਾਲ ਉਪਰੰਤ ਦਰਜ ਕੀਤਾ ਗਿਆ ਹੈ।ਬੁਲਾਰੇ ਨੇ ਦੱਸਿਆ ਕਿ ਪੜਤਾਲ ਦੌਰਾਨ ਉਕਤ ਸ਼ਿਕਾਇਤ ਵਿੱਚ ਲਗਾਏ ਗਏ ਦੋਸ਼ ਸਹੀ ਪਾਏ ਗਏ ਤੇ 35000 ਰੁਪਏ ਹੋਰ ਮੰਗਣ ਅਤੇ 50000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਸਾਬਿਤ ਹੋ ਗਏ।ਉਨ੍ਹਾਂ ਦੱਸਿਆ ਕਿ ਇਸ ਜਾਂਚ ਦੇ ਅਧਾਰ 'ਤੇ ਉਕਤ ਐੱਸ.ਐੱਚ.ਓ. ਤੇ ਏ.ਐੱਸ.ਆਈ. ਖਿਲਾਫ਼ ਵਿਜੀਲੈਂਸ ਬਿਊਰੋ ਥਾਣਾ ਪਟਿਆਲਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਗੁਰੂ ਨਾਨਕ ਕਲੋਨੀ ਵੱਲੋਂ ਆਯੁਰਵੈਦਿਕ ਮੈਡੀਕਲ ਚੈੱਕਅੱਪ ਕੈਂਪ



**ਸੰਗਰੂਰ (ਪ੍ਰਵੀਨ ਸਿੰਘ)**-ਗੁਰੂ ਨਾਨਕ ਕਾਲੋਨੀ (ਬਲਾਕ-4) ਸੰਗਰੂਰ ਵੱਲੋਂ ਇਕ ਆਯੁਰਵੈਦਿਕ ਮੈਡੀਕਲ ਚੈੱਕਅਪ ਕੈਂਪ ਲਾਇਆ ਗਿਆ, ਜਿਸ ਵਿੱਚ ਆਯੁਰਵੈਦਿਕ ਵਿਭਾਗ ਦੇ ਡਾਇਰੈਕਟਰ ਪੰਜਾਬ ਡਾਕਟਰ ਰਵੀ ਕੁਮਾਰ ਡੁਮਰਾ ਦੀ ਮਨਜ਼ੂਰੀ ਮਿਲਣ 'ਤੇ ਡਾਕਟਰ ਰਮਨ ਖੰਨਾ, ਜ਼ਿਲ੍ਹਾ ਆਯੁਰਵੈਦਿਕ ਤੇ ਯੂਨਾਨੀ ਅਫ਼ਸਰ ਸੰਗਰੂਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਆਯੁਰਵੈਦ ਦੇ ਮਾਹਰ ਡਾਕਟਰ ਰਵੀ ਕਾਂਤ ਮਦਾਨ, ਡਾਕਟਰ ਰਜਨੀ ਬਾਲਾ, ਡਾਕਟਰ ਰਮਨ ਕੁਮਾਰ ਮੈਡੀਕਲ ਅਫਸਰ, ਜੀਵਨ ਕੁਮਾਰ ਵੈਦ, ਡਾਕਟਰ ਸੰਜੇ ਸ਼ਰਮਾ ਫਿਸਿਓ ਥੈਰੇਪਿਸਟ ਨੇ ਸ਼ਿਰਕਤ ਕੀਤੀ ਤੇ ਮਰੀਜ਼ਾਂ ਦਾ ਮੁਫ਼ਤ ਚੈੱਕਅਪ ਕੀਤਾ।ਇਸ ਕੈਂਪ ਦੇ ਕੋਆਰਡੀਨੇਟਰ ਡਾਕਟਰ ਰੇਨੂੰ ਮਦਾਨ ਸਨ।ਮਾਹਰ ਡਾਕਟਰਾਂ ਨੇ ਮਰੀਜ਼ਾਂ ਦੇ ਜੋੜਾਂ ਤੇ ਹੱਡੀਆਂ ਦੇ ਦਰਦਾਂ ਦਾ ਵੀ ਫ੍ਰੀ ਚੈੱਕਅਪ ਕੀਤਾ ਤੇ ਮਰੀਜ਼ਾਂ ਨੂੰ ਲੋੜੀਂਦੀ ਆਯੁਰਵੈਦਿਕ ਦਵਾਈ ਵਾਸੂ ਫਾਰਮਾਸਿਊਟੀਕਲ ਪ੍ਰਾਈਵੇਟ ਲਿਮਿਟਡ ਤੇ ਰਾਜਸਥਾਨ ਔਸ਼ਧਾਲਿਆ ਵੱਲੋਂ ਮੁਫ਼ਤ ਦਿੱਤੀ ਗਈ।ਸੰਸਥਾ ਦੇ ਪ੍ਰਧਾਨ ਪਰਮਿੰਦਰ ਸ਼ਰਮਾ, ਕਾਲੋਨੀ ਸੰਸਥਾ ਦੇ ਸਕੱਤਰ ਜਨਰਲ ਰਾਜ ਕੁਮਾਰ ਬਾਂਸਲ, ਵਿਜੈ ਸਿੰਗਲਾ ਸਰਪ੍ਰਸਤ ਤੇ ਹੋਰ ਅਹੁਦੇਦਾਰ ਫ਼ਕੀਰ ਸਿੰਘ ਟਿੱਬਾ, ਡਾ. ਆਰ. ਗੋਇਲ, ਤਰਸੇਮ ਸਿੰਘ ਗੋਸਲ, ਲਵਲੀਨ ਸ਼ਰਮਾ, ਮਾਂਗਟ ਰਾਜ, ਹਰਵਿੰਦਰ ਸ਼ਰਮਾ ਨੇ ਡਾਕਟਰਾਂ ਦੇ ਆਉਣ 'ਤੇ ਉਨ੍ਹਾ ਦਾ ਸਵਾਗਤ ਕੀਤਾ।ਇਸ ਮੌਕੇ ਉਨ੍ਹਾਂ ਨਾਲ ਸੰਸਥਾ ਦੇ ਹੋਰ ਅਹੁਦੇਦਾਰ ਨੈਸ਼ਨਲ ਐਵਾਰਡੀ ਸਤਦੇਵ ਸ਼ਰਮਾ, ਕੁਲਵੰਤ ਰਾਏ ਬਾਂਸਲ, ਸੁਧੀਰ ਵਾਲੀਆ ਵੀ ਹਾਜ਼ਰ ਸਨ।ਇਸ ਕੈਂਪ 'ਚ ਡੇਢ ਸੌ ਤੋਂ ਵੱਧ ਮਰੀਜ਼ਾਂ ਨੇ ਲਾਭ ਉਠਾਇਆ।

# ਨਰੋਆ ਸਮਾਜ ਸਿਰਜਣ 'ਚ ਖੇਡਾਂ ਦੀ ਅਹਿਮ ਭੂਮਿਕਾ : ਪ੍ਰਿੰ. ਭੁੱਲਰ

### ਸਕੂਲ ਆਫ਼ ਐਮੀਨੈਂਸ ਬੋਹਾ ਵਿਖੇ ਸ਼ੂਟਿੰਗ ਰੇਂਜ ਦਾ ਉਦਘਾਟਨ



**ਮਾਨਸਾ/ਬੋਹਾ (ਆਤਮਾ ਸਿੰਘ ਪਮਾਰ)**-ਖੇਡ ਸੱਭਿਆਚਾਰ ਪੈਦਾ ਕਰਨ ਲਈ ਤੇ ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ ਸ਼ਹੀਦ ਜਗਸੀਰ ਸਿੰਘ ਸਕੂਲ ਆਫ਼ ਐਮੀਨੈਂਸ ਬੋਹਾ (ਮਾਨਸਾ) ਵਿਖੇ ਨਵੀਂ ਸ਼ੂਟਿੰਗ ਰੇਂਜ ਦਾ ਨਿਰਮਾਣ ਕੀਤਾ ਗਿਆ।ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਮਲਕੀਤ ਸਿੰਘ ਵਿਰਕ ਨੇ ਰਿਬਨ ਕੱਟ ਕੇ ਨਵੀਂ ਸ਼ੂਟਿੰਗ ਰੇਂਜ ਖਿਡਾਰੀਆਂ ਦੇ ਸਪੁਰਦ ਕੀਤੀ।ਸੰਸਥਾ ਦੇ ਮੁਖੀ ਹਰਿੰਦਰ ਸਿੰਘ ਭੁੱਲਰ ਨੇ ਨਿਸ਼ਾਨਾ ਲਗਾ ਕੇ ਨਵੀਂ ਸ਼ੂਟਿੰਗ ਰੇਂਜ ਦਾ ਉਦਘਾਟਨ ਕੀਤਾ, ਉਨ੍ਹਾ ਨਾਲ਼ ਹੀ ਕਿਹਾ ਕਿ ਖੇਡਾਂ ਦੀ ਨਰੋਆ ਸਮਾਜ ਸਿਰਜਣ 'ਚ ਅਹਿਮ ਭੂਮਿਕਾ ਹੁੰਦੀ ਹੈ, ਜਿਸ ਨਾਲ਼ ਵਧੀਆ ਰਾਸ਼ਟਰ ਦਾ ਨਿਰਮਾਣ ਹੁੰਦਾ ਹੈ।ਸੰਸਥਾ ਦੇ ਵਾਈਸ ਪ੍ਰਿੰਸੀਪਲ ਗਗਨਪ੍ਰੀਤ ਵਰਮਾ ਨੇ ਦੱਸਿਆ ਕਿ ਸਕੂਲ ਦੇ ਪੰਜਾਬੀ ਮਾਸਟਰ ਬਲਵਿੰਦਰ ਸਿੰਘ ਬੁਢਲਾਡਾ (ਸਟੇਟ ਐਵਾਰਡੀ) ਦੀ ਅਗਵਾਈ 'ਚ ਖਿਡਾਰੀ ਰਾਈਫ਼ਲ ਸ਼ੂਟਿੰਗ ਦੇ ਗੁਰ ਗ੍ਰਹਿਣ ਕਰ ਰਹੇ ਹਨ।ਸਰੀਰਿਕ ਸਿੱਖਿਆ ਦੇ ਡੀ.ਪੀ.ਈ. ਜਸਵਿੰਦਰ ਸਿੰਘ ਨੇ ਕਿਹਾ ਕਿ ਸੈਸ਼ਨ 2023-24 ਵਿੱਚ ਸਕੂਲ ਦੀਆਂ ਵਿਦਿਆਰਥਣ ਮਨਜੀਤ ਕੌਰ ਤੇ ਪ੍ਰਨੀਤ ਕੌਰ ਨੇ ਰਾਜ ਪੱਧਰੀ ਰਾਈਫ਼ਲ ਸ਼ੂਟਿੰਗ ਮੁਕਾਬਲਿਆਂ 'ਚ ਟੀਮ ਦੇ ਤੌਰ 'ਤੇ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਤੇ ਜ਼ਿਲ੍ਹੇ ਦਾ ਨਾਮ ਰੋਸ਼ਨ ਕੀਤਾ ਸੀ।ਸ਼ੂਟਿੰਗ ਖੇਡ ਦੀ ਸਿਖਲਾਈ ਪ੍ਰਦਾਨ ਕਰ ਰਹੇ ਬਲਵਿੰਦਰ ਸਿੰਘ ਬੁਢਲਾਡਾ ਨੇ ਕਿਹਾ ਕਿ ਸਾਲ 2018 ਤੋਂ ਤਤਕਾਲੀ ਪ੍ਰਿੰਸੀਪਲ ਮੁਕੇਸ਼ ਕੁਮਾਰ ਨੇ ਸ਼ੂਟਿੰਗ ਖੇਡ ਦੇ ਪੂਰਨੇ ਪਾਏ। ਪ੍ਰਿੰਸੀਪਲ ਅਰੁਣ ਕੁਮਾਰ ਨੇ ਵੀ ਸ਼ੂਟਿੰਗ ਖੇਡ ਦੇ ਪੂਰਨਿਆਂ ਨੂੰ ਬਰਕਰਾਰ ਰੱਖਿਆ ਤੇ ਪ੍ਰਿੰਸੀਪਲ ਹਰਿੰਦਰ ਸਿੰਘ ਭੁੱਲਰ ਨੇ ਨਵੀਂ ਸ਼ੂਟਿੰਗ ਰੇਂਜ ਬਣਾ ਕੇ ਸ਼ੂਟਿੰਗ ਖੇਡ ਦੇ ਪੂਰਨਿਆਂ ਨੂੰ ਪੱਕੀ ਸਿਆਹੀ ਨਾਲ਼ ਲਿਖ ਕੇ ਨਵੀਂ ਇਬਾਰਤ ਲਿਖ ਦਿੱਤੀ ਹੈ। ਰਾਜ ਦੇ 117 ਸਕੂਲ ਆਫ਼ ਐਮੀਨੈਂਸ ਵਿੱਚੋਂ ਸਕੂਲ ਆਫ਼ ਐਮੀਨੈਂਸ ਬੋਹਾ ਵਿਖੇ ਪੰਜਾਬ ਦੀ ਪਹਿਲੀ ਅਤਿ ਆਧੁਨਿਕ ਸ਼ੂਟਿੰਗ ਰੇਂਜ ਦਾ ਨਿਰਮਾਣ ਕੀਤਾ ਗਿਆ।ਉਨ੍ਹਾ ਕਿਹਾ ਕਿ ਸਕੂਲ ਦੇ ਸ਼ੂਟਿੰਗ ਖਿਡਾਰੀ ਨੇ ਸਾਲ 2018 ਤੋਂ ਅੱਜ ਤੱਕ ਰਾਜ ਪੱਧਰੀ ਰਾਈਫ਼ਲ ਸ਼ੂਟਿੰਗ ਮੁਕਾਬਲਿਆਂ ਵਿੱਚ 7 ਮੈਡਲ ਤੇ ਰਾਸ਼ਟਰ ਪੱਧਰ 'ਤੇ ਇੱਕ ਮੈਡਲ ਪ੍ਰਾਪਤ ਕਰ ਚੁੱਕੇ ਹਨ।ਸ਼ੂਟਿੰਗ ਰੇਂਜ ਦੇ ਉਦਘਾਟਨ ਮੌਕੇ ਈ.ਟੀ.ਟੀ./ਬੀ. ਐੱਡ. ਸਿਖਿਆਰਥੀ ਅਧਿਆਪਕ, ਖਿਡਾਰੀ, ਸਕੂਲ ਸਟਾਫ ਤੇ ਵਿਦਿਆਰਥੀ ਆਦਿ ਹਾਜ਼ਰ ਸਨ।

# ਚੋਰੀ ਦੀਆਂ ਘਟਨਾਵਾਂ ਤੋਂ ਪ੍ਰੇਸ਼ਾਨ ਦੁਕਾਨਦਾਰਾਂ ਵੱਲੋਂ ਧਰਨਾ

### 72 ਘੰਟਿਆਂ 'ਚ ਚੋਰਾਂ ਤੱਕ ਪਹੁੰਚ ਨਾ ਕਰਨ 'ਤੇ ਅਗਲਾ ਸੰਘਰਸ਼ ਵਿੱਢਣ ਦੀ ਚੇਤਾਵਨੀ



**ਲੌਂਗੋਵਾਲ (ਕੁਲਦੀਪ ਅੱਤਰੀ/ਪ੍ਰਦੀਪ ਸਿੰਘ ਸੱਪਲ)**-ਕਸਬੇ ਵਿੱਚ ਪਿਛਲੇ ਕਈ ਦਿਨਾਂ ਤੋਂ ਚੋਰੀਆਂ ਦਾ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ।ਬੀਤੀ ਰਾਤ ਫਿਰ 6 ਦੁਕਾਨਾਂ 'ਤੇ ਹੋਈਆਂ ਚੋਰੀਆਂ ਨੇ ਕਸਬੇ ਦੇ ਲੋਕਾਂ ਖਾਸ ਕਰਕੇ ਦੁਕਾਨਦਾਰਾਂ ਦੀ ਨੀਂਦ ਹਰਾਮ ਕਰਕੇ ਰੱਖ ਦਿੱਤੀ ਹੈ।ਜਾਣਕਾਰੀ ਅਨੁਸਾਰ ਚੋਰਾਂ ਨੇ ਬੀਤੀ ਰਾਤ ਬੱਸ ਸਟੈਂਡ ਨੇੜੇ ਆਰ ਕੇ ਮੈਡੀਕੋਜ਼, ਵਸ਼ਿਸ਼ਟ ਮੈਡੀਕੋਜ਼, ਸਾਈਂ ਜਰਨਲ ਸਟੋਰ (ਬਠਿੰਡੇ ਵਾਲੇ), ਪ੍ਰੀਤ ਗਾਰਮੈਂਟਸ, ਦਵਿੰਦਰ ਮੰਗਲਾ ਜਰਨਲ ਸਟੋਰ, ਬੀ ਕੇ ਐਗਰੀਕਲਚਰ ਦੀਆਂ ਦੁਕਾਨਾਂ ਦੇ ਜਿੰਦਰੇ ਤੋੜ ਕੇ ਨਗਦੀ ਤੇ ਕੈਮਰਿਆਂ ਦੇ ਡੀ ਵੀ ਆਰ ਅਤੇ ਇੱਕ ਦੁਕਾਨ ਤੋਂ ਜੈਨਰੇਟਰ ਚੋਰੀ ਕੀਤਾ, ਜਿਸ ਦੇ ਚਲਦਿਆਂ ਗੁੱਸੇ ਵਿੱਚ ਆਏ ਕਸਬੇ ਦੇ ਲੋਕਾਂ ਨੇ ਬਜ਼ਾਰ ਬੰਦ ਕਰਕੇ ਬੱਸ ਅੱਡੇ ਉੱਪਰ ਧਰਨਾ ਲਗਾ ਦਿੱਤਾ।ਇਸ ਦੌਰਾਨ ਧਰਨਾਕਾਰੀਆਂ ਨਾਲ ਗੱਲਬਾਤ ਕਰਨ ਪੁੱਜੇ ਥਾਣਾ ਮੁਖੀ ਇੰਸਪੈਕਟਰ ਜਤਿੰਦਰ ਪਾਲ ਸਿੰਘ ਦਾ ਲੋਕਾਂ ਨੇ ਘਿਰਾਓ ਕਰਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਥਾਣਾ ਮੁਖੀ ਆਪਣੀ ਸਰਕਾਰੀ ਗੱਡੀ ਛੱਡ ਕੇ ਚਲੇ ਗਏ।ਲੋਕਾਂ ਵੱਲੋਂ ਪੰਜਾਬ ਸਰਕਾਰ ਤੇ ਪੁਲਸ ਪ੍ਰਸ਼ਾਸਨ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਲਖਵੀਰ ਸਿੰਘ ਲੱਖੀ, ਐਡਵੋਕੇਟ ਗੁਰਤੇਗ ਸਿੰਘ ਲੌਂਗੋਵਾਲ, ਵਿਜੈ ਕੁਮਾਰ ਗੋਇਲ, ਵਪਾਰ ਮੰਡਲ ਦੇ ਪ੍ਰਧਾਨ ਅੰਮ੍ਰਿਤ ਪਾਲ ਸਿੰਗਲਾ, ਬੁੱਧ ਰਾਮ ਗਰਗ, ਕਮਲਜੀਤ ਸਿੰਘ ਵਿੱਕੀ, ਸਤਪਾਲ ਸੱਤਾ, ਕਾਮਰੇਡ ਮੰਗਤ ਰਾਮ, ਬੀ ਕੇ ਯੂ ਆਜ਼ਾਦ ਦੇ ਆਗੂ ਪਰਮਜੀਤ ਸਿੰਘ ਨੰਬਰਦਾਰ ਕਿਲ੍ਹਾ ਭਰੀਆ, ਅਮਰਜੀਤ ਸਿੰਘ ਗਿੱਲ, ਬਲਜਿੰਦਰ ਸਿੰਘ, ਸੁਰਜੀਤ ਸਿੰਘ, ਸਤਿਗੁਰ ਸਿੰਘ, ਰਮੇਸ਼ ਸ਼ਰਮਾ, ਸੰਜੇ ਜੈਨ, ਵੈਦ ਮਲਵਿੰਦਰ ਸਿੰਘ ਮਾਲੀ, ਸ਼ਿਸ਼ਨ ਪਾਲ ਗਰਗ, ਰਣਜੀਤ ਸਿੰਘ ਤਰਕਸ਼ੀਲ ਸੁਸਾਇਟੀ, ਬੱਬਲੂ ਸਿੰਗਲਾ ਆਦਿ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਹ ਕੋਈ ਪਹਿਲੀ ਵਾਰਦਾਤ ਨਹੀਂ, ਇਸ ਤੋਂ ਪਹਿਲਾਂ ਵੀ ਬਹੁਤ ਚੋਰੀਆਂ ਹੋ ਚੁੱਕੀਆਂ ਹਨ, ਜਿਸ ਸਬੰਧੀ ਪੁਲਸ ਪ੍ਰਸ਼ਾਸਨ ਵੱਲੋਂ ਚੋਰਾਂ ਦੀ ਸ਼ਨਾਖਤ ਅਜੇ ਤੱਕ ਨਹੀਂ ਕੀਤੀ ਜਾ ਸਕੀ।ਬੁਲਾਰਿਆਂ ਨੇ ਕਿਹਾ ਕਿ ਕਸਬੇ ਵਿਚ ਪੁਲਸ ਗਸ਼ਤ ਨਾਮ ਦੀ ਕੋਈ ਚੀਜ਼ ਨਹੀਂ, ਜਿਸ ਕਾਰਨ ਸ਼ਰਾਰਤੀ ਅਨਸਰਾਂ ਦੇ ਹੌਸਲੇ ਦਿਨੋਂ ਦਿਨ ਬੁਲੰਦ ਹੋ ਰਹੇ ਹਨ।ਇਸ ਮੌਕੇ ਬਲਵਿੰਦਰ ਸਿੰਘ ਢਿੱਲੋਂ ਨੇ ਇਸ ਘਟਨਾ ਦੀ ਬਾਰੀਕੀ ਨਾਲ ਜਾਂਚ ਕਰਨ ਦਾ ਭਰੋਸਾ ਦਿਵਾਇਆ।ਲੋਕਾਂ ਦੇ ਰੋਹ ਨੂੰ ਦੇਖਦਿਆਂ ਡੀ.ਐੱਸ.ਪੀ. ਜਤਿੰਦਰ ਸਿੰਘ ਗਿੱਲ ਧਰਨਾ ਸਥਾਨ 'ਤੇ ਪਹੁੰਚੇ ਤੇ ਲੋਕਾਂ ਨੂੰ 72 ਘੰਟਿਆਂ ਦੇ ਅੰਦਰ ਅੰਦਰ ਚੋਰ ਫੜ ਲੈਣ ਦਾ ਵਾਅਦਾ ਕੀਤਾ। ਇਸ ਤੋਂ ਬਾਅਦ ਧਰਨਾ ਮੁਲਤਵੀ ਕਰ ਦਿੱਤਾ ਗਿਆ ਅਤੇ ਇਸ ਦੌਰਾਨ ਆਗੂਆਂ ਨੇ ਕਿਹਾ ਕਿ ਜੇਕਰ 72 ਘੰਟਿਆਂ ਅੰਦਰ ਪੁਲਸ ਚੋਰਾਂ ਤੱਕ ਨਾ ਪਹੁੰਚ ਸਕੀ ਤਾਂ ਅਗਲਾ ਸੰਘਰਸ਼ ਫਿਰ ਵੱਢਿਆ ਜਾਵੇਗਾ।

## ਪ੍ਰੈੱਸ ਕਲੱਬ ਭਗਤਾ ਨੇ ਕਰਵਾਇਆ 'ਤੀਆਂ ਦਾ ਮੇਲਾ'



**ਭਗਤਾ ਭਾਈ ਕਾ, (ਰਾਜੀਵ ਗੋਇਲ)** : ਸਥਾਨਕ ਪ੍ਰੈੱਸ ਕਲੱਬ ਵੱਲੋਂ ਸਾਉਣ ਦੇ ਮਹੀਨੇ ਨੂੰ ਲੈ ਕੇ ਔਰਤਾਂ ਦਾ ਮੁੱਖ ਤਿਉਹਾਰ 'ਤੀਆਂ ਦਾ ਮੇਲਾ' ਕਰਵਾਇਆ ਗਿਆ। ਜਾਣਕਾਰੀ ਦਿੰਦਿਆਂ ਕਲੱਬ ਅਹੁਦੇਦਾਰਾਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਸਥਾਨਕ ਇਲਾਕੇ ਦੀ ਮਸ਼ਹੂਰ ਸੁਰਿੰਦਰਾ ਡੇਅਰੀ 'ਤੇ ਇਹ 'ਤੀਆਂ ਦਾ ਮੇਲਾ' ਕਰਵਾਇਆ ਗਿਆ ਹੈ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਨਾਇਬ ਤਹਿਸੀਲਦਾਰ ਭਗਤਾ ਰਮਨਦੀਪ ਕੌਰ, ਸੀਨੀਅਰ ਮੈਡੀਕਲ ਅਫਸਰ ਸੀਮਾ ਗੁਪਤਾ ਤੇ ਸਥਾਨਿਕ ਸ਼ਹਿਰ ਦੇ ਮਸ਼ਹੂਰ ਡਾ. ਬਲਬੀਰ ਸਿੰਘ ਦੀ ਨੂੰਹ ਤੇ ਡਾ. ਬਲਜੀਤ ਸਿੰਘ ਦੀ ਪਤਨੀ ਡਾ. ਪ੍ਰਨੀਤ ਕੌਰ ਦਿਉਲ, ਸੁਖਦੇਵ ਕੌਰ ਗਰੇਵਾਲ ਵੱਲੋਂ ਸ਼ਿਰਕਤ ਕੀਤੀ ਗਈ, ਜਿਨ੍ਹਾਂ ਨੂੰ ਸਮੂਹ ਪ੍ਰੈੱਸ ਕਲੱਬ ਦੇ ਅਹੁਦੇਦਾਰਾਂ ਤੇ ਇਕੱਤਰ ਹੋਈਆਂ ਔਰਤਾਂ ਵੱਲੋਂ ਬੁੱਕੇ ਦੇ ਕੇ ਜੀ ਆਇਆਂ ਕਿਹਾ ਗਿਆ। ਇਸ ਮੌਕੇ ਸ਼ਾਮਲ ਹੋਈਆਂ ਮੁੱਖ ਮਹਿਮਾਨ ਸਮੇਤ ਸ਼ਹਿਰ ਦੀਆਂ ਔਰਤਾਂ ਵੱਲੋਂ ਪ੍ਰੋਗਰਾਮ ਦਾ ਪੂਰਾ ਆਨੰਦ ਮਾਣਿਆ ਗਿਆ। ਇਸ ਮੌਕੇ ਕਲੱਬ ਦੇ ਅਹੁਦੇਦਾਰਾਂ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਗੱਲਬਾਤ ਕਰਦੇ ਹੋਏ ਨਾਇਬ-ਤਹਿਸੀਲਦਾਰ ਸਮੇਤ ਸਮੂਹ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਵਾਲੇ ਮਹਿਮਾਨਾਂ ਨੇ ਜਿੱਥੇ ਪ੍ਰੈੱਸ ਕਲੱਬ ਦੀ ਸ਼ਲਾਘਾ ਕੀਤੀ ਗਈ, ਉੱਥੇ ਹੀ ਉਨ੍ਹਾਂ ਵੱਲੋਂ ਅੱਗੇ ਤੋਂ ਅਜਿਹੇ ਹੋਰ ਸਮਾਗਮ ਕਰਵਾਉਣ ਦੀ ਹੱਲਾਸ਼ੇਰੀ ਵੀ ਦਿੱਤੀ ਗਈ। ਇਸ ਮੌਕੇ ਨਵਜੋਤ ਬਜਾਜ, ਕੇਸ਼ਵ ਕੁਮਾਰ ਗੋਇਲ, ਰਾਜੀਵ ਗੋਇਲ, ਸੁਖਮੰਦਰ ਸਿੰਘ, ਅਵਤਾਰ ਸਿੰਘ ਮੱਲਾ, ਗੋਵਿੰਦਰ ਸਿੰਘ ਬਰਾੜ, ਜਸਅਮਨਦੀਪ ਸਿੰਘ ਬਰਾੜ, ਗੁਰਬਿੰਦਰ ਧਨੋਆ, ਜਸਵੀਰ ਸਿੰਘ, ਤੇਜਿੰਦਰ ਸਿੰਘ ਸੋਢੀ, ਅਭੀ ਗੋਇਲ ਸਮੇਤ ਮੁੱਖ ਮਹਿਮਾਨ ਤੇ ਸ਼ਹਿਰ ਦੀਆਂ ਔਰਤਾਂ ਸ਼ਾਮਲ ਸਨ।

## ਲੋੜਵੰਦ ਵਿਅਕਤੀ ਨੂੰ ਟਰਾਈਸਾਈਕਲ ਦੇਣਾ ਸ਼ਲਾਘਾਯੋਗ : ਡੀ ਐੱਸ ਪੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ/ਅਵਤਾਰ ਜਟਾਣਾ)**-ਸਮਾਜ ਸੇਵੀ ਸੰਸਥਾ ਜਨ ਹਿੱਤ ਸੰਮਤੀ ਵੱਲੋਂ ਪ੍ਰਧਾਨ ਐੱਸ ਕੇ ਗੌਤਮ ਤੇ ਜਰਨਲ ਸਕੱਤਰ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਪ੍ਰਭਾਤ ਪ੍ਰਵਾਨਾ ਹਾਲ ਵਿਖੇ ਤੁਰਨ ਫਿਰਨ ਤੋਂ ਅਸੱਮਰਥ ਲੋੜਵੰਦ ਮਰੀਜ਼ ਨੂੰ ਟਰਾਈਸਾਈਕਲ ਦੇਣ ਲਈ ਪ੍ਰੋਗਰਾਮ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਡੀ ਐੱਸ ਪੀ ਟ੍ਰੈਫਿਕ ਕਰਨੈਲ ਸਿੰਘ ਨੇ ਸ਼ਿਰਕਤ ਕੀਤੀ। ਵਿਸ਼ੇਸ਼ ਤੌਰ 'ਤੇ ਦੀਪਕ ਬਾਂਸਲ ਡਕਾਲਾ, ਅਨਿਲ ਭਾਰਤੀ, ਪ੍ਰੈੱਸ ਸਕੱਤਰ ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਜਗਤਾਰ ਜੱਗੀ ਜੁਆਇੰਟ ਸਕੱਤਰ, ਸਤੀਸ਼ ਜੋਸ਼ੀ, ਵਿਮਲ ਰਹਿਨ, ਵਿਨੇ ਸ਼ਰਮਾ, ਐੱਸ ਪੀ ਪਰਾਸ਼ਰ, ਰੁਦਰਪ੍ਰਤਾਪ ਸਿੰਘ, ਜਪਨੀਤ ਸਿੰਘ, ਐੱਸ ਪੀ ਪਰਾਸ਼ਰ, ਲੱਕੀ ਹਰਦਾਸਪੁਰ, ਸੁਰੇਸ਼ ਗੋਇਲ, ਸੁਰੇਸ਼ ਬਾਂਸਲ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਡੀ ਐੱਸ ਪੀ ਟ੍ਰੈਫਿਕ ਕਰਨੈਲ ਸਿੰਘ ਨੇ ਕਿਹਾ ਕਿ ਜਨ ਹਿੱਤ ਸੰਮਤੀ ਵੱਲੋਂ ਲੋੜਵੰਦ ਮਰੀਜ਼ ਨੂੰ ਟਰਾਈਸਾਈਕਲ ਦੇਣਾ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਜਨ ਹਿੱਤ ਸੰਮਤੀ ਵਰਗੀ ਸਮਾਜ ਸੇਵੀ ਸੰਸਥਾ ਤੋਂ ਸੇਧ ਲੈ ਕੇ ਹੋਰਨਾਂ ਸੰਸਥਾਵਾਂ ਨੂੰ ਵੀ ਲੋੜਵੰਦਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਸੰਮਤੀ ਦੇ ਪ੍ਰਧਾਨ ਐੱਸ ਕੇ ਗੌਤਮ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਹਮੇਸ਼ਾ ਲੋਕ ਭਲਾਈ ਦੇ ਕੰਮਾਂ ਲਈ ਹਰ ਸੰਭਵ ਮਦਦ ਕਰਦੀ ਰਹੇਗੀ।

## ਸੱਪ ਦੇ ਡੰਗਣ ਦੇ ਮੱਦੇਨਜ਼ਰ ਸੁਰੱਖਿਆ ਸੰਬੰਧੀ ਐਡਵਾਈਜ਼ਰੀ ਜਾਰੀ

**ਨਵਾਂਸ਼ਹਿਰ (ਮਨੋਜ ਲਾਡੀ)** ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਬਰਸਾਤ ਦੇ ਮੌਸਮ ਦੌਰਾਨ ਸੱਪਾਂ ਦੇ ਡੰਗਣ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਸੁਰੱਖਿਆ ਸੰਬੰਧੀ ਐਡਵਾਈਜ਼ਰੀ ਜਾਰੀ ਕੀਤੀ।ਡਾ. ਕੌਰ ਨੇ ਕਿਹਾ ਕਿ ਬਰਸਾਤ ਦੇ ਮੌਸਮ ਵਿਚ ਸੱਪ ਦੇ ਡੰਗਣ ਦੀ ਸੂਰਤ ਵਿਚ ਇਲਾਜ ਲਈ ਪਹਿਲਾ ਇਕ ਘੰਟਾ ਬਹੁਤ ਜ਼ਰੂਰੀ ਹੈ।ਜੇਕਰ ਇਸ ਸਮੇਂ ਦੌਰਾਨ ਇਲਾਜ ਨਾ ਕਰਵਾਇਆ ਗਿਆ ਤਾਂ ਪੀੜਤ ਦੀ ਜਾਨ ਨੂੰ ਖਤਰਾ ਹੋ ਸਕਦਾ ਹੈ।ਸੱਪ ਦੇ ਡੰਗਣ ਦੀ ਸੂਰਤ ਵਿਚ ਪੀੜਤ ਦਾ ਤੁਰੰਤ ਇਲਾਜ ਉਸ ਦੀ ਜਾਨ ਬਚਾ ਸਕਦਾ ਹੈ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਸੱਪ ਦੇ ਡੰਗਣ ਦੀਆਂ ਘਟਨਾਵਾਂ ਨਾਲ ਨਜਿੱਠਣ ਲਈ ਐਮਰਜੈਂਸੀ ਮੈਡੀਕਲ ਸਿਵਲ ਸਰਜਨ ਸੇਵਾਵਾਂ ਉਪਲਬੱਧ ਕਰਵਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਸਿਵਲ ਹਸਪਤਾਲ ਨਵਾਂਸ਼ਹਿਰ, ਸਬ-ਡਵੀਜ਼ਨਲ ਹਸਪਤਾਲ ਬਲਾਚੌਰ ਅਤੇ ਸੀ.ਐਚ ਸੀ. ਪੱਧਰ ਦੇ ਹਸਪਤਾਲਾਂ ਵਿਚ ਐਂਟੀ ਵੇਨੋਮ ਇੰਜੈਕਸ਼ਨ ਉਪਲਬਧ ਹਨ।ਡਾ. ਕੌਰ ਨੇ ਦੱਸਿਆ ਕਿ ਸੱਪ ਦੇ ਡੰਗਣ ਦੀ ਸੂਰਤ 'ਚ ਦਰਦ, ਛਾਲੇ, ਪ੍ਰਭਾਵਿਤ ਥਾਂ ਤੋਂ ਖ਼ੂਨ ਆਉਣਾ, ਪਲਕਾਂ ਦਾ ਲਟਕ ਜਾਣਾ, ਸਾਹ ਲੈਣ 'ਚ ਮੁਸ਼ਕਲ, ਨਿਗਲਣ ਅਤੇ ਬੋਲਣ ਵਿਚ ਮੁਸ਼ਕਿਲ, ਗਰਦਨ ਦੀਆਂ ਮਾਸਪੇਸ਼ੀਆਂ ਵਿਚ ਕਮਜ਼ੋਰੀ, ਸਿਰ ਚੁੱਕਣ ਵਿਚ ਮੁਸ਼ਕਲ ਅਤੇ ਕੰਨਾਂ, ਨੱਕ, ਗਲੇ ਜਾਂ ਮਸੂੜਿਆਂ ਆਦਿ ਵਿਚ ਖ਼ੂਨ ਵਗਣਾ ਆਦਿ ਲੱਛਣ ਹੋ ਸਕਦੇ ਹਨ।


**ਉੱਤਰ ਰੇਲਵੇ**

**ਪਹਿਲਾ ਸ਼ੁਧੀਪੱਤਰ ਨਿਵਿਦਾ ਨੰਬਰ 251-ਬਿਜਲੀ-ਟੈਂਡਰ ਨੰ. 27-ਬਿਜਲੀ/2024-25, ਨੋਟਿਸ ਨੰ. 20-Elect/2024-25 ਮਿਤੀ 16.07.2024**

ਸੀਨੀਅਰ ਮੰਡਲ ਬਿਜਲੀ ਇੰਜੀਨੀਅਰ (ਜੀ), ਉੱਤਰ ਰੇਲਵੇ, ਫਿਰੋਜ਼ਪੁਰ ਨੇ ਉਪਰੋਕਤ ਨਿਵਿਦਾ ਸੂਚਨਾ ਮੰਗ ਕੀਤੀ ਸੀ। 17.06.2024 ਨੂੰ ਪ੍ਰਮੁੱਖ ਸਮਾਚਾਰ ਪੱਤਰਾਂ ਵਿਚ ਪ੍ਰਕਾਸ਼ਿਤ ਨਿਵਿਦਾ ਸੂਚਨਾ 07.08.2024 ਨੂੰ ਖੋਹਲੀ ਜਾਣੀ ਸੀ। ਪ੍ਰਸ਼ਾਸਨਿਕ ਕਾਰਨਾਂ ਨਾਲ ਨਿਵਿਦਾ ਖੋਹਲਣ ਦੀ ਮਿਤੀ ਵਿਚ ਹੁਣ ਬਦਲਾਅ ਕੀਤਾ ਗਿਆ ਹੈ। ਨਿਵਿਦਾ ਖੋਹਲਣ ਦੀ ਨਵੀਂ ਮਿਤੀ 12.08.2024 ਹੋਵੇਗੀ। ਹੋਰ ਨਿਯਮ ਤੇ ਸ਼ਰਤਾਂ ਅਬਦਲ ਰਹਿਣਗੇ।

**ਨੰ. - 251-ਬਿਜਲੀ/ਟੈਂਡਰ ਨੋਟਿਸ ਨੰ. 02-ਬਿਜਲੀ/2024-25 ਮਿਤੀ 02.08.2024** 2391/24

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਇੰਡਿਅਨ ਬੈਂਕ Indian Bank ALLAHABAD
**Zonal Office, Jalandhar -** SCO - 44-C, 2nd Floor, Urban Estate, Phase-II, Jalandhar
E-mail: z187@indianbank.co.in, M - 73470-35193

**ਜਨਤਕ ਨੋਟਿਸ**

ਨੋਟਿਸ ਦਿੱਤਾ ਜਾਂਦਾ ਹੈ ਕਿ ਸ੍ਰੀ ਗੌਰਵ ਕੁਮਾਰ ਪੁੱਤਰ ਸ੍ਰੀ ਸੰਜੀਵ ਕੁਮਾਰ (ਕਰਜ਼ਦਾਰ) ਅਤੇ ਸ੍ਰੀਮਤੀ ਰੇਨੂ ਬਾਲਾ ਪਤਨੀ ਸ੍ਰੀ ਸੰਜੀਵ ਕੁਮਾਰ (ਕਰਜ਼ਦਾਰ) ਅਤੇ ਰਹਿਣਕਾਰ) ਦੋਵੇਂ ਵਾਸੀ (1) ਮਕਾਨ ਨੰ. ਈ ਜੇ-24 ਕੋਟ ਪਕਸ਼ੀਆਂ ਤਹਿਸੀਲ ਜਲੰਧਰ-1, ਜ਼ਿਲ੍ਹਾ ਜਲੰਧਰ ਪਿੰਨ ਕੋਡ 144001 (2) ਮਕਾਨ ਨੰ. 89, ਪੰਚਸ਼ੀਲ ਐਵੇਨਿਊ, ਦੀਪ ਨਗਰ, ਪਿੰਡ ਸੋਫੀ ਪਿੰਡ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਪਿੰਨ ਕੋਡ-144001 ਰਾਹੀਂ ਸਾਡੀ ਬਰਾਂਚ ਜਲੰਧਰ ਮੇਨ ਜੀ ਟੀ ਰੋਡ ਰਾਹੀਂ ਇਹ ਕਿ ਜਾਇਦਾਦ ਰਹਿਣ ਐੱਸਟ ਰਿਹਾਇਸ਼ੀ ਜਾਇਦਾਦ/ਮਕਾਨ ਨੰ. 89 ਜ਼ਮੀਨ ਰਕਬਾ 1425 ਵਰਗ ਫੁੱਟ (25'×57' ਜਾਂ 5 ਮਰਲੇ 65 ਵਰਗ ਫੁੱਟ, 1 ਮਰਲਾ =272 ਵਰਗ ਫੁੱਟ) ਪੰਚਸ਼ੀਲ ਐਵੇਨਿਊ ਦੀਪ ਨਗਰ, ਪਿੰਡ ਸੋਫੀ ਪਿੰਡ, ਤਹਿਸੀਲ ਜਲੰਧਰ, ਜ਼ਿਲ੍ਹਾ ਜਲੰਧਰ, ਪੰਜਾਬ, ਹਦਬਸਤ ਨੰ. 231, ਖੇਤਾ ਨੰ. 49/72, 129/181, 130/182, 240/322, ਖਸਰਾ ਨੰ. 2//7/2, 9/2, 10, 11/2/1, 11/3/1, 11/6/1, 11/7/1, 12/1, 13/1, 26, 3//6/1, 15/4/1, ਜਮ੍ਹਾਂਬੰਦੀ ਸਾਲ 2018-2019, ਹੱਦਾਂ : ਪੂਰਬ : ਹੋਰ/ਸਰਵਣ ਸਿੰਘ, ਪੱਛਮ : ਰਸਤਾ/ਸੜਕ, ਉੱਤਰ : ਹੋਰਨਾਂ ਦਾ ਮਕਾਨ, ਦੱਖਣ : ਮਕਾਨ ਨੰ. 88, ਬੈਨਾਮਾ ਵਸੀਕਾ ਨੰ. 2022-23/186/1/5216, ਮਿਤੀ 26/08/2022 ਸਬ-ਰਜਿਸਟਰਾਰ ਜਲੰਧਰ ਵਿਖੇ ਰਜਿਸਟਰਡ ਦਾ 18/04/2024 ਨੂੰ ਕਬਜ਼ਾ ਲਿਆ ਸੀ। ਕਬਜ਼ਾ ਲੈਣ ਸਮੇਂ ਭੰਡਾਰ ਅਤੇ ਪੰਚਨਾਮਾ ਵੀ ਤਿਆਰ ਕੀਤਾ ਗਿਆ ਸੀ। ਇਸ ਤੋਂ ਬਾਅਦ ਗੌਰਵ ਕੁਮਾਰ ਪੁੱਤਰ ਸ੍ਰੀ ਸੰਜੀਵ ਕੁਮਾਰ (ਕਰਜ਼ਦਾਰ) ਅਤੇ ਸ੍ਰੀਮਤੀ ਰੇਨੂ ਬਾਲਾ ਪਤਨੀ ਸ੍ਰੀ ਸੰਜੀਵ ਕੁਮਾਰ ਨੂੰ ਵਿਹੜੇ 'ਚ ਪਈਆਂ ਇਨਵੈਂਟਰੀ ਆਈਟਮਾਂ ਦੇ ਕਬਜ਼ੇ ਸੰਬੰਧੀ ਸਾਡੇ ਨੋਟਿਸ ਮਿਤੀ 02/08/2024 ਰਾਹੀਂ ਜਾਣਕਾਰੀ ਦਿੱਤੀ ਗਈ ਸੀ। ਅਸੀਂ ਜਾਇਦਾਦ ਦੀ ਵਿਸ਼ੇਸ਼ ਜਗ੍ਹਾ 'ਤੇ ਪਈਆਂ ਇਨਵੈਂਟਰੀ ਆਈਟਮਾਂ ਦੇ ਵੇਰਵੇ ਸਮੇਤ ਉਕਤ ਨੋਟਿਸ ਵੀ ਚਿਪਕਾਇਆ ਸੀ। ਬੇਸ਼ੱਕ ਕਰਜ਼ਦਾਰ ਨੇ ਨਾ ਤਾਂ ਨੋਟਿਸ ਦਾ ਜਵਾਬ ਹੀ ਦਿੱਤਾ ਅਤੇ ਨਾ ਹੀ ਵਿਹੜੇ 'ਚੋਂ ਵਸਤੂਆਂ ਹੀ ਹਟਾਈਆਂ।

ਹੁਣ ਇੰਡੀਅਨ ਬੈਂਕ ਇਸ ਨੋਟਿਸ ਰਾਹੀਂ ਸ੍ਰੀ ਗੌਰਵ ਕੁਮਾਰ ਪੁੱਤਰ ਸ੍ਰੀ ਸੰਜੀਵ ਕੁਮਾਰ (ਕਰਜ਼ਦਾਰ) ਅਤੇ ਸ੍ਰੀਮਤੀ ਰੇਨੂ ਬਾਲਾ ਪਤਨੀ ਸ੍ਰੀ ਸੰਜੀਵ ਕੁਮਾਰ ਨੂੰ ਭੌਤਿਕ ਕਬਜ਼ਾ ਲਏ ਜਾਣ ਸਮੇਂ ਤਿਆਰ ਕੀਤੀ ਗਈ ਇਨਵੈਂਟਰੀ ਅਤੇ ਪੰਚਨਾਮਾ ਅਨੁਸਾਰ ਵਸਤੂਆਂ/ਆਇਟਮਾਂ ਇਸ ਨੋਟਿਸ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਤਬਦੀਲ ਕਰਨ ਲਈ ਜਾਣਕਾਰੀ ਦਿੱਤੀ ਜਾ ਰਹੀ ਹੈ, ਨਹੀਂ ਤਾਂ ਬੈਂਕ ਬਿਨਾਂ ਕੋਈ ਅਗਾਊਂ ਨੋਟਿਸ ਇਨ੍ਹਾਂ ਨੂੰ ਕਬਾੜ 'ਚ ਵੇਚ ਦੇਵੇਗਾ ਅਤੇ ਇਨਵੈਂਟਰੀ ਆਇਟਮਾਂ ਦੀ ਆਮਦਨ ਨੂੰ ਸ੍ਰੀ ਗੌਰਵ ਕੁਮਾਰ ਪੁੱਤਰ ਸ੍ਰੀ ਸੰਜੀਵ ਕੁਮਾਰ (ਕਰਜ਼ਦਾਰ) ਅਤੇ ਸ੍ਰੀਮਤੀ ਰੇਨੂ ਬਾਲਾ ਪਤਨੀ ਸ੍ਰੀ ਸੰਜੀਵ ਕੁਮਾਰ ਦੀ ਦੇਣਦਾਰੀ 'ਚ ਵਿਸਥਾਪਤ ਕਰ ਦੇਵੇਗਾ। ਅਧਿਕਾਰਤ ਅਫਸਰ



AXIS BANK **Axis Bank Ltd. : Retail Asset Center** : 2nd and 3rd Floor, Property No. # 7-E, Municipal 3903/1142/16,Malhar Road, Saraabha Nagar, Ludhiana -141001
**Registered Office**: 'Trishul', 3rd Floor, Opposite Samartheswar Temple, Law Garden, Ellisbridge, Ahmedabad-380006.

**ਅੰਤਿਕਾ IV-[ਹਵਾਲਾ ਰੂਲ-8(1)] ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(12) ਤਹਿਤ (1) ਮੈਸ. ਮੋਹਨ ਐਂਡ ਕੰਪਨੀ ਰਾਹੀਂ ਇਸ ਦੇ ਪ੍ਰੋਪ. ਵੀਨੀਤ ਵਰਮਾ, ਕਰਜ਼ਾ ਖਾਤਾ ਨੰ. 921060050679058 ਵਿਰੁੱਧ ਨੋਟਿਸ 'ਚ 29.11.2023 'ਤੇ ਦਰਸਾਈ ਰਕਮ ਰੁਪਏ 73,82,474/-(ਤਿਹੱਤਰ ਲੱਖ ਬਿਆਸੀ ਹਜ਼ਾਰ ਚਾਰ ਸੌ ਚੁਹੱਤਰ ਰੁਪਏ ਕੇਵਲ) ਸਮੇਤ ਇਸ ਉਪਰ ਵਿਆਜ ਅਤੇ ਲਾਗਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਮਿਤੀ 26 ਦਸੰਬਰ, 2023 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਉਪਰੋਕਤ ਦਰਸਾਏ ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਰਕਮ ਵਾਪਸ ਮੋੜਨ 'ਚ ਨਾਕਾਮ ਰਹੇ ਹਨ, ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 5 ਅਗਸਤ 2024 ਨੂੰ ਕਬਜ਼ਾ ਹਾਸਲ ਕਰ ਲਿਆ ਹੈ। ਉਪਰੋਕਤ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਜਾਇਦਾਦਾਂ ਸੰਬੰਧੀ ਸੌਦੇਬਾਜ਼ੀ ਤੋਂ ਖ਼ਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦਾਂ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਐਕਸਿਸ ਬੈਂਕ ਲਿਮਟਿਡ ਦੀ 29.11.2023 ਨੂੰ ਬਕਾਇਆ ਰਕਮ ਰੁਪਏ 73,82,474/-(ਤਿਹੱਤਰ ਲੱਖ ਬਿਆਸੀ ਹਜ਼ਾਰ ਚਾਰ ਸੌ ਚੁਹੱਤਰ ਰੁਪਏ ਕੇਵਲ) ਸਮੇਤ ਅਦਾਇਗੀ ਦੀ ਮਿਤੀ ਤੱਕ ਇਸ ਉੱਪਰ ਇਕਰਾਰਨਾਮੇ ਦੀ ਦਰ 'ਤੇ ਵਿਆਜ ਅਤੇ ਖਰਚਿਆਂ ਸਮੇਤ ਵਸੂਲ ਕੀਤੀ ਜਾਵੇਗੀ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

ਜਾਇਦਾਦ ਨੰ. 1 : ਤਬਾਦਲਾ ਬੈਨਾਮਾ ਨੰ. 2634 ਮਿਤੀ 14.10.2013 ਅਨੁਸਾਰ ਰਿਹਾਇਸ਼ੀ ਜਾਇਦਾਦ ਰਕਬਾ 77.77, ਮਕਾਨ ਨੰ. 2204/ਬੀ, ਲੱਕੜ ਮੰਡੀ, ਵਾਰਡ ਨੰ. 19, ਰਾਜਪੁਰਾ, ਪਟਿਆਲਾ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ :- ਪੂਰਬ : 70' ਮਕਾਨ ਨੰ. 2203, ਪੱਛਮ : 70' ਮਕਾਨ ਨੰ. 2204, ਉੱਤਰ : 20' ਸੜਕ, ਦੱਖਣ : 20' ਸੜਕ।
ਜਾਇਦਾਦ ਨੰ. 2 : ਤਬਾਦਲਾ ਬੈਨਾਮਾ ਨੰ. 2635 ਮਿਤੀ 14.10.2013 ਅਨੁਸਾਰ ਰਿਹਾਇਸ਼ੀ ਜਾਇਦਾਦ ਰਕਬਾ 77.77, ਮਕਾਨ ਨੰ. 2204/ਬੀ, ਲੱਕੜ ਮੰਡੀ, ਵਾਰਡ ਨੰ. 19, ਰਾਜਪੁਰਾ, ਪਟਿਆਲਾ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ :- ਪੂਰਬ : 70' ਮਕਾਨ ਨੰ. 2203, ਪੱਛਮ : 70' ਮਕਾਨ ਨੰ. 2204, ਉੱਤਰ : 20' ਸੜਕ, ਦੱਖਣ : 20' ਸੜਕ।

ਮਿਤੀ : 05.08.2024, ਸਥਾਨ : ਰਾਜਪੁਰਾ, ਪੰਜਾਬ — ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ


# ਖੇਤੀਬਾੜੀ ਕੋਰਸ ਨੂੰ ਮੁੜ ਤੋਂ ਸਰਕਾਰੀ ਕਰਾਉਣ ਲਈ ਪੀ ਐੱਸ ਯੂ ਵੱਲੋਂ ਪੱਕਾ ਧਰਨਾ ਸ਼ੁਰੂ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਸਰਕਾਰੀ ਬ੍ਰਿਜਿੰਦਰਾ ਕਾਲਜ ਵਿੱਚ ਬੀਐੱਸਸੀ ਐਗਰੀਕਲਚਰ ਨੂੰ ਮੁੜ ਤੋਂ ਸਰਕਾਰੀ ਕਰਾਉਣ ਤੇ ਕੋਰਸ ਦੀ ਮਾਨਤਾ ਬਹਾਲ ਕਰਾਉਣ ਲਈ ਪੱਕੇ ਧਰਨੇ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ।ਧਰਨੇ ਨੂੰ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਆਗੂ ਹਰਵੀਰ ਕੌਰ ਤੇ ਜਸਨੀਤ ਸਿੰਘ ਨੇ ਕਿਹਾ ਕਿ ਸਰਕਾਰੀ ਬ੍ਰਿਜਿੰਦਰਾ ਕਾਲਜ ਇੱਕੋ ਇੱਕ ਸਰਕਾਰੀ ਕਾਲਜ ਸੀ, ਜਿਸ ਵਿੱਚ ਖੇਤੀਬਾੜੀ ਦਾ ਕੋਰਸ ਸਰਕਾਰੀ ਚੱਲ ਰਿਹਾ ਸੀ, ਪਿਛਲੀ ਸਰਕਾਰ ਦੀ ਤਰ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਕੋਰਸ ਨੂੰ ਬੰਦ ਕਰਨ ਦਾ ਫ਼ਰਮਾਨ ਜਾਰੀ ਕਰ ਦਿੱਤਾ ਹੈ।ਕੋਰਸ ਦੀ ਮਾਨਤਾ ਰੱਦ ਕਰਕੇ ਸੈਲਫ਼ ਫਾਇਨਾਂਸ ਕੋਰਸ ਚਲਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ।ਚੰਗੀ ਸਿੱਖਿਆ ਦਾ ਨਾਅਰਾ ਲਗਾਉਣ ਵਾਲੀ ਆਮ ਆਦਮੀ ਪਾਰਟੀ ਲੋਕਾਂ ਕੋਲੋਂ ਬਚੀ ਹੋਈ ਸਿੱਖਿਆ ਵੀ ਖੋਹ ਰਹੀ ਹੈ। ਪੰਜਾਬ ਸਰਕਾਰ ਆਪਣੀ ਸਿੱਖਿਆ ਨੀਤੀ ਬਣਾਉਣ ਦੀ ਬਜਾਏ ਕੇਂਦਰ ਦੀ ਨਵੀਂ ਸਿੱਖਿਆ ਨੀਤੀ ਨੂੰ ਲਾਗੂ ਕਰ ਰਹੀ।ਕੇਂਦਰ ਦੀ ਨੀਤੀ ਸਰਕਾਰੀ ਸੰਸਥਾਵਾਂ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀ ਹੈ।ਪੰਜਾਬ ਸਰਕਾਰ ਕੇਂਦਰ ਦੀ ਗੈਰ-ਵਿਗਿਆਨਕ ਤੇ ਲੋਕ ਵਿਰੋਧੀ ਸਿੱਖਿਆ ਨੀਤੀ ਰੱਦ ਕਰੇ।ਸਰਕਾਰੀ ਕਾਲਜਾਂ ਵਿੱਚ ਪ੍ਰਾਈਵੇਟ ਕੋਰਸ ਚਲਾਉਣ ਦੀ ਬਜਾਏ ਸਰਕਾਰੀ ਕੋਰਸ ਚਲਾਏ ਜਾਣ।ਸਿੱਖਿਆ ਨੂੰ ਪ੍ਰਾਈਵੇਟ ਕਰਨ ਨਾਲ਼ ਆਮ ਘਰਾਂ ਦੇ ਬੱਚੇ ਪੜ੍ਹਾਈ ਤੋਂ ਹੋਰ ਦੂਰ ਹੋਣਗੇ।ਪੀ ਐੱਸ ਯੂ ਦੇ ਆਗੂ ਸੁਖਬੀਰ ਸਿੰਘ ਤੇ ਲਵਪ੍ਰੀਤ ਸਿੰਘ ਨੇ ਕਿਹਾ ਕਿ ਬੀਐੱਸਸੀ ਖੇਤੀਬਾੜੀ ਦੀ ਪੜ੍ਹਾਈ ਪੰਜਾਬ ਦੇ ਖ਼ੇਤੀ ਸੰਕਟ ਨੂੰ ਹੱਲ ਕਰਨ ਲਈ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜਿੰਨਾ ਸਮਾਂ ਪੰਜਾਬ ਸਰਕਾਰ ਬੀਐੱਸਸੀ ਐਗਰੀਕਲਚਰ ਨੂੰ ਸੈਲਫ ਫਾਈਨੈਂਸ ਕਰਨ ਦਾ ਹੁਕਮ ਵਾਪਸ ਨਹੀਂ ਲੈਂਦੀ ਤੇ ਮੁੜ ਤੋਂ ਕੋਰਸ ਨੂੰ ਸਰਕਾਰੀ ਨਹੀਂ ਕਰਦੀ, ਉਨਾ ਸਮਾਂ ਪੱਕਾ ਧਰਨਾ ਜਾਰੀ ਰਹੇਗਾ।ਇਸ ਮੌਕੇ ਗੁਰਵੀਰ ਸਿੰਘ, ਅੰਮ੍ਰਿਤਪਾਲ ਸਿੰਘ, ਰਮਨਦੀਪ ਕੌਰ, ਅਰਸ਼ਦੀਪ ਸਿੰਘ, ਸੰਦੀਪ ਕੌਰ ਹਾਜ਼ਰ ਸਨ।

# ਸਿੱਖਿਆ ਵਿਭਾਗ 'ਚ ਭਰਤੀ ਲਈ ਜਾਲ੍ਹੀ ਸਰਟੀਫਿਕੇਟ ਵਰਤਣ ਦੇ ਦੋਸ਼ 'ਚ 8 ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਸਿੱਖਿਆ ਵਿਭਾਗ ਵਿੱਚ ਨੌਕਰੀ ਹਾਸਲ ਕਰਨ ਲਈ ਜਾਲ੍ਹੀ ਸਰਟੀਫਿਕੇਟ ਜਮ੍ਹਾਂ ਕਰਵਾਉਣ ਦੇ ਇੱਕ ਕਥਿਤ ਮਾਮਲੇ 'ਚ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਜ਼ਿਲ੍ਹੇ ਦੇ 8 ਵਿਅਕਤੀਆਂ ਵਿਰੁੱਧ ਆਈਪੀਸੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਸਾਲ 2007 ਦੌਰਾਨ ਪੰਜਾਬ ਦੇ 20 ਜ਼ਿਲਿਆਂ ਵਿੱਚ 9998 ਟੀਚਿੰਗ ਫੈਲੋਜ਼ ਦੀਆਂ ਅਸਾਮੀਆਂ ਭਰਨ ਦੀ ਕਾਰਵਾਈ ਆਰੰਭੀ ਗਈ ਸੀ ਤੇ ਇਹ ਭਰਤੀ ਜ਼ਿਲ੍ਹਾ ਪੱਧਰ 'ਤੇ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਦੀ ਚੇਅਰਮੈਨਸ਼ਿੱਪ ਵਿੱਚ ਕੀਤੀ ਗਈ ਸੀ, ਜਿਸ ਵਿੱਚ ਕਥਿਤ ਤੌਰ 'ਤੇ ਕਈ ਉਮੀਦਵਾਰਾਂ 'ਤੇ ਜਾਲ੍ਹੀ ਤਜਰਬਾ ਸਰਟੀਫਿਕੇਟ ਤੇ ਜਾਲ੍ਹੀ ਰੂਰਲ ਏਰੀਆ ਸਰਟੀਫਿਕੇਟ ਵਰਤਣ ਦੇ ਦੋਸ਼ ਲੱਗੇ ਸਨ, ਜਿਸ ਤੋਂ ਬਾਅਦ ਸਿੱਖਿਆ ਵਿਭਾਗ ਵੱਲੋਂ ਕਥਿਤ ਜਾਲ੍ਹੀ ਸਰਟੀਫਿਕੇਟਾਂ ਵਾਲੇ ਉਮੀਦਵਾਰਾਂ ਨੂੰ ਨੌਕਰੀ ਤੋਂ ਕੱਢਣ ਦੇ ਆਦੇਸ਼ ਦਿੱਤੇ ਗਏ ਸਨ।ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਦਾਖਲ ਕੀਤੀਆਂ ਗਈਆਂ ਰਿੱਟਾਂ ਵਿੱਚ ਵਿਭਾਗ ਦੀ ਇਸ ਕਾਰਵਾਈ ਨੂੰ ਚੈਲੇਂਜ ਕੀਤਾ ਗਿਆ ਤੇ ਇਸ ਮਾਮਲੇ 'ਚ ਅਦਾਲਤ ਦੇ ਆਦੇਸ਼ਾਂ 'ਤੇ ਸਰਕਾਰ ਵੱਲੋਂ ਇੱਕ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਅੱਗੇ ਪੇਸ਼ ਹੋਏ 563 ਉਮੀਦਵਾਰਾਂ 'ਚੋਂ 457 ਉਮੀਦਵਾਰਾਂ ਦੇ ਸਰਟੀਫਿਕੇਟ ਜਾਲ੍ਹੀ ਪਾਏ ਗਏ।ਕਮੇਟੀ ਦੀ ਰਿਪੋਰਟ ਦੇ ਸਬੰਧ ਵਿੱਚ ਡੀ.ਆਈ.ਜੀ.(ਕ੍ਰਾਈਮ) ਪੰਜਾਬ,ਚੰਡੀਗੜ੍ਹ ਦੇ ਦਫਤਰ ਵੱਲੋਂ ਜ਼ਿਲ੍ਹਾ ਪੁਲਸ ਮੁਖੀਆਂ ਨੂੰ ਸਬੰਧਤ ਵਿਅਕਤੀਆਂ ਵਿਰੁੱਧ ਮੁਕੱਦਮੇ ਦਰਜ ਕਰਨ ਲਈ ਪੱਤਰ ਲਿਖਿਆ ਗਿਆ।ਕਾਨੂੰਨੀ ਰਾਏ ਲੈਣ ਉਪਰੰਤ ਸੀਨੀਅਰ ਪੁਲਸ ਕਪਤਾਨ ਵੱਲੋਂ ਮਾਮਲੇ 'ਚ ਮੁਕੱਦਮਾ ਦਰਜ ਕਰਨ ਦੇ ਦਿੱਤੇ ਗਏ ਆਦੇਸ਼ਾਂ 'ਤੇ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੇ ਗੁਰਸੇਵਕ ਸਿੰਘ ਸੰਯੁਕਤ ਡਾਇਰੈਕਟਰ ਵਿਜੀਲੈਂਸ ਬਿਊਰੋ ਦੀ ਸ਼ਿਕਾਇਤ 'ਤੇ ਨਰਿੰਦਰ ਕੌਰ ਵਾਸੀ ਪਿੰਡ ਲੂਲੋਂ, ਕੁਸਮ ਲਤਾ ਵਾਸੀ ਖਮਾਣੋਂ ਮੰਡੀ, ਜਤਿੰਦਰ ਕੌਰ ਵਾਸੀ ਸਰਹਿੰਦ ਸ਼ਹਿਰ, ਲਵਲੀਨ ਕੌਰ ਵਾਸੀ ਮੰਡੀ ਗੋਬਿੰਦਗੜ੍ਹ, ਦਪਿੰਦਰ ਕੌਰ ਵਾਸੀ ਸਰਹਿੰਦ, ਰਸ਼ਪਿੰਦਰ ਕੌਰ ਵਾਸੀ ਪਿੰਡ ਟੋਡਰਪੁਰ, ਭਾਗ ਸਿੰਘ ਵਾਸੀ ਪਿੰਡ ਪਹੇੜੀ ਤੇ ਮਨਦੀਪ ਸਿੰਘ ਵਾਸੀ ਬਸੀ ਪਠਾਣਾਂ ਵਿਰੁੱਧ ਆਈ.ਪੀ.ਸੀ. ਦੀਆਂ ਧਾਰਾਵਾਂ 420,465,467,468,471,120 ਬੀ ਤਹਿਤ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

## ...ਸਫ਼ਾ 1 ਦੇ ਬਾਕੀ

### ਹਸੀਨਾ ਬੰਗਲਾਦੇਸ਼...

ਕਤਲ ਸਮੇਂ ਹਸੀਨਾ ਨੇ ਆਪਣੀ ਮਾਂ ਤੇ ਤਿੰਨ ਭਰਾਵਾਂ ਨੂੰ ਗੁਆਇਆ ਸੀ। ਹਸੀਨਾ ਤੇ ਉਸ ਦੀ ਭੈਣ ਸ਼ੇਖ ਰੇਹਾਨਾ ਫੌਜੀ ਪਲਟੇ ਸਮੇਂ ਦੇਸ਼ ਵਿੱਚੋਂ ਬਾਹਰ ਸਨ। ਪਿਤਾ ਦੇ ਕਤਲ ਤੋਂ ਬਾਅਦ ਦੋਹਾਂ ਭੈਣਾਂ ਨੇ ਪੱਛਮੀ ਜਰਮਨੀ ਵਿਚ ਬੰਗਲਾਦੇਸ਼ ਦੇ ਰਾਜਦੂਤ ਦੇ ਘਰ ਪਨਾਹ ਲਈ ਸੀ। ਫਿਰ ਭਾਰਤ ਵਿਚ ਸਿਆਸੀ ਪਨਾਹ ਲਈ। ਹਸੀਨਾ 1981 ਵਿਚ ਬੰਗਲਾਦੇਸ਼ ਪਰਤੀ ਸੀ। 2004 ਵਿਚ ਇਕ ਰੈਲੀ ਦੌਰਾਨ ਗ੍ਰਨੇਡ ਹਮਲੇ ਵਿਚ ਉਹ ਬਚ ਗਈ, ਜਦਕਿ ਕਈ ਲੋਕ ਮਾਰੇ ਗਏ ਸਨ। ਕਾਫੀ ਚਿਰ ਸੱਤਾ ਵਿਚ ਰਹਿਣ ਦੇ ਬਾਵਜੂਦ ਉਸ ਦੇ ਵਿਰੋਧੀ ਕਹਿੰਦੇ ਰਹੇ ਕਿ ਉਹ ਤਾਨਾਸ਼ਾਹ ਬਣਦੀ ਜਾ ਰਹੀ ਹੈ ਤੇ ਜਮਹੂਰੀਅਤ ਲਈ ਖਤਰਾ ਹੈ। ਕਈ ਵਿਸ਼ਲੇਸ਼ਕ ਵਰਤਮਾਨ ਸੰਕਟ ਲਈ ਉਸ ਦੀ ਤਾਨਾਸ਼ਾਹੀ ਤੇ ਸੱਤਾ ਦੀ ਭੁੱਖ ਨੂੰ ਜ਼ਿੰਮੇਵਾਰ ਮੰਨਦੇ ਹਨ।ਬੰਗਲਾਦੇਸ਼ ਵਿਚ ਸੋਮਵਾਰ ਜੋ ਹੋਇਆ, 2021 ਵਿਚ ਅਫਗਾਨਿਸਤਾਨ ਤੇ 2022 ਵਿਚ ਸ੍ਰੀਲੰਕਾ 'ਚ ਵੀ ਉਸੇ ਤਰ੍ਹਾਂ ਹੋਇਆ ਸੀ, ਜਦੋਂ ਹਾਕਮ ਦੇਸ਼ ਵਿੱਚੋਂ ਭੱਜ ਗਏ ਸਨ। ਹਸੀਨਾ ਦਾ ਭੱਜਣਾ ਭਾਰਤ 'ਤੇ ਦੂਰਰਸ ਅਸਰ ਪਾਉਣ ਵਾਲਾ ਹੈ। ਉਹ ਭਾਰਤ ਦੀ ਦੋਸਤ ਰਹੀ ਅਤੇ ਭਾਰਤ ਨੇ ਬੰਗਲਾਦੇਸ਼ ਦੇ ਬਾਹਰੋਂ ਅਪਰੇਟ ਕਰਨ ਵਾਲੇ ਦਹਿਸ਼ਤਗਰਦਾਂ ਖਿਲਾਫ ਉਸ ਨਾਲ ਮਿਲ ਕੇ ਕੰਮ ਕੀਤਾ। ਪਿਛਲੇ ਦਿਨਾਂ 'ਚ ਬੰਗਲਾਦੇਸ਼ 'ਚ ਬੇਚੈਨੀ, ਚੋਣਾਂ ਵਿਚ ਰਿਗਿੰਗ ਤੇ ਉਸ ਵਿਰੁੱਧ ਹੋਰ ਦੋਸ਼ਾਂ ਦੇ ਦਰਮਿਆਨ ਭਾਰਤ ਇਹੀ ਕਹਿੰਦਾ ਰਿਹਾ ਕਿ ਇਹ ਬੰਗਲਾਦੇਸ਼ ਦਾ ਅੰਦਰੂਨੀ ਮਾਮਲਾ ਹੈ। ਇਹ ਇਕ ਤਰ੍ਹਾਂ ਨਾਲ ਉਸ ਦੀ ਹਮਾਇਤ ਕਰਨਾ ਸੀ। ਜਦੋਂ ਬੰਗਲਾਦੇਸ਼ ਨੈਸ਼ਨਲ ਪਾਰਟੀ-ਜਮਾਤ ਜਾਂ ਫੌਜ ਨੇ ਬੰਗਲਾਦੇਸ਼ ਵਿਚ ਰਾਜ ਕੀਤਾ, ਉਦੋਂ ਭਾਰਤ ਵਿਰੋਧੀ ਦਹਿਸ਼ਤਗਰਦ ਭਾਰਤ-ਬੰਗਲਾਦੇਸ਼ ਸਰਹੱਦ ਤੋਂ ਕਾਰਵਾਈਆਂ ਕਰਦੇ ਸਨ। ਇਹ ਸਥਿਤੀ ਹੁਣ ਫਿਰ ਪੈਦਾ ਹੋ ਸਕਦੀ ਹੈ ਅਤੇ ਭਾਰਤ ਲਈ ਇਹ ਸੰਕਟ ਪੈਦਾ ਕਰੇਗੀ। ਪਾਕਿਸਤਾਨ ਵੱਲੋਂ ਦਹਿਸ਼ਤਗਰਦਾਂ ਦੇ ਹਮਲੇ ਪਹਿਲਾਂ ਹੀ ਤੇਜ਼ ਹੋਏ ਪਏ ਨੇ। ਲੱਦਾਖ ਵਿਚ ਚੀਨ ਨਾਲ ਪੰਗਾ ਚੱਲ ਰਿਹਾ ਹੈ। ਮਿਆਂਮਾਰ ਦੀ ਸਰਹੱਦ 'ਤੇ ਹਾਲਤ ਵੀ ਕਾਫੀ ਵਿਸਫੋਟਕ ਹੈ।

### ਸੁਖਬੀਰ ਤੇ ਧਾਮੀ...

ਝੋਲੀ ਵਿੱਚ ਪਾਇਆ ਅਤੇ ਕਿਹਾ ਕਿ ਅਣਜਾਣੇ ਵਿੱਚ ਹੋਈਆਂ ਇਨ੍ਹਾਂ ਭੁੱਲਾਂ ਦੀ ਉਹ ਖਿਮਾ ਯਾਚਨਾ ਕਰਦੇ ਹਨ। ਇਸ ਸੰਬੰਧ ਵਿੱਚ ਸ੍ਰੀ ਅਕਾਲ ਤਖਤ ਵੱਲੋਂ ਜੋ ਵੀ ਫੈਸਲਾ ਕੀਤਾ ਜਾਵੇਗਾ, ਉਨ੍ਹਾ ਨੂੰ ਪ੍ਰਵਾਨ ਹੋਵੇਗਾ। ਐਡਵੋਕੇਟ ਧਾਮੀ ਨੇ ਸਪੱਸ਼ਟੀਕਰਨ 'ਚ ਕਿਹਾ ਕਿ 24 ਸਤੰਬਰ 2015 ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ 'ਚ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੇ ਮਾਮਲੇ 'ਚ ਗੁਰਮਤਾ ਕੀਤਾ ਗਿਆ ਸੀ, ਜਿਸ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤੱਤਕਾਲੀ ਪ੍ਰਧਾਨ ਅਵਤਾਰ ਸਿੰਘ ਦੇ ਹੁਕਮ 'ਤੇ ਹੀ ਮੁੱਖ ਸਕੱਤਰ ਹਰਚਰਨ ਸਿੰਘ ਵੱਲੋਂ ਇਸ਼ਤਿਹਾਰ ਜਾਰੀ ਕੀਤੇ ਗਏ ਸੀ। ਇਹ ਇਸ਼ਤਿਹਾਰ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ-ਮਰਿਆਦਾ ਅਤੇ ਆਦੇਸ਼ ਦੇ ਸਤਿਕਾਰ, ਬੇਅਦਬੀਆਂ ਸੰਬੰਧੀ ਪਸ਼ਚਾਤਾਪ ਵਜੋਂ ਗੁਰਦੁਆਰਾ ਕਮੇਟੀਆਂ ਤੇ ਸਭਾ ਸੁਸਾਇਟੀਆਂ ਨੂੰ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਦੀ ਅਪੀਲ, ਬੇਅਦਬੀ ਦੀਆਂ ਘਟਨਾਵਾਂ ਪ੍ਰਤੀ ਸੁਚੇਤ ਰਹਿਣ ਅਤੇ ਗੁਰੂ ਘਰਾਂ ਅੰਦਰ ਪਹਿਰੇਦਾਰੀ ਯਕੀਨੀ ਬਣਾਉਣ ਦੀ ਅਪੀਲ ਆਦਿ ਨਾਲ ਸਬੰਧੰਤ ਸਨ। ਬਾਗੀ ਧੜੇ ਵੱਲੋਂ 1 ਜੁਲਾਈ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਵਿਖੇ ਆ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਮਾਫੀਨਾਮਾ ਦਿੱਤਾ ਗਿਆ ਸੀ ਅਤੇ ਉਸ 'ਚ 2007 ਤੋਂ ਲੈ ਕੇ ਅਕਤੂਬਰ 2015 ਤੱਕ ਵਾਪਰੀਆਂ ਘਟਨਾਵਾਂ ਨੂੰ ਲੈ ਕੇ ਸੁਖਬੀਰ ਸਿੰਘ ਬਾਦਲ ਨੂੰ ਵੀ ਦੋਸ਼ੀ ਠਹਿਰਾਇਆ ਗਿਆ ਸੀ, ਜਿਸ ਨੂੰ ਲੈ ਕੇ ਪੰਜ ਸਿੰਘ ਸਾਹਿਬਾਨ ਵੱਲੋਂ ਸੁਖਬੀਰ ਬਾਦਲ ਕੋਲੋਂ 15 ਦਿਨਾਂ 'ਚ ਸਪੱਸ਼ਟੀਕਰਨ ਮੰਗਿਆ ਸੀ।ਸੁਖਬੀਰ ਬਾਦਲ ਨੇ 24 ਜੁਲਾਈ ਨੂੰ ਬੰਦ ਲਿਫਾਫੇ 'ਚ ਆਪਣਾ ਸਪੱਸ਼ਟੀਕਰਨ ਸ੍ਰੀ ਅਕਾਲ ਤਖਤ ਸਾਹਿਬ 'ਤੇ ਦਿੱਤਾ ਗਿਆ, ਜਿਸ ਤੋਂ ਬਾਅਦ ਸੰਗਤ ਵੱਲੋਂ ਲਗਾਤਾਰ ਮੰਗ ਕੀਤੀ ਜਾ ਰਹੀ ਸੀ ਕਿ ਬੰਦ ਲਿਫਾਫੇ ਦੇ ਸਪੱਸ਼ਟੀਕਰਨ ਨੂੰ ਜਨਤਕ ਕੀਤਾ ਜਾਵੇ।

### ਕਿਸੇ ਵੇਲੇ ਵੀ ...

ਕਿ ਇਸ ਦਾ ਉਦੇਸ਼ ਅਧਿਕਾਰੀਆਂ ਦਾ ਕਿਸੇ ਕਿਸਮ ਦਾ ਨੁਕਸ ਕੱਢਣਾ ਨਹੀਂ, ਸਗੋਂ ਇਸ ਦਾ ਮਕਸਦ ਸਰਕਾਰੀ ਦਫ਼ਤਰਾਂ ਵਿੱਚ ਕੰਮਕਾਜ ਨੂੰ ਹੋਰ ਸੁਚਾਰੂ ਬਣਾਉਣਾ ਹੈ। ਉਨ੍ਹਾ ਕਿਹਾ ਕਿ ਸੂਬੇ ਦੇ ਲੋਕਾਂ ਨੇ ਇਹ ਪਹਿਲੀ ਵਾਰ ਦੇਖਿਆ ਹੈ ਕਿ ਸੂਬੇ ਦਾ ਕੋਈ ਮੁੱਖ ਮੰਤਰੀ ਸਰਕਾਰੀ ਦਫ਼ਤਰਾਂ ਦਾ ਦੌਰਾ ਕਰ ਰਿਹਾ ਹੈ।

ਮਾਨ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਉਹ ਕਿਸੇ ਵੀ ਸਮੇਂ ਕਿਸੇ ਵੀ ਸਰਕਾਰੀ ਦਫ਼ਤਰ, ਸਕੂਲ ਜਾਂ ਹਸਪਤਾਲ ਦਾ ਦੌਰਾ ਕਰ ਸਕਦੇ ਹਨ ਅਤੇ ਡਿਊਟੀ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।


Jeena Sikho LIFECARE

**ਜੀਨਾ ਸੀਖੋ ਲਾਈਫ ਕੇਅਰ ਲਿਮਟਿਡ**
ਸੀ ਆਈ ਐੱਨ : ਐੱਲ 5260 ਪੀ ਬੀ 2017 ਪੀ ਐੱਲ ਸੀ 046545
ਰਜਿਸਟਰਡ ਦਫਤਰ : ਐੱਸ ਸੀ ਓ 11, ਕਲਗੀਧਰ ਇਨਕਲੇਵ, ਜ਼ੀਰਕਪੁਰ, ਮੋਹਾਲੀ, ਪੰਜਾਬ-140604, ਇੰਡੀਆ
ਟੈਲੀ: ਨੰ. 017-62513185 ਵੈੱਬਸਾਈਟ https://www.jeenasikho.co.in ਈ ਮੇਲ ਆਈ ਡੀ cs@jeenasikho.co.in

**ਮੈਂਬਰਾਂ ਦੀ 7ਵੀਂ ਸਾਲਾਨਾ ਜਨਰਲ ਮੀਟਿੰਗ ਵਾਸਤੇ ਨੋਟਿਸ**

ਨੋਟਿਸ ਦਿੱਤਾ ਜਾਂਦਾ ਹੈ ਕਿ ਜੀਨਾ ਸੀਖੋ ਲਾਈਫ ਕੇਅਰ ਲਿਮਟਿਡ ("ਦਾ ਕੰਪਨੀ") ਦੇ ਮੈਂਬਰਾਂ ਦੀ 7ਵੀਂ ਸਾਲਾਨਾ ਜਨਰਲ ਮੀਟਿੰਗ ("ਏ ਜੀ ਐੱਮ") 28 ਅਗਸਤ 2024 ਦਿਨ ਬੁੱਧਵਾਰ ਨੂੰ ਸ਼ੁੱਧੀ ਅਯੁਰਵੇਦਾ ਪੰਚਕਰਮਾ ਹਸਪਤਾਲ, ਪਿੰਡ ਦੇਵੀਨਗਰ, ਹਦਬਸਤ ਨੰ. 18, ਤਹਿਸੀਲ ਡੇਰਾਬੱਸੀ, ਜ਼ਿਲ੍ਹਾ ਮੁਹਾਲੀ, ਪੰਜਾਬ-140507 ਵਿਖੇ ਮਿਤੀ 29 ਜੁਲਾਈ 2024 ਨੂੰ ਸਾਲਾਨਾ ਜਨਰਲ ਮੀਟਿੰਗ ਦੇ ਨੋਟਿਸ ("ਏ ਜੀ ਐੱਮ ਨੋਟਿਸ") 'ਚ ਨਿਰਧਾਰਤ ਹੇਠਾਂ ਦਰਸਾਏ ਕਾਰੋਬਾਰ ਦੇ ਨਿਪਟਾਰੇ ਲਈ ਦੁਪਹਿਰ 12.00 ਵਜੇ ਹੋਵੇਗੀ : -
(i) 31 ਮਾਰਚ 2024 ਨੂੰ ਖਤਮ ਹੋਈ ਵਿੱਤੀ ਮਿਆਦ 'ਤੇ ਕੰਪਨੀ ਦੇ ਪੜਤਾਲੇ ਸਟੈਂਡਲੋਨ ਵਿੱਤੀ ਵੇਰਵੇ ਸਮੇਤ ਉਸ ਉਪਰ ਡਾਇਰੈਕਟਰਾਂ ਅਤੇ ਆਡੀਟਰਾਂ ਦੀਆਂ ਰਿਪੋਰਟਾਂ ਪ੍ਰਾਪਤ ਕਰਨ, ਵਿਚਾਰ ਕਰਨ ਅਤੇ ਅਪਣਾਉਣ ਲਈ।
(ii) 31 ਮਾਰਚ 2024 ਨੂੰ ਖਤਮ ਹੋਏ ਵਿੱਤੀ ਵਰ੍ਹੇ ਲਈ ਆਈ ਐੱਨ ਆਰ 10/- ਹਰੇਕ ਦੀ ਫੇਸ ਵੈਲਿਊ ਦੇ ਇਕੁਇਟੀ ਸ਼ੇਅਰਾਂ 'ਤੇ ਆਈ ਐੱਨ ਆਰ 4.18/- ਦਾ ਅੰਤਮ ਲਾਭਾਂਸ਼ ਐਲਾਨ ਕਰਨ ਲਈ :
(iii) ਕੁਮਾਰੀ ਸ਼੍ਰੇਆ ਗਰੋਵਰ ਜੋ ਰੋਟੇਸ਼ਨ ਅਨੁਸਾਰ ਸੇਵਾਮੁਕਤ ਅਤੇ ਉਸ ਵੱਲੋਂ ਮੁੜ ਨਿਯੁਕਤੀ ਲਈ ਕੀਤੀ ਗਈ ਯੋਗ ਪੇਸ਼ਕਸ਼ 'ਤੇ ਡਾਇਰੈਕਟਰ ਵਜੋਂ ਮੁੜ-ਨਿਯੁਕਤੀ ਲਈ ਕੰਪਨੀ ਦੇ ਡਾਇਰੈਕਟਰ
(iv) ਸ੍ਰੀ ਮਨੀਸ਼ ਗਰੋਵਰ ਦਾ ਮਿਹਨਤਾਨਾ ਲਗਾਉਣ ਲਈ
(v) ਕੰਪਨੀ ਦੀ ਪੂਰੇ ਸਮੇਂ ਲਈ ਡਾਇਰੈਕਟਰ ਸ੍ਰੀਮਤੀ ਭਾਵਨਾ ਗਰੋਵਰ ਦਾ ਮਿਹਨਤਾਨਾ ਲਗਾਉਣ ਲਈ
(vi) ਸੰਬੰਧਤ ਪਾਰਟੀ ਲੈਣ-ਦੇਣ ਨੂੰ ਮਨਜ਼ੂਰ ਕਰਨ ਲਈ
(vii) ਵਧੀਕ ਸੁਤੰਤਰ ਡਾਇਰੈਕਟਰ ਸ੍ਰੀ ਚੰਦਨ ਕੁਮਾਰ ਕੌਸ਼ਲ (ਡੀ ਆਈ ਐੱਨ : 10515819) ਨੂੰ ਕੰਪਨੀ ਦਾ ਸੁਤੰਤਰ ਡਾਇਰੈਕਟਰ ਨਿਯੁਕਤ ਕਰਕੇ ਰੈਗੂਲਰ ਕਰਨ ਲਈ।

ਕੰਪਨੀਜ਼ (ਮੈਨੇਜਮੈਂਟ ਐਂਡ ਐਡਮਨਿਸਟ੍ਰੇਸ਼ਨ) ਰੂਲਜ਼ 2014 ਦੇ ਰੂਲ 20 ਨਾਲ ਪੜ੍ਹੇ ਜਾਂਦੇ ਕੰਪਨੀਜ਼ ਐਕਟ 2013 ("ਦਾ ਐਕਟ") ਦੇ ਸੈਕਸ਼ਨ 108 ਅਤੇ ਹੋਰ ਲਾਗੂ ਵਿਵਸਥਾਵਾਂ ਅਤੇ ਸਕਿਉਰਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਲਿਸਟਿੰਗ ਆਬਲੀਗੇਸ਼ਨਜ਼ ਡਿਸਕਲੋਜ਼ਰ ਰਿਕੁਆਇਰਮੈਂਟ) 2015 ਦੇ ਰੈਗੂਲੇਸ਼ਨ 44 ਦੀ ਪਾਲਣਾ 'ਚ ਕੰਪਨੀ 7ਵੀਂ ਸਾਲਾਨਾ ਜਨਰਲ ਮੀਟਿੰਗ (ਏ ਜੀ ਐੱਮ) 'ਚ ਮੈਂਬਰਾਂ ਨੂੰ ਏ ਜੀ ਐੱਮ ਦੇ ਸਥਾਨ ਤੋਂ ਕਿਸੇ ਹੋਰ ਸਥਾਨ ਤੋਂ ਏ ਜੀ ਐੱਮ ਦੇ ਨੋਟਿਸ 'ਚ ਉਲੇਖ ਪਹਿਲਾਂ ਦਰਸਾਏ ਕਾਰੋਬਾਰ ਦੇ ਸੰਬੰਧ 'ਚ ਇਲੈਕਟ੍ਰਾਨਿਕ ਢੰਗ (ਰਿਮੋਟ ਈ-ਵੋਟਿੰਗ) ਰਾਹੀਂ ਆਪਣੇ ਵੋਟ ਦੇ ਅਧਿਕਾਰ ਇਸਤੇਮਾਲ ਕਰਨ ਦੀ ਸਹੂਲਤ ਮੁਹੱਈਆ ਕਰਵਾ ਕੇ ਖੁਸ਼ੀ ਹਾਸਲ ਕਰ ਰਹੀ ਹੈ।

ਮੈਂਬਰਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਕੰਪਨੀ ਦੇ ਸ਼ੇਅਰ ਹੋਲਡਰਾਂ ਦੀ ਯੋਗਤਾ ਨਿਰਧਾਰਤ ਕਰਨ ਅਤੇ ਏ ਜੀ ਐੱਮ ਨੋਟਿਸ ਭੇਜਣ ਦੇ ਮੰਤਵ ਲਈ ਕੱਟ ਆਫ ਡੇਟ, ਜੋ ਕਿ 26 ਜੁਲਾਈ 2024 ਦਿਨ ਸ਼ੁੱਕਰਵਾਰ ਹੈ, ਨੂੰ ਏ ਜੀ ਐੱਮ ਦੇ ਨੋਟਿਸ ਸਮੇਤ ਵੇਰਵੇ ਅਤੇ ਵੋਟਿੰਗ ਦੀ ਪ੍ਰਕਿਰਿਆ ਅਤੇ ਹੋਰ ਸੰਬੰਧਤ ਵੇਰਵੇ ਭੇਜਣ ਦਾ ਕੰਮ 03 ਅਗਸਤ 2024 ਨੂੰ ਮੁਕੰਮਲ ਕਰ ਲਿਆ ਹੈ।

ਉਹ ਮੈਂਬਰ, ਜਿਨ੍ਹਾਂ ਦੇ ਨਾਂਅ ਮੈਂਬਰਾਂ ਦੇ ਰਜਿਸਟਰ/ਲਾਭਪਾਤਰੀ ਮਾਲਕਾਂ ਦੀ ਸੂਚੀ 'ਚ 20 ਅਗਸਤ 2024 ਨੂੰ ਦਰਜ ਹੋਣਗੇ, ਏ ਜੀ ਐੱਮ ਨੋਟਿਸ 'ਚ ਨਿਰਧਾਰਤ ਰੈਜ਼ੋਲੂਸ਼ਨਜ਼ 'ਤੇ ਵੋਟ ਪਾਉਣ ਦੇ ਯੋਗ ਹੋਣਗੇ। ਇੱਕ ਵਿਅਕਤੀ ਜਿਸ ਦਾ ਨਾਂਅ ਮੈਂਬਰਾਂ ਦੇ ਰਜਿਸਟਰ ਜਾਂ ਡਿਪਾਜ਼ਟਰੀਜ਼ ਦੇ ਰੱਖ-ਰਖਾਵ ਵਾਲੇ ਲਾਭਪਾਤਰੀ ਮਾਲਕਾਂ ਦੇ ਰਜਿਸਟਰ ਵਿੱਚ ਕੱਟ ਆਫ ਡੇਟ ਨੂੰ ਦਰਜ ਹੋਵੇਗਾ, ਰਿਮੋਟ ਈ-ਵੋਟਿੰਗ ਦੀ ਸਹੂਲਤ ਪ੍ਰਾਪਤ ਕਰਨ ਅਤੇ ਏ ਜੀ ਐੱਮ 'ਚ ਵੋਟਿੰਗ ਕਰਨ ਦੇ ਯੋਗ ਹੋਣਗੇ।

ਰਿਮੋਟ ਈ-ਵੋਟਿੰਗ ਸ਼ੁਰੂ ਹੋਣ ਦਾ ਸਮਾਂ 25 ਅਗਸਤ 2024 ਦਿਨ ਐਤਵਾਰ ਸਵੇਰੇ 9.00 ਵਜੇ ਹੋਵੇਗਾ ਅਤੇ 27 ਅਗਸਤ 2024 ਦਿਨ ਮੰਗਲਵਾਰ ਨੂੰ ਸ਼ਾਮ ਦੇ 5.00 ਵਜੇ ਖਤਮ ਹੋਵੇਗਾ। ਉਕਤ ਮਿਤੀ ਅਤੇ ਸਮੇਂ ਤੋਂ ਬਾਅਦ ਰਿਮੋਟ ਈ-ਵੋਟਿੰਗ ਦੀ ਆਗਿਆ ਨਹੀਂ ਹੋਵੇਗਾ। ਇਸ ਮਿਤੀ ਤੋਂ ਬਾਅਦ ਪ੍ਰਾਪਤ ਕੋਈ ਪ੍ਰਕਿਰਿਆ ਨੂੰ ਨਾ ਪ੍ਰਾਪਤ ਹੋਈ ਵਜੋਂ ਹੀ ਵਿਚਾਰਿਆ ਜਾਵੇਗਾ। ਇਲੈਕਟ੍ਰਾਨਿਕ ਢੰਗ ਨਾਲ ਵੋਟ ਪਾਉਣ ਦੇ ਚਾਹਵਾਨ ਮੈਂਬਰ ਏ ਜੀ ਐੱਮ ਦੇ ਨੋਟਿਸ 'ਚ ਦਰਸਾਈ ਵਿਸਥਾਰਤ ਪ੍ਰਕਿਰਿਆ ਅਤੇ ਏ ਜੀ ਐੱਮ ਭੇਜਣ ਵਾਲੀ ਈ ਮੇਲ ਦਾ ਹਵਾਲਾ ਲੈ ਸਕਦੇ ਹਨ।

ਇੱਕ ਮੈਂਬਰ ਜਿਸ ਨੇ ਰਿਮੋਟ ਈ-ਵੋਟਿੰਗ ਰਾਹੀਂ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨਾ ਹੈ, ਤੋਂ ਬਾਅਦ ਏ ਜੀ ਐੱਮ 'ਚ ਸ਼ਾਮਲ ਹੋ ਸਕਦਾ ਹੈ, ਪ੍ਰੰਤੂ ਮੀਟਿੰਗ 'ਚ ਉਸ ਨੂੰ ਦੁਬਾਰਾ ਵੋਟ ਪਾਉਣ ਦੀ ਆਗਿਆ ਨਹੀਂ ਹੋਵੇਗੀ। ਮੈਂਬਰ ਜਿਨ੍ਹਾਂ ਨੂੰ ਰਿਮੋਟ ਈ-ਵੋਟਿੰਗ ਰਾਹੀਂ ਆਪਣੀ ਵੋਟ ਨਹੀਂ ਪਾਈ ਹੋਵੇਗੀ, ਉਹ ਐਕਟ 'ਚ ਦਰਸਾਏ ਅਨੁਸਾਰ ਏ ਜੀ ਐੱਮ ਦੌਰਾਨ ਮਤਦਾਨ ਪੱਤਰ ਰਾਹੀਂ ਵੋਟ ਪਾ ਸਕਦੇ ਹਨ :

ਕੰਪਨੀ ਨੇ ਪਾਈਆਂ ਵੋਟਾਂ ਦੀ ਸਕਰਿਊਟਨੀ ਵਾਸਤੇ ਰਾਵਲ ਐਂਡ ਕੰਪਨੀ (ਕੰਪਨੀ ਸੈਕਟ੍ਰੀਜ਼) ਨੂੰ ਸਕਰਿਊਟੇਨਾਈਜ਼ਰ ਨਿਯੁਕਤ ਕੀਤਾ ਹੈ। ਏ ਜੀ ਐੱਮ ਲਈ ਵੋਟਿੰਗ ਦੇ ਨਤੀਜੇ ਦਾ ਐਲਾਨ ਚੇਅਰਮੈਨ ਵੱਲੋਂ ਕੀਤਾ ਜਾਵੇਗਾ। ਅਸਫਲ ਰਹਿਣ 'ਤੇ ਐਕਟ ਅਧੀਨ ਨਿਰਧਾਰਤ ਸਮੇਂ ਦੀ ਮਿਆਦ ਅੰਦਰ ਕੰਪਨੀ ਦਾ ਸੈਕਟਰੀ ਐਲਾਨ ਕਰੇਗਾ। ਨਤੀਜਾ ਸਟਾਕ ਐਕਸਚੇਂਜ -ਐੱਨ ਐੱਸ ਈ ਰਾਹੀਂ ਪ੍ਰਸਾਰਤ ਕੀਤਾ ਜਾਵੇਗਾ ਅਤੇ ਰਜਿਸਟਰਡ ਦਫਤਰ 'ਤੇ ਪ੍ਰਦਰਸ਼ਨ ਦੇ ਨਾਲ-ਨਾਲ ਕੰਪਨੀ ਦੀ ਵੈੱਬਸਾਈਟ 'ਤੇ ਵੀ ਮੇਜ਼ਬਾਨੀ ਕੀਤੀ ਜਾਵੇਗੀ।

ਏ ਜੀ ਐੱਮ ਨੋਟਿਸ ਕੰਪਨੀ ਦੀ ਵੈੱਬਸਾਈਟ https://jeenasikho.com/ ਜਿਨ੍ਹਾਂ ਸ਼ੇਅਰ ਹੋਲਡਰਾਂ ਨੇ ਏ ਜੀ ਐੱਮ ਦਾ ਨੋਟਿਸ ਪ੍ਰਾਪਤ ਨਹੀਂ ਕੀਤਾ, ਉਹ ਕੰਪਨੀ ਨੂੰ cs@jeenasikho.com ਜਾਂ ਸਾਡੇ ਆਰ ਟੀ ਏ info@skylinerta.com. 'ਤੇ ਬੇਨਤੀ ਭੇਜ ਕੇ ਇਹ ਪ੍ਰਾਪਤ ਕਰ ਸਕਦੇ ਹਨ।

ਪੁੱਛਗਿੱਛ ਲਈ ਤੁਸੀਂ ਸ਼ੇਅਰ ਹੋਲਡਰਾਂ ਵਾਸਤੇ ਅਕਸਰ ਪੁੱਛੇ ਜਾਂਦੇ ਸਵਾਲ (ਐੱਫ ਏ ਕਿਊਜ਼ ਅਤੇ ਸ਼ੇਅਰ ਹੋਲਡਰਾਂ ਲਈ ਈ-ਵੋਟਿੰਗ ਯੂਜ਼ਰ ਮੈਨੂਅਲ ਜੋ www.evoting.nsdl.com ਦੇ ਡਾਊਨਲੋਡ ਸੈਕਸ਼ਨ 'ਤੇ ਉਪਲੱਬਧ ਹੈ, ਦਾ ਹਵਾਲਾ ਲੈ ਸਕਦੇ ਹੋ ਜਾਂ 022-4886-7000 ਜਾਂ ਸ਼ਰੂਥੀ ਸੈਟੀ ਨੂੰ ShruthiS@nsdl.com. 'ਤੇ ਬੇਨਤੀ ਭੇਜ ਸਕਦੇ ਹੋ।

ਵਾਸਤੇ ਅਤੇ ਤਰਫੋਂ ਡਾਇਰੈਕਟਰਜ਼ ਆਫ ਬੋਰਡ
ਜੀਨਾ ਸੀਖੋ ਲਾਈਫ ਕੇਅਰ ਲਿਮਟਿਡ
ਮਨੀਸ਼ ਗਰੋਵਰ
ਮੈਨੇਜਿੰਗ ਡਾਇਰੈਕਟਰ
ਡੀ ਆਈ ਐੱਨ : 07557886

ਮਿਤੀ : 05/08/2024
ਸਥਾਨ : ਜ਼ੀਰਕਪੁਰ, ਪੰਜਾਬ



**PAOS INDUSTRIES LTD.**
REGD. & CORPORATE OFFICE: VILLAGE PAWA, G.T. ROAD, LUDHIANA-141120
CIN: L24100PB1990PLC049032, Ph: +91-161-5220000.
Email: paosindustriesltd@gmail.com, Website: www.paosindustries.in

**EXTRACT OF STANDALONE UNAUDITED FINANCIAL RESULTS FOR THE QUARTER ENDED 30TH JUNE, 2024** *(Amount Rs. in Lakh)*

| Particulars | Quarter ended 30.06.2024 (Un-audited) | Quarter ended 31.03.2024 (Audited) | Quarter ended 30.06.2023 (Un-audited) | Year to Date 31.03.2024 (Audited) |
|---|---|---|---|---|
| Total Income from operations | 0.00 | 0.00 | 0.00 | 0.00 |
| Other Income | 0.00 | 0.00 | 0.00 | 0.00 |
| **Net Profit/(Loss) for the period (before Tax, Exceptional and/or Extraordinary items)** | (12.00) | (7.07) | (9.44) | (29.59) |
| Net Profit/(Loss) for the period (after Tax, Exceptional and/or Extraordinary items) | (12.00) | (7.07) | (9.44) | (29.59) |
| **Total Comprehensive Income/(Loss) for the period [Comprising Profit for the period (after Tax) and Other Comprehensive Income (after Tax)]** | (12.00) | (7.07) | (9.44) | (29.59) |
| Equity Share Capital Face value of Rs 10/- per share | 610.36 | 610.36 | 610.36 | 610.36 |
| Reserves (excluding Revaluation Reserve) as per last audited FS (31/03/2024) | | | | (2239.89) |
| Earnings Per Share (of Rs. 10/-each) (for continuing and discontinued operations) | | | | |
| a) Basic | (0.20) | (0.12) | (0.15) | (0.48) |
| b) Diluted | (0.20) | (0.12) | (0.15) | (0.48) |

**Notes : 1.** The above Standalone Financial Results were reviewed by the Audit Committee and approved by the Board of Directors at their meeting held on 05TH August, 2024 and the same have been reviewed by the Statutory Auditors and the Auditors Report does not contain any adverse remarks. As financial figures for Standalone Audited Financial Results are the same hence single tabular columnar information has been provided for the both. **2.** The figures of previous have been reclassified and regrouped wherever necessary. **3.** The above is an extract of the detailed format of the Financial Results for the quarter ending on 30th June, 2024 filed with Stock Exchanges under regulation 33 of the SEBI (Listing Obligations and Disclosure Requirement) Regulations, 2015. The full format of the financial results is available on the Company's website www.paosindustries.in and on the website of the stock exchange www.bseindia.com.

**For PAOS INDUSTRIES LIMITED**
**Sd/-**
**SANJEEV BANSAL**
**Managing Director (DIN : 00057485)**

**DATE : 05-08-2024**
**PLACE : LUDHIANA**



**ਨਵਾਂ ਜ਼ਮਾਨਾ** ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

6-Aug-PAGE-3.qxd 8/5/2024 10:55 PM Page 1



# ਬਹਿਰਾਮਪੁਰ ਰੋਡ ਬਾਗਾਂ ਨੇੜੇ ਸੜਕ ਕਿਨਾਰੇ ਲੱਗੇ ਗੰਦਗੀ ਦੇ ਢੇਰ; ਪ੍ਰਸ਼ਾਸਨ ਬੇਖ਼ਬਰ !



**ਗੁਰਦਾਸਪੁਰ, (ਜਨਕ ਮਹਾਜਨ)**-ਸ਼ਹਿਰ ਵਾਸੀਆਂ ਲਈ ਘਰਾਂ ਦਾ ਕੂੜਾ ਸੁੱਟਣ ਦੇ ਲਈ ਕੋਈ ਥਾਂ ਨਾ ਹੋਣ ਕਾਰਨ ਉਹ ਆਪਣੇ ਘਰਾਂ ਦਾ ਕੂੜਾ ਸੜਕ ਕਿਨਾਰੇ ਸੁੱਟਣ ਨੂੰ ਮਜਬੂਰ ਹਨ। ਬਹਿਰਾਮਪੁਰ ਰੋਡ ਬਾਗਾਂ ਲਾਗੇ ਸੜਕ ਕਿਨਾਰੇ ਥਾਂ-ਥਾਂ ਕੂੜੇ ਦੇ ਢੇਰ ਦੇਖਣ ਨੂੰ ਮਿਲਦੇ ਹਨ। ਰਾਹਗੀਰ ਮਾਨਵ, ਪਲਵਿੰਦਰ, ਜਤਿੰਦਰ ਕੁਮਾਰ, ਅਮਨ ਕੁਮਾਰ, ਭਜਨ ਲਾਲ ਨੇ ਦੱਸਿਆ ਕਿ ਇਸ ਸੜਕ ਕਿਨਾਰੇ ਲੱਗੇ ਗੰਦਗੀ ਦੇ ਢੇਰ ਬਦਬੂ ਫੈਲਣ ਨਾਲ ਲਾ-ਇਲਾਜ ਬਿਮਾਰੀਆਂ ਲੱਗਣ ਦਾ ਡਰ ਬਣਿਆ ਹੋਇਆ ਹੈ। ਇਹ ਗੰਦਗੀ ਦੇ ਢੇਰ ਤੋਂ ਕੁਝ ਦੂਰ ਸਕੂਲ ਵੀ ਹਨ ਅਤੇ ਕਈ ਲੋਕਾਂ ਦੇ ਘਰ ਵੀ ਹਨ। ਇਸ ਕੂੜੇ ਵਿਚ ਜ਼ਿਆਦਾਤਰ ਪਲਾਸਟਿਕ ਦੇ ਲਿਫਾਫਿਆਂ ਨੂੰ ਦੇਖਿਆ ਜਾਂਦਾ ਹੈ। ਲੋਕਾਂ ਦਾ ਕਹਿਣਾ ਹੈ ਕਿ ਪਲਾਸਟਿਕ ਦੇ ਲਿਫਾਫਿਆਂ ਦੇ ਢੇਰਾਂ ਤੋਂ ਪਤਾ ਲਗਦਾ ਹੈ ਕਿ ਸ਼ਹਿਰ ਅੰਦਰ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਧੜੱਲੇ ਨਾਲ ਜਾਰੀ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਪ੍ਰਸ਼ਾਸਨ ਵੱਲੋਂ ਪਲਾਸਟਿਕ ਦੇ ਲਿਫਾਫਿਆਂ ਨੂੰ ਰੋਕਣ ਲਈ ਵੱਡੀ ਪੱਧਰ 'ਤੇ ਛਾਪਾਮਾਰੀ ਕੀਤੀ ਗਈ ਪਰ ਫ਼ਿਰ ਵੀ ਕੁਝ ਦੁਕਾਨਦਾਰਾਂ ਵੱਲੋਂ ਅਜੇ ਵੀ ਚੋਰੀ ਛੁਪੇ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋ ਕੀਤੀ ਜਾ ਰਹੀ ਹੈ। ਇਹੋ ਲਿਫਾਫੇ ਅਕਸਰ ਨਾਲਿਆਂ ਵਿਚ ਫਸ ਜਾਂਦੇ ਹਨ ਅਤੇ ਪਾਣੀ ਦੀ ਨਿਕਾਸੀ ਨੂੰ ਰੋਕਦੇ ਹਨ ਜਿਸ ਨਾਲ ਸ਼ਹਿਰ ਅੰਦਰ ਗਲੀਆਂ, ਬਾਜ਼ਾਰਾਂ ਵਿਚ ਵਰਖਾ ਦਾ ਪਾਣੀ ਖੜ੍ਹਾ ਹੋ ਜਾਂਦਾ ਹੈ ਅਤੇ ਇਥੋਂ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ। ਇਸ ਸਭ ਕੁਝ ਦੇ ਬਾਵਜੂਦ ਪ੍ਰਸ਼ਾਸਨ ਦਾ ਇਸ ਸੜਕ ਕਿਨਾਰੇ ਲੱਗੇ ਗੰਦਗੀ ਦੇ ਢੇਰਾਂ ਵੱਲ ਕੋਈ ਧਿਆਨ ਨਹੀਂ ਜਾ ਰਿਹਾ। ਇਨ੍ਹਾਂ ਢੇਰਾਂ ਨਜ਼ਦੀਕ ਘਰਾਂ ਦੇ ਲੋਕਾਂ ਅਤੇ ਰਾਹਗੀਰਾਂ ਨੇ ਸਰਕਾਰ ਪਾਸੋਂ ਮੰਗ ਕੀਤੀ ਕਿ ਸੜਕ ਕਿਨਾਰੇ ਲੱਗੇ ਗੰਦਗੀ ਦੇ ਇਨ੍ਹਾਂ ਢੇਰਾਂ ਨੂੰ ਚੁਕਿਆ ਜਾਵੇ ਅਤੇ ਸ਼ਹਿਰ ਵਾਸੀਆਂ ਨੂੰ ਘਰਾਂ ਦਾ ਕੂੜਾ ਸੁੱਟਣ ਦੇ ਲਈ ਉਚਿਤ ਥਾਂ ਅਤੇ ਟੈਂਕਰਾਂ ਦਾ ਪ੍ਰਬੰਧ ਕੀਤਾ ਜਾਵੇ।

# ਤਰਕਸ਼ੀਲ ਸੁਸਾਇਟੀ ਵੱਲੋਂ ਪਾਖੰਡੀ ਬਾਬਿਆਂ ਤੇ ਸਾਧਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ

## * ਪੰਜਾਬ 'ਚ ਅੰਧ ਵਿਸ਼ਵਾਸ ਰੋਕੂ ਕਾਨੂੰਨ ਪੂਰੀ ਸ਼ਿੱਦਤ ਨਾਲ ਲਾਗੂ ਕੀਤਾ ਜਾਵੇ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਅੰਮ੍ਰਿਤਸਰ ਇਕਾਈ ਦੀ ਵਿਸ਼ੇਸ਼ ਮੀਟਿੰਗ ਸੁਸਾਇਟੀ ਦੇ ਸੂਬਾਈ ਮੀਡੀਆ ਵਿਭਾਗ ਦੇ ਮੁਖੀ ਸੁਮੀਤ ਅੰਮ੍ਰਿਤਸਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ ਤੋਂ ਜ਼ੋਰਦਾਰ ਮੰਗ ਕੀਤੀ ਗਈ ਕਿ ਅੰਧ ਵਿਸ਼ਵਾਸ, ਵਹਿਮ ਭਰਮ ਫੈਲਾ ਕੇ ਆਮ ਲੋਕਾਂ ਦਾ ਸ਼ੋਸ਼ਣ ਕਰਨ ਅਤੇ ਜਬਰ-ਜਨਾਹ ਸਮੇਤ ਮਨੁੱਖੀ ਬਲੀ ਵਰਗੇ ਘਿਨਾਉਣੇ ਅਪਰਾਧ ਕਰਨ ਵਾਲੇ ਪਾਖੰਡੀ ਬਾਬਿਆਂ, ਸਾਧਾਂ, ਜੋਤਿਸ਼ੀਆਂ ਅਤੇ ਤਾਂਤਰਿਕਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।ਇਸ ਮੌਕੇ ਸੰਬੋਧਨ ਕਰਦਿਆਂ ਤਰਕਸ਼ੀਲ ਆਗੂਆਂ ਸੁਮੀਤ ਅੰਮ੍ਰਿਤਸਰ ਅਤੇ ਇਕਾਈ ਮੁਖੀ ਜਸਪਾਲ ਬਾਸਰਕੇ ਨੇ ਕਿਹਾ ਕਿ ਜਗ੍ਹਾ-ਜਗ੍ਹਾ ਦੁਕਾਨਾਂ ਖੋਲ੍ਹ ਕੇ ਬੈਠੇ ਪਾਖੰਡੀ ਬਾਬੇ, ਤਾਂਤਰਿਕ, ਸਾਧ, ਜੋਤਸ਼ੀ, ਅਖੌਤੀ ਸਿਆਣੇ ਅਤੇ ਡੇਰਿਆਂ ਦੇ ਬਾਬੇ ਲੋਕਾਂ ਦੀ ਅੰਧਵਿਸ਼ਵਾਸੀ ਮਾਨਸਿਕਤਾ ਦਾ ਫਾਇਦਾ ਉਠਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ, ਦੁੱਖਾਂ ਅਤੇ ਬਿਮਾਰੀਆਂ ਦਾ ਆਪਣੀ ਅਖੌਤੀ ਦੈਵੀ ਸ਼ਕਤੀ ਨਾਲ ਇਲਾਜ ਅਤੇ ਨਿਵਾਰਨ ਕਰਨ ਦੇ ਬਹਾਨੇ ਉਨ੍ਹਾਂ ਨੂੰ ਭੂਤਾਂ-ਪ੍ਰੇਤਾਂ, ਜਾਦੂ ਟੂਣਿਆਂ, ਧਾਗੇ ਤਵੀਤਾਂ, ਗ੍ਰਹਿ ਚੱਕਰਾਂ, ਰਾਸ਼ੀਫਲ, ਜਨਮ ਟੇਵਿਆਂ, ਵਸ਼ੀਕਰਨ, ਕੀਤੇ-ਕਰਾਏ, ਵਾਸਤੂ ਸ਼ਾਸਤਰ, ਮੰਤਰ, ਕਾਲੇ ਇਲਮ, ਸਵਰਗ-ਨਰਕ, ਕਿਸਮਤ ਅਤੇ ਅਗਲੇ ਪਿਛਲੇ ਜਨਮ ਦੇ ਅੰਧਵਿਸ਼ਵਾਸਾਂ ਵਿਚ



ਫਸਾ ਕੇ ਉਨ੍ਹਾਂ ਦਾ ਸ਼ਰੇਆਮ ਆਰਥਿਕ, ਸਰੀਰਕ ਅਤੇ ਮਾਨਸਿਕ ਸ਼ੋਸ਼ਣ ਕਰ ਰਹੇ ਹਨ ਜੋ ਕਿ ਮੈਡੀਕਲ ਰਜਿਸਟਰੇਸ਼ਨ ਐਕਟ ਦੀ ਸਰਾਸਰ ਉਲੰਘਣਾ ਹੈ ਪਰ ਪੁਲੀਸ ਅਤੇ ਸਿਹਤ ਪ੍ਰਸ਼ਾਸਨ ਵਲੋਂ ਅਜਿਹੇ ਪਾਖੰਡੀਆਂ ਦੇ ਖਿਲਾਫ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਰਹੀ।ਉਨ੍ਹਾਂ ਨੇ ਲੋਕਾਂ ਨੂੰ ਆਪਣੀਆਂ ਪਰਿਵਾਰਕ ਸਮੱਸਿਆਵਾਂ ਅਤੇ ਮਾਨਸਿਕ ਤਣਾਅ ਦੇ ਹੱਲ ਲਈ ਵਿਗਿਆਨਕ ਤੇ ਸੰਘਰਸ਼ਸ਼ੀਲ ਸੋਚ ਅਪਣਾਉਣ ਅਤੇ ਪਾਖੰਡੀ ਬਾਬਿਆਂ, ਡੇਰਿਆਂ, ਜੋਤਿਸ਼ੀਆਂ ਅਤੇ ਪੁੱਛਾਂ ਦੇਣ ਵਾਲੇ ਢੌਂਗੀਆਂ ਦੇ ਝਾਂਸਿਆਂ ਤੋਂ ਬਚਣ ਦੀ ਜ਼ੋਰਦਾਰ ਅਪੀਲ ਕੀਤੀ।ਇਸ ਮੌਕੇ ਤਰਕਸ਼ੀਲ ਆਗੂਆਂ ਮਾਸਟਰ ਕੁਲਜੀਤ ਵੇਰਕਾ ਅਤੇ ਪ੍ਰਿੰਸੀਪਲ ਮੇਲਾ ਰਾਮ ਨੇ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਜੇਕਰ ਕਿਸੇ ਦੇ ਪਰਿਵਾਰ ਵਿਚ ਆਪਣੇ ਆਪ ਅੱਗਾਂ ਲੱਗਣ, ਕਪੜੇ ਕੱਟੇ ਜਾਣ, ਵਾਲ ਕੱਟੇ ਜਾਣ,ਖ਼ੂਨ ਦੇ ਛਿੱਟੇ ਪੈਣ, ਰੋੜੇ ਵੱਜਣ ਜਾਂ ਸਿਰ ਮਾਰਨ ਆਦਿ ਦੀਆਂ ਗੈਰ-ਕੁਦਰਤੀ ਘਟਨਾਵਾਂ ਵਾਪਰਨ ਤਾਂ ਉਹ ਪਾਖੰਡੀ ਬਾਬਿਆਂ ਅਤੇ ਜੋਤਿਸ਼ੀਆਂ ਦੇ ਝਾਂਸੇ ਵਿੱਚ ਫਸਣ ਦੀ ਬਜਾਏ ਇਨ੍ਹਾਂ ਘਟਨਾਵਾਂ ਦੇ ਵਿਗਿਆਨਕ ਹੱਲ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂਆਂ ਨਾਲ ਫੋਨ ਨੰਬਰ 7696030173 ਅਤੇ 9878436884 ਉਤੇ ਸੰਪਰਕ ਕੀਤਾ ਜਾਵੇ।ਮੀਟਿੰਗ ਵਿੱਚ ਪੰਜਾਬ ਦੇ ਪਾਖੰਡੀ ਬਾਬਿਆਂ, ਅਖੌਤੀ ਸਿਆਣਿਆਂ, ਡੇਰਾਵਾਦੀਆਂ ਅਤੇ ਜੋਤਿਸ਼ੀਆਂ ਨੂੰ ਤਰਕਸ਼ੀਲ ਸੁਸਾਇਟੀ ਪੰਜਾਬ ਦੀਆਂ 23 ਸ਼ਰਤਾਂ ਵਿੱਚੋਂ ਕਿਸੇ ਇੱਕ ਨੂੰ ਆਪਣੀ ਅਖੌਤੀ ਗੈਬੀ ਸ਼ਕਤੀ ਨਾਲ ਧੋਖਾ ਰਹਿਤ ਹਾਲਤਾਂ ਵਿੱਚ ਪੂਰਾ ਕਰਨ ਉੱਤੇ ਪੰਜ ਲੱਖ ਰੁਪਏ ਦਾ ਇਨਾਮ ਜਿੱਤਣ ਦੀ ਚੁਣੌਤੀ ਵੀ ਦਿੱਤੀ ਗਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਤਰਕਸ਼ੀਲ ਬੀ. ਐੱਮ. ਸਿੰਘ, ਰਮੇਸ਼ ਜੈਨ, ਪਰਮਜੀਤ ਸਿੰਘ, ਅਨਮੋਲ ਸਿੰਘ, ਨਵਤੇਜ ਸਿੰਘ, ਗੁਰਪ੍ਰੀਤ ਸਿੰਘ ਅਤੇ ਜਗਤਾਰ ਸਿੰਘ ਆਦਿ ਮੈਂਬਰਾਂ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

# ਪੋਲਟਰੀ ਫਾਰਮ ਤੋਂ ਚੂਜ਼ੇ ਚੋਰੀ ਕਰਨ ਵਾਲੀ ਔਰਤ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਦੀਨਾਨਗਰ ਪੁਲਸ ਵੱਲੋਂ ਚੂਜ਼ੇ ਚੋਰੀ ਕਰਨ ਵਾਲੀ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਪੀੜਤ ਦੀਪਕ ਕੁਮਾਰ ਪੁੱਤਰ ਰਮੇਸ਼ ਚੰਦ ਵਾਸੀ ਭਰਿਆਲ ਨੇ ਦੱਸਿਆ ਕਿ ਉਹ ਆਪਣੇ ਪਿੰਡ ਭਰਿਆਲ ਵਿਖੇ ਪੋਲਟਰੀ ਫਾਰਮ ਚਲਾਉਂਦਾ ਹੈ ਅਤੇ ਚੂਜ਼ਿਆਂ ਦੀ ਦੇਖਭਾਲ ਲਈ ਇੱਕ ਔਰਤ ਰੱਖੀ ਹੋਈ ਹੈ। ਉਸਨੇ ਦੱਸਿਆ ਕਿ ਉਸਦੇ ਫਾਰਮ ਤੋਂ ਰੋਜ਼ਾਨਾ ਚੂਜ਼ੇ ਚੋਰੀ ਹੁੰਦੇ ਸਨ ਅਤੇ ਇਸ ਤਰ੍ਹਾਂ ਕੁੱਲ 243 ਦੇ ਕਰੀਬ ਚੂਜ਼ੇ ਚੋਰੀ ਹੋ ਚੁੱਕੇ ਹਨ ਪਰ ਇਸ ਬਾਰੇ ਪਤਾ ਨਹੀਂ ਸੀ ਚੱਲਦਾ। ਉਸ ਨੇ ਦੱਸਿਆ ਕਿ 20,7,2024 ਨੂੰ ਉਸ ਨੇ ਸੀਸੀਟੀਵੀ ਕੈਮਰੇ ਵਿੱਚ ਉਕਤ ਔਰਤ ਨੂੰ ਆਪਣੇ ਕੱਪੜਿਆਂ ਵਿੱਚ ਲੁਕੋ ਕੇ ਚੂਜ਼ੇ ਲਿਜਾਂਦੇ ਹੋਏ ਵੇਖ ਲਿਆ, ਜਿਸ 'ਤੇ ਪੁਲਸ ਵੱਲੋਂ ਪੁੱਛਗਿੱਛ ਕਰਨ 'ਤੇ ਉਪਰੰਤ ਔਰਤ ਖਿਲਾਫ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

# ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ 'ਚ ਲੱਗੀਆਂ ਤੀਆਂ ਦੀਆਂ ਰੌਣਕਾਂ

**ਝਬਾਲ, ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਝਬਾਲ ਵਿਖੇ ਤੀਆਂ ਦਾ ਤਿਉਹਾਰ ਵਿਦਿਆਰਥੀਆਂ ਅਤੇ ਸਟਾਫ ਵੱਲੋਂ ਮਨਾਇਆ ਗਿਆ।ਇਸ ਮੌਕੇ ਸਕੂਲ ਦੀਆ ਵਿਦਿਆਰਥਣਾਂ ਅਤੇ ਅਧਿਆਪਕਾਵਾਂ ਨੇ ਪੰਜਾਬੀ ਪਹਿਰਾਵੇ ਵਿਚ ਗਿੱਧਾ ਪਾਇਆ ।ਇਸ ਸਮੇਂ ਵਿਦਿਆਰਥੀਆਂ ਨੇ ਖੀਰ-ਪੂੜੇ ਅਤੇ ਹੋਰ ਖਾਣ ਵਾਲੇ ਪਦਾਰਥ ਆਪਸ 'ਚ ਸਾਂਝੇ ਕੀਤੇ।ਵਿਦਿਆਰਥਣਾਂ ਵਿਚ ਮਹਿੰਦੀ ਲਾਉਣ ਦਾ ਮੁਕਾਬਲਾ ਕਰਵਾਇਆ ਗਿਆ।ਇਸ ਸਮੇਂ ਪ੍ਰਿੰਸੀਪਲ ਪਰਮਜੀਤ ਸਿੰਘ ਸੋਹਲ ਨੇ ਸਾਵਣ ਮਹੀਨੇ ਨਾਲ ਸਬੰਧਤ ਜਾਣਕਾਰੀ ਵਿਦਿਆਰਥੀਆਂ ਨਾਲ ਸਾਂਝੀ ਕੀਤੀ। ਹਰੇਕ ਵਿਦਿਆਰਥੀ ਨੂੰ ਆਪਣੇ ਘਰ/ਖੇਤਾਂ ਵਿਚ ਇਕ -ਇਕ ਪੌਦਾ ਲਗਾਉਣ ਵਾਸਤੇ ਕਿਹਾ।ਇਸ ਸਮੇ ਮੈਨੇਜਿੰਗ ਕਮੇਟੀ ਸਕੱਤਰ ਹਰਜਿੰਦਰਪਾਲ ਸਿੰਘ, ਮੈਨੇਜਰ ਸਿਮਰਤਪਾਲ ਸਿੰਘ, ਕਲਰਕ ਬਲਵਿੰਦਰ ਸਿੰਘ, ਰਵਿੰਦਰਜੀਤ ਸਿੰਘ, ਵਿਜੈ ਕੁਮਾਰ, ਵਰਿੰਦਰ ਕੌਰ ਮਨਦੀਪ ਕੌਰ, ਮਨਦੀਪ ਕੌਰ, ਗੁਰਿੰਦਰ ਕੌਰ, ਮਨਬੀਰ ਕੌਰ, ਕਰਮਜੀਤ ਕੌਰ, ਅਮਨਦੀਪ ਕੌਰ, ਨਵਦੀਪ ਕੌਰ, ਰਾਜਬੀਰ ਕੌਰ, ਗੁਰਪ੍ਰੀਤ ਕੌਰ, ਜਗਰੂਪ ਕੌਰ, ਸੁਖਵਿੰਦਰ ਕੌਰ, ਗੁਰਜੀਤ ਕੌਰ ਆਦਿ ਸ਼ਾਮਲ ਸਨ।

# ਬੀਪੀਓ (ਐਲੀ:) ਦਿਲਬਾਗ ਸਿੰਘ ਨੇ ਬਲਾਕ ਚੌਗਾਵਾਂ-2 ਦਾ ਕਾਰਜਭਾਰ ਸੰਭਾਲਿਆ



**ਵੇਰਕਾ (ਰਾਣਾ)**-ਦਫ਼ਤਰ ਜ਼ਿਲਾ ਸਿੱਖਿਆ ਅਫ਼ਸਰ (ਐਲੀ:) ਅੰਮ੍ਰਿਤਸਰ ਵੱਲੋਂ ਹੁਕਮ ਨੰ: ਅ-01/2024/90456-465 ਅਨੁਸਾਰ ਬਲਾਕ ਸਿੱਖਿਆ ਅਫ਼ਸਰ (ਐਲੀ:) ਅੰਮ੍ਰਿਤਸਰ-4 ਦਿਲਬਾਗ ਸਿੰਘ ਨੂੰ ਬਲਾਕ ਸਿੱਖਿਆ ਦਫ਼ਤਰ ਚੌਗਾਵਾਂ-2 ਦਾ ਵਾਧੂ ਕਾਰਜਭਾਰ ਦਿੱਤਾ ਗਿਆ।ਇਸ ਉਪਰੰਤ ਬੀ. ਪੀ. ਓ. (ਐਲੀ:) ਦਿਲਬਾਗ ਸਿੰਘ ਨੇ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਮਿਲੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਅੱਜ ਬਲਾਕ ਚੌਗਾਵਾਂ-2 ਵਿਖੇ ਤੁਰੰਤ ਪ੍ਰਭਾਵ ਨਾਲ ਆਪਣਾ ਕਾਰਜਭਾਰ ਸੰਭਾਲ ਲਿਆ ਹੈ।ਇਸ ਮੌਕੇ ਬਲਾਕ ਦੇ ਸਮੂਹ ਸਟਾਫ ਨੇ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ।ਇਸ ਦੌਰਾਨ ਬਲਾਕ ਚੌਗਾਵਾਂ-2 ਅਧੀਨ ਸੇਵਾਵਾਂ ਨਿਭਾਉਣ ਵਾਲੇ ਸੈਂਟਰ ਹੈੱਡਟੀਚਰ ਯਾਦਮਨਿੰਦਰ ਸਿੰਘ ਧਾਰੀਵਾਲ, ਤੇਜਇੰਦਰਪਾਲ ਸਿੰਘ ਮਾਨ, ਮਨਜੀਤ ਸਿੰਘ ਭਿੰਡੀ ਸੈਦਾਂ, ਅਵਤਾਰ ਸਿੰਘ ਬੋਪਾਰਾਏ, (ਸਾਰੇ ਸੀ. ਐੱਚ. ਟੀ.) ਨਿਸ਼ਾਨ ਸਿੰਘ ਕਲਰਕ ਚੌਗਾਵਾਂ- 2, ਸਤਪਾਲ ਸਿੰਘ ਲੇਖਾਕਾਰ, ਸਰਨਜੀਤ ਸਿੰਘ ਜੱਜ ਆਦਿ ਹਾਜ਼ਰ ਸਨ।

# ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਵੱਲੋਂ ਨੌਜਵਾਨਾਂ ਤੇ ਔਰਤਾਂ ਨੂੰ ਜਥੇਬੰਦ ਕਰਨ ਦਾ ਅਹਿਦ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੀ ਜਨਰਲ ਬਾਡੀ ਮੀਟਿੰਗ ਸਾਥੀ ਗੁਰਨਾਮ ਸਿੰਘ ਤਲਵੰਡੀ ਦੀ ਪ੍ਰਧਾਨਗੀ ਹੇਠ ਸਥਾਨਕ ਸੀਟੂ ਦਫਤਰ ਵਿਖੇ ਹੋਈ।ਇਸ ਸਬੰਧੀ ਪ੍ਰੈੱਸ ਨੋਟ ਜਾਰੀ ਕਰਦਿਆਂ ਜ਼ਿਲ੍ਹਾ ਜਨਰਲ ਸਕੱਤਰ ਜਸਬੀਰ ਸਿੰਘ ਝਬਾਲ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਪਿੰਡਾਂ ਵਿੱਚ ਗਰੀਬਾਂ, ਨੌਜਵਾਨਾਂ ਤੇ ਔਰਤਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਕੇ ਜਥੇਬੰਦ ਕਰਨ ਦਾ ਫੈਸਲਾ ਲਿਆ ਗਿਆ ਹੈ।ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਪਿੰਡਾਂ ਵਿੱਚ ਮੈਂਬਰਸ਼ਿਪ ਕਰਕੇ ਕਮੇਟੀਆਂ ਤੇ ਯੂਨਿਟਾਂ ਦੀ ਚੋਣ ਕੀਤੀ ਜਾਵੇਗੀ। ਇਸ ਉਪਰੰਤ ਤਹਿਸੀਲ ਕਾਨਫਰੰਸਾਂ ਕੀਤੀਆਂ ਜਾਣਗੀਆਂ।ਇਸ ਮੌਕੇ ਫੈਸਲਾ ਕੀਤਾ ਗਿਆ ਕਿ ਜਥੇਬੰਦੀ ਦਾ ਜ਼ਿਲ੍ਹਾ ਇਜਲਾਸ ਸਾਲ 2025 ਵਿੱਚ ਕੀਤਾ ਜਾਵੇਗਾ।ਇਸ ਮੌਕੇ ਜ਼ਿਲ੍ਹਾ ਲੀਡਰਸ਼ਿਪ ਨੂੰ ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਦੀ ਜਨਰਲ ਕੌਂਸਲ ਮੀਟਿੰਗ ਦੇ ਮਤਿਆਂ ਨੂੰ ਸਖਤੀ ਨਾਲ ਲਾਗੂ ਕਰਨ ਲਈ ਕਿਹਾ ਗਿਆ। ਮਜ਼ਦੂਰਾਂ ਦੇ ਭੱਖਦੇ ਮਾਮਲਿਆਂ ਤੇ ਸੰਘਰਸ਼ ਲੜਨ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਸਤਨਾਮ ਸਿੰਘ ਕਲੇਰ, ਕੁਲਦੀਪ ਸਿੰਘ, ਜਸਬੀਰ ਸਿੰਘ ਬਿਆਸ, ਸੁਭਾਸ਼ ਚੰਦਰ, ਨਿਸ਼ਾਨ ਸਿੰਘ ਮੈਟੀ, ਬਲਦੇਵ ਸਿੰਘ, ਦਰਸ਼ਨ ਸਿੰਘ ਆਦਿ ਸਾਥੀ ਹਾਜ਼ਰ ਸਨ।

# ਡਾ. ਰਾਜ ਕੁਮਾਰ ਚੱਬੇਵਾਲ ਨੇ ਸੜਕ ਦਾ ਰੱਖਿਆ ਨੀਂਹ ਪੱਥਰ



**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ)**: ਸੰਸਦ ਮੈਂਬਰ ਰਾਜ ਕੁਮਾਰ ਚੱਬੇਵਾਲ ਨੇ ਇਲਾਕੇ ਦੇ ਵਿਕਾਸ ਲਈ ਮਾਹਿਲਪੁਰ ਤੋਂ ਜੈਜੋ ਅਤੇ ਰਾਮਪੁਰ ਤੋਂ ਫਤਿਹਪੁਰ, ਕਾਂਗੜ ਕੋਠੀ, ਗੰਗੋਵਾਲ ਤੱਕ 6.47 ਕਿਲੋਮੀਟਰ ਸੜਕ ਨੂੰ 4 ਕਰੋੜ 27 ਲੱਖ ਰੁਪਏ ਦੀ ਲਾਗਤ ਨਾਲ ਬਣਾਉਣ ਦਾ ਨੀਂਹ ਪੱਥਰ ਰੱਖਿਆ। ਇਹਨਾਂ ਸੜਕਾਂ ਨੂੰ 12 ਫੁੱਟ ਤੋਂ 18 ਫੁੱਟ ਤੱਕ ਚੌੜੀਆਂ ਕਰਨ ਦੇ ਪੁਨਰ ਨਿਰਮਾਣ ਕੀਤਾ ਜਾਣਾ ਹੈ। ਇਸ ਪ੍ਰੋਜੈਕਟ ਦਾ ਉਦੇਸ ਕਨੈਕਟੀਵਿਟੀ ਨੂੰ ਵਧਾਉਣਾ ਅਤੇ ਸਥਾਨਕ ਲੋਕਾਂ ਅਤੇ ਯਾਤਰੀਆਂ ਲਈ ਨਿਰਵਿਘਨ ਯਾਤਰਾ ਸੁਵਿਧਾਵਾਂ ਪ੍ਰਦਾਨ ਕਰਨਾ ਹੈ, ਨੀਂਹ ਪੱਥਰ ਸਮਾਗਮ ਵਿੱਚ ਸੰਸਦ ਮੈਂਬਰ ਰਾਜਕੁਮਾਰ ਚੱਬੇਵਾਲ, ਜ਼ਿਲ੍ਹਾ ਅਧਿਕਾਰੀਆਂ ਅਤੇ ਸਥਾਨਕ ਨਿਵਾਸੀਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਡਾ. ਰਾਜ ਕੁਮਾਰ ਨੇ ਕਿਹਾ ਕਿ ਚੱਬੇਵਾਲ ਵਿਧਾਨ ਸਭਾ ਹਲਕੇ ਦੀਆਂ ਸਾਰੀਆਂ ਸੜਕਾਂ ਨੂੰ ਜਰੂਰਤ ਅਨੁਸਾਰ ਦੁਬਾਰਾ ਬਣਾਇਆ ਜਾਵੇਗਾ। ਇਹ ਪ੍ਰੋਜੈਕਟ ਅਗਲੇ ਮਹੀਨਿਆਂ ਵਿੱਚ ਪੂਰਾ ਹੋਣ ਦੀ ਉਮੀਦ ਹੈ, ਸਥਾਨਕ ਨਿਵਾਸੀਆਂ ਨੇ ਇਸ ਪ੍ਰੋਜੈਕਟ ਨੂੰ ਸ਼ੁਰੂ ਕਰਨ ਲਈ ਐਮ.ਪੀ ਚੱਬੇਵਾਲ ਦਾ ਧੰਨਵਾਦ ਕੀਤਾ। ਨੀਂਹ ਪੱਥਰ ਸਮਾਗਮ ਦੌਰਾਨ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਇਸ ਖੇਤਰ ਦੀ ਤਰੱਕੀ ਲਈ ਅਣਥੱਕ ਮਿਹਨਤ ਕਰਦੇ ਰਹਿਣ ਦੇ ਆਪਣੇ ਵਚਨ ਨੂੰ ਦੁਹਰਾਇਆ ਅਤੇ ਕਿਹਾ ਕਿ ਅਸੀਂ ਆਪਣੇ ਨਾਗਰਿਕਾਂ ਲਈ ਬਿਹਤਰ ਭਵਿੱਖ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡਾਂਗੇ। ਜਿਵੇਂ-ਜਿਵੇਂ ਇਹ ਇਲਾਕਾ ਵਿਕਾਸ ਵੱਲ ਵਧਦਾ ਜਾ ਰਿਹਾ ਹੈ, ਇਸ ਤਰ੍ਹਾਂ ਦੇ ਉਪਰਾਲੇ ਇਸ ਦੇ ਭਵਿੱਖ ਨੂੰ ਸੰਵਾਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ, ਇਸ ਮੌਕੇ ਸੰਤ ਬਾਬਾ ਸੁੱਖਾ ਸਿੰਘ, ਡਾਕਟਰ ਇਸਾਂਕ,ਗੁਰਦੀਪ ਸਿੰਘ, ਜਸਪ੍ਰੀਤ ਸਿੰਘ, ਦਸੀ ਰਾਮਪੁਰ, ਪਰਮਿੰਦਰ ਸਿੰਘ. ਸਿੰਘ, ਤਾਜਵੀਰ ਸਿੰਘ, ਮਨਜੀਤ ਕੌਰ, ਖੁਸਵੰਤ ਸਿੰਘ ਹਾਜਰ ਸਨ।

# ਬਹੁਜਨ ਸਮਾਜ ਯੂ ਕੇ ਵੱਲੋਂ ਮੂਲ ਨਿਵਾਸੀ ਰਹਿਬਰਾਂ ਦੀ ਵਿਚਾਰਧਾਰਾ ਨੂੰ ਸਮਰਪਿਤ ਸਮਾਗਮ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ )** ਬਹੁਜਨ ਸਮਾਜ ਮੰਚ ਯੂ ਕੇ ਵੱਲੋਂ ਮੂਲ ਨਿਵਾਸੀ ਮਹਾਂ ਪੁਰਖਾਂ ਦੀ ਵਿਚਾਰਧਾਰਾ ਨੂੰ ਬਹੁਜਨ ਸਮਾਜ 'ਚ ਲੈ ਕੇ ਜਾਣ ਵਾਲੇ ਯੋਧਿਆਂ ਨੂੰ ਸਮਰਪਿਤ ਸਮਾਗਮ ਬੁੱਧ ਵਿਹਾਰ ਵੁਲਵਰਹੈਂਪਟਨ ਯੂ ਕੇ ਵਿਖੇ ਕਰਵਾਇਆ ਗਿਆ, ਜਿਸ ਨੂੰ ਸਮਾਜ ਦਰਦੀ ਚਿੰਤਕਾਂ, ਮਿਸਨਰੀ ਗਾਇਕਾਂ, ਕਵੀਆਂ ਅਤੇ ਸਮਾਜਿਕ ਆਗੂਆਂ ਨੇ ਸੰਬੋਧਨ ਕੀਤਾਂ ਅਤੇ ਆਪਣੇ ਧਾਰਮਿਕ ਰਹਿਬਰਾਂ, ਗੁਰੂ ਰਵਿਦਾਸ ਜੀ, ਮਹਾਤਮਾਂ ਬੁੱਧ, ਰੰਗਰੇਟੇ ਗੁਰੂ ਕੇ ਬੇਟੇ, ਗੁਰੂ ਕਬੀਰ ਜੀ, ਭਗਵਾਨ ਵਾਲਮੀਕਿ ਜੀ ਆਦਿ ਦੇ ਨਾਲ ਡਾਕਟਰ ਬੀ.ਆਰ ਅੰਬੇਡਕਰ, ਸਾਹਿਬ ਕਾਂਸੀ ਰਾਮ, ਬਾਬੂ ਮੰਗੂ ਰਾਮ ਮੁਗੋਵਾਲੀਆ, ਜੋਤਿਬਾ, ਸਵਿਤਰੀ ਬਾਈ ਫੂਲੇ, ਬਿਰਸਾ ਮੁੰਡਾ, ਪੇਰੀਆਰ ਅਤੇ ਅਜੋਕੇ ਸਮੇਂ ਦੇ ਯੋਧੇ ਹਰਭਜਨ ਲਾਖਾ, ਸ਼ਿੰਗਾਰਾਂ ਰਾਮ ਸਹੁੰਗੜਾ, ਪ੍ਰੋ: ਗੁਰਨਾਮ ਸਿੰਘ ਮੁਕਤਸਰ, ਮਿਸਨਰੀ ਗਾਇਕ ਮੋਹਣ ਬੰਗੜ, ਸੋਹਣ ਲਾਲ ਰੱਤੂ ਅਤੇ ਡੀ ਡੀ ਕਲਿਆਣੀ ਆਦਿ ਸਮਾਜ ਦੀਆਂ ਸਖਸ਼ੀਅਤਾਂ ਨੂੰ ਯਾਦ ਕੀਤਾ। ਸਮਾਗਮ ਦੀ ਸ਼ੁਰੂਆਤ ਬੁੱਧ ਧਾਮ ਦੇ ਸਤਿਕਾਰਯੋਗ ਭੰਤੇ ਜੀ ਵੱਲੋਂ ਧਾਰਮਿਕ ਰੀਤੀ ਰਿਵਾਜ ਅਨੁਸਾਰ ਕੀਤੀ ਗਈ। ਉਪ੍ਰੰਤ ਸਾਰੇ ਹੀ ਬੁਲਾਰਿਆਂ ਨੇ ਉਪਰੋਕਤ ਸਖਸ਼ੀਅਤਾਂ ਦੇ ਜੀਵਨ ਸੰਘਰਸ ਤੋਂ ਕੁਝ ਸਿੱਖਣ ਅਤੇ ਆਪਣੇ ਹੱਕਾਂ ਦੀ ਰਾਖੀ ਲਈ ਇਕੱਠੇ ਹੋਕੇ ਰਾਜਨੀਤਕ ਸੱਤਾ 'ਤੇ ਕਾਬਜ਼ ਹੋਣ ਦੀ ਲੋੜ 'ਤੇ ਜੋਰ ਦਿੱਤਾ। ਇਸ ਮੌਕੇ ਐਸ ਸੀ ਕਮਿਸ਼ਨ ਪੰਜਾਬ ਦੇ ਸਾਬਕ ਮੈਂਬਰ ਗਿਆਨ ਚੰਦ ਦੀਵਾਲੀ ਨੇ ਉਪਰੋਕਤ ਸਾਰੇ ਹੀ ਧਾਰਮਿਕ, ਸਮਾਜਿਕ ਅਤੇ ਰਾਜਸੀ ਆਗੂਆਂ ਦੇ ਜੀਵਨ ਅਤੇ ਸੰਘਰਸ਼ 'ਤੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਮਾਜਿਕ ਏਕਾ ਹੀ ਸਾਡੇ ਭਵਿੱਖ ਨੂੰ ਸੁਰੱਖਿਅਤ ਰੱਖ ਸਕਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਿਸ਼ਨਰੀ ਗਾਇਕਾਂ, ਰਾਜ ਮਾਣਕ, ਧਰਮਿੰਦਰ ਮਸਾਣੀ, ਕੇਵਲ ਰਾਮ, ਧਰਮ ਚੰਦ ਮਹੇ, ਸਰਬਜੀਤ ਸਹੋਤਾ ਅਤੇ ਹਰਸ ਆਦਿ ਨੇ ਆਪਣੇ ਗੀਤਾਂ ਅਤੇ ਕਵਿਤਾਵਾਂ ਰਾਹੀਂ ਬਹੁਜਨ ਸਮਾਜ ਦੇ ਯੋਧਿਆਂ ਨੂੰ ਯਾਦ ਕੀਤਾ। ਰਾਣਾ ਭਾਣੋਕੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਲਖਵਿੰਦਰ ਬਸਰਾਂ ਨੇ ਸਟੇਜ ਸਕੱਤਰ ਦੀ ਜਿੰਮੇਵਾਰੀ ਬਾਖੂਬੀ ਨਿਭਾਈ। ਇਸ ਮੌਕੇ ਸੁਰੇਸ਼ ਬਿੱਟੂ, ਦਲਜੀਤ ਢੰਡਾਂ, ਮਨਦੀਪ ਚੁੰਬਰ ਆਦਿ ਪ੍ਰਮੁੱਖ ਸਨ। ਹਾਜ਼ਰ ਪ੍ਰਮੁੱਖ ਸਖਸ਼ੀਅਤਾਂ 'ਚ ਸ੍ਰੀਮਤੀ ਰੇਖਾ ਪੌਲ, ਪ੍ਰੇਮ ਚਮਕੀਲਾ, ਪਰਮਜੀਤ ਬੰਗੜ, ਪਵਨ ਦੀਵਾਲੀ ਦੀਪਾ ਢੰਡਾਂ ਤੋਂ ਇਲਾਵਾ ਬੀਬੀਆਂ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਦਸਮੇਸ਼ ਪਰਿਵਾਰ ਇੰਟਰਨੈਸ਼ਨਲ ਸਕੂਲ ਐਮਾ ਕਲਾਂ 'ਚ ਦੋ ਦਿਨਾ ਤ੍ਰਿੰਞਣ ਮੇਲਾ ਆਯੋਜਿਤ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਦਸਮੇਸ਼ ਪਰਿਵਾਰ ਇੰਟਰਨੈਸ਼ਨਲ ਸਕੂਲ ਐਮਾ ਕਲਾਂ ਵਿੱਚ ਦੋ ਦਿਨਾਂ ਤ੍ਰਿੰਜਣ ਮੇਲਾ ਮਨਾਇਆ ਗਿਆ ਜਿਸ ਵਿੱਚ ਪਹਿਲੇ ਦਿਨ ਛੋਟੇ ਬੱਚਿਆਂ ਦੁਆਰਾ ਤ੍ਰਿੰਞਣ ਮੇਲਾ ਮਨਾਇਆ ਗਿਆ। ਇਸ ਵਿੱਚ ਛੋਟੇ ਛੋਟੇ ਬੱਚਿਆਂ ਨੇ ਵੱਖ-ਵੱਖ ਗਾਣਿਆ ਤੇ ਆਪਣੀ ਪ੍ਰਫੋਮੈਂਸ ਦਿੱਤੀ ਅਤੇ ਅੱਜ ਦੇ ਸਮਾਜ ਦੇ ਅਨੁਸਾਰ ਨਾਟਕ ਵੀ ਪੇਸ਼ ਕੀਤੇ।ਇਸ ਤ੍ਰਿੰਞਣ ਮੇਲੇ ਦੀ ਸ਼ੁਰੂਆਤ ਪੰਜਾਬੀ ਸੱਭਿਆਚਾਰ ਨੂੰ ਸਮਰਪਿਤ ਕੀਤੀ ਗਈ।ਉਹ ਸੱਭਿਆਚਾਰ ਜਿਸ ਤੋਂ ਸਾਡੀ ਅੱਜ ਦੀ ਜਵਾਨੀ ਦੂਰ ਹੁੰਦੀ ਆ ਰਹੀ ਹੈ। ਉਸ ਨੂੰ ਆਪਣੇ ਪੁਰਾਣੇ ਸੱਭਿਆਚਾਰ ਤੇ ਪੁਰਾਤਨ ਵਿਰਸੇ ਨਾਲ ਜੋੜਨ ਦਾ ਇੱਕ ਉਪਰਾਲਾ ਕੀਤਾ ਗਿਆ।ਪੁਰਾਤਨ ਵਿਰਸੇ ਨਾਲ ਸੰਬੰਧਿਤ ਕੁਝ ਝਾਕੀਆਂ ਪੇਸ਼ ਕੀਤੀਆਂ ਗਈਆਂ।ਇਨ੍ਹਾਂ ਵਿੱਚ ਪੁਰਾਤਨ ਚੁੱਲਾ ਚੌਂਕਾ ਕਰਦੀ ਮੁਟਿਆਰ,ਚਰਖਾ ਕੱਤਦੀ ਮੁਟਿਆਰ, ਫੁਲਕਾਰੀ ਕੱਢਦੀ ਮੁਟਿਆਰ, ਪੀਂਘ ਝੂਟਦੀ ਮੁਟਿਆਰ, ਮੇਲੇ ਜਾਂਦੀਆਂ ਮੁਟਿਆਰਾਂ ਅਤੇ ਹੋਰ ਕਈ ਤਰ੍ਹਾਂ ਝਾਕੀਆਂ ਬੱਚਿਆਂ ਵੱਲੋਂ ਪੇਸ਼ ਕੀਤੀਆਂ ਗਈਆਂ।ਮੇਲੇ ਵਿੱਚ ਇੱਕ ਵਣਜਾਰੇ ਦਾ ਸਟਾਲ ਵੀ ਪੇਸ਼ ਕੀਤਾ ਗਿਆ ਹੈ ਜਿਸ ਤੋਂ ਇਨ੍ਹਾਂ ਮੁਟਿਆਰਾਂ ਨੇ ਚੂੜੀਆਂ ਚੜਾਈਆਂ।ਇਹ ਸਭ ਕੁਝ ਅੱਜ ਦੇ ਬੱਚਿਆਂ ਨੂੰ ਆਪਣੇ ਪੁਰਾਤਨ ਸੱਭਿਆਚਾਰ ਨਾਲ ਇਨਾਂ ਝਾਕੀਆਂ ਅਤੇ ਸਟਾਲਾਂ ਰਾਹੀਂ ਜੋੜਨ ਦਾ ਇੱਕ ਉਪਰਾਲਾ ਕੀਤਾ ਗਿਆ।ਇਨ੍ਹਾਂ ਬੱਚਿਆਂ ਨੇ ਸੱਭਿਆਚਾਰਕ ਗਾਣਿਆ ਅਤੇ ਨਾਟਕਾਂ ਦੁਆਰਾ ਮਨੋਰੰਜਨ ਕੀਤਾ। ਇਸ ਮੌਕੇ ਤੇ ਸਰਦਾਰ ਦਰਸ਼ਨ ਸਿੰਘ ਵੱਲੋਂ ਇੱਕ ਨਾਟਕ ਸੁਪਨੇ ਧੀਆਂ ਦੇ ਪੇਸ਼ ਕੀਤਾ ਗਿਆ।ਇਹ ਨਾਟਕ ਇਨ੍ਹਾਂ ਦਿਲ ਨੂੰ ਟੁੰਬਣ ਵਾਲਾ ਸੀ ਕਿ ਹਰ ਇੱਕ ਦੀ ਅੱਖ ਵਿੱਚ ਅੱਥਰੂ ਆ ਗਏ। ਅੱਜ ਦੇ ਸਮਾਜ ਨੂੰ ਇੱਕ ਚੰਗੀ ਨਸੀਹਤ ਦੇ ਗਿਆ ਇਹ ਨਾਟਕ ਇਸ ਮੌਕੇ ਤੇ ਸਕੂਲ ਦੇ ਚੇਅਰਮੈਨ ਸਰਦਾਰ ਜਸਵੰਤ ਸਿੰਘ ਜੀ ਵੱਲੋਂ ਬੋਲਦਿਆਂ ਕਿਹਾ ਗਿਆ ਕਿ ਤ੍ਰਿੰਜਣ ਮੇਲਾ ਛੋਟੇ ਬੱਚਿਆਂ ਵੱਲੋਂ ਮਨਾਇਆ ਗਿਆ।ਇਹ ਇਨਾਂ ਬੱਚਿਆਂ ਨੂੰ ਦੱਸਣ ਦਾ ਇੱਕ ਉਪਰਾਲਾ ਸੀ ਕਿ ਅੱਜ ਦੇ ਯੁੱਗ ਵਿੱਚ ਜਿੱਥੇ ਅਸੀਂ ਭੱਜ ਦੌੜ ਵਿੱਚ ਆਪਣਿਆਂ ਤੋਂ ਦੂਰ ਹੁੰਦੇ ਜਾ ਰਹੇ ਹਾਂ।ਉੱਥੇ ਹੀ ਅਸੀਂ ਆਪਣੇ ਪੁਰਾਤਨ ਵਿਰਸੇ ਤੋਂ ਵੀ ਦੂਰ ਹੁੰਦੇ ਜਾ ਰਹੇ ਹਾਂ।ਉਨ੍ਹਾਂ ਦੁਆਰਾ ਇਹ ਕਿਹਾ ਗਿਆ ਕਿ ਹਰ ਦਿਨ ਤਿਉਹਾਰ ਆਪਣੇ ਮਾਤਾ ਪਿਤਾ ਨਾਲ ਅਤੇ ਆਪਣੇ ਭੈਣ ਭਰਾਵਾਂ ਨਾਲ ਮਨਾਇਆ ਕਰੋ।ਅਸੀਂ ਜਦੋਂ ਜ਼ਿੰਦਗੀ ਵਿੱਚ ਕਿਸੇ ਮੁਕਾਮ ਤੇ ਪਹੁੰਚ ਜਾਂਦੇ ਹਾਂ ਉਸ ਸਮੇਂ ਆਪਣੀ ਕਾਮਯਾਬੀ ਦਾ ਜਸ਼ਨ ਮਨਾਉਣ ਲਈ ਇਕੱਲੇ ਪੈ ਜਾਂਦੇ ਹਾਂ ਉਸ ਟਾਈਮ ਆਪਣੀ ਖੁਸ਼ੀ ਦਾ ਇਜਹਾਰ ਕਿਸੇ ਆਪਣੇ ਨਾਲ ਨਹੀਂ ਕਰ ਸਕਦੇ ਕਿਉਂਕਿ ਅਸੀਂ ਭੱਜ ਦੌੜ ਵਿੱਚ ਉਹਨਾਂ ਸਭ ਰਿਸ਼ਤਿਆਂ ਨੂੰ ਪਿੱਛੇ ਛੱਡ ਆਉਂਦੇ ਹਾਂ ਸੋ ਹਮੇਸ਼ਾ ਰਿਸ਼ਤਿਆਂ ਦੀ ਕਦਰ ਕਰਨੀ ਚਾਹੀਦੀ ਹੈ।ਇਸ ਮੌਕੇ ਸਕੂਲ ਦੇ ਡਾਇਰੈਕਟਰ ਮੈਡਮ ਰੁਪਿੰਦਰ ਕੌਰ ਜੀ ਨੇ ਕਿਹਾ ਦੋ ਦਿਨਾਂ ਵਿੱਚ ਜੋ ਬੱਚਿਆਂ ਨੇ ਪ੍ਰੋਗਰਾਮ ਪੇਸ਼ ਕੀਤਾ ਹੈ ਉਨਾਂ ਵੱਲੋਂ ਵੱਡਿਆਂ ਅਤੇ ਛੋਟੇ ਬੱਚਿਆਂ ਨੂੰ ਤਿਆਰ ਕਰਨ ਵਿੱਚ ਯੋਗਦਾਨ ਪਾਉਣ ਵਾਲੇ ਸਾਰੇ ਟੀਚਰ ਸਾਹਿਬਾਨ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਅਸੀਂ ਸਕੂਲ ਵਿੱਚ ਸਮੇਂ-ਸਮੇਂ ਹੋਣ ਵਾਲੇ ਸਾਰੇ ਪ੍ਰੋਗਰਾਮ ਵੱਡੇ ਪੱਧਰ ਤੇ ਮਨਾਵਾਂਗੇ ਤਾਂ ਜੋ ਇਹ ਬੱਚੇ ਵਿਦਿਆ ਦੇ ਨਾਲ- ਨਾਲ ਆਪਣੇ ਵਡਮੁੱਲੇ ਵਿਰਸੇ ਨਾਲ ਵੀ ਜੁੜ ਸਕਣ ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਚਰਨਜੀਤ ਕੌਰ ਅਤੇ ਸਮੂਹ ਸਟਾਫ ਨੇ ਖੂਬ ਆਨੰਦ ਮਾਣਿਆ।

# ਖੋ-ਖੋ 'ਚ ਰਿਆੜਕੀ ਪਬਲਿਕ ਸਕੂਲ ਤੁਗਲਵਾਲ ਤੇ ਭਗਤ ਪੂਰਨ ਸਿੰਘ ਹਾਈ ਸਕੂਲ ਬੁੱਟਰਕਲਾਂ ਅੱਵਲ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਭਗਤ ਪੂਰਨ ਸਿੰਘ ਹਾਈ ਸਕੂਲ ਬੁੱਟਰਕਲਾਂ ਵਿਖੇ ਲੜਕੀਆਂ ਦੇ ਖੋ-ਖੋ ਮੁਕਾਬਲੇ ਕਰਵਾਏ ਗਏ।ਜ਼ਿਕਰਯੋਗ ਹੈ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੇਸ਼ ਸ਼ਰਮਾ ਅਤੇ ਏਈਓ ਅਨੀਤਾ ਦੀ ਅਗਵਾਈ ਹੇਠ ਜ਼ਿਲ੍ਹੇ ਭਰ ਵਿੱਚ 75ਵੇਂ ਸਕੂਲ ਜ਼ੋਨਲ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ।ਇਸੇ ਲੜੀ ਤਹਿਤ ਜ਼ੋਨ ਹਰਚੋਵਾਲ ਦੇ ਜ਼ੋਨਲ ਪ੍ਰਧਾਨ ਲਖਵਿੰਦਰ ਸਿੰਘ ਅਤੇ ਜ਼ੋਨਲ ਸਕੱਤਰ ਅਮਰਜੀਤ ਸਿੰਘ ਦੀ ਦੇਖ-ਰੇਖ ਹੇਠ ਚੱਲ ਰਹੀਆਂ ਖੇਡਾਂ ਦੇ ਛੇਵੇਂ ਦਿਨ ਲੜਕੀਆਂ ਦੇ ਖੋ-ਖੋ ਦੇ ਮੈਚ ਕਰਵਾਏ ਗਏ।ਅੰਡਰ 14 ਲੜਕਿਆਂ ਵਿੱਚ ਭਗਤ ਪੂਰਨ ਸਿੰਘ ਸਕੂਲ ਬੁੱਟਰਕਲਾਂ, ਸੇਂਟ ਜੋਸਫ ਸਕੂਲ ਡੱਲਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੇ। ਇਸੇ ਤਰ੍ਹਾਂ ਅੰਡਰ 17 ਲੜਕਿਆਂ ਵਿੱਚ ਰਿਆੜਕੀ ਪਬਲਿਕ ਸਕੂਲ ਤੁਗਲਵਾਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੱਲਾ ਕ੍ਰਮਵਾਰ ਪਹਿਲੇ ਅਤੇ, ਦੂਜੇ ਸਥਾਨ 'ਤੇ ਰਹੇ। ਇਸੇ ਤਰ੍ਹਾਂ ਅੰਡਰ 19 ਲੜਕਿਆਂ ਵਿੱਚ ਰਿਆੜਕੀ ਪਬਲਿਕ ਸਕੂਲ ਤੁਗਲਵਾਲ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆ ਕ੍ਰਮਵਾਰ ਪਹਿਲੇ ਅਤੇ ਦੂਜੇ ਸਥਾਨ 'ਤੇ ਰਹੇ।ਇਸ ਮੌਕੇ ਸਰੀਰਕ ਸਿੱਖਿਆ ਅਧਿਆਪਕਾਂ ਨੇ ਅਹਿਮ ਭੂਮਿਕਾ ਨਿਭਾਈ।ਪਹਿਲੇ ਤਿੰਨ ਸਥਾਨਾਂ ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਬਲਾਕ ਨੋਡਲ ਅਫ਼ਸਰ ਵਿਜੇ ਕੁਮਾਰ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਉਨ੍ਹਾਂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਜ਼ੋਨਲ ਸਕੱਤਰ ਅਮਰਜੀਤ ਸਿੰਘ, ਅੰਮ੍ਰਿਤਪਾਲ ਸਿੰਘ ਡੀ. ਪੀ. ਈ., ਗੁਰਮੇਲ ਸਿੰਘ ਪੀ. ਟੀ. ਆਈ., ਭੁਪਿੰਦਰ ਸਿੰਘ ਪੀ. ਟੀ. ਈ., ਜਤਿੰਦਰ ਕੁਮਾਰ ਡੀ. ਪੀ. ਈ., ਨਿਰਮਲ ਸਿੰਘ, ਲੈਕਚਰਾਰ ਰਾਜਵਿੰਦਰ ਕੌਰ, ਕਮਲਜੀਤ ਕੌਰ, ਕੁਲਦੀਪ ਕੌਰ ਡੀ. ਪੀ. ਈ., ਸਿਮਰਜੀਤ ਕੌਰ ਬੀ. ਪੀ. ਈ., ਆਰਤੀ, ਡਾ. ਰਾਜਵਿੰਦਰ ਕੌਰ ਆਦਿ ਹਾਜ਼ਰ ਸਨ।

# ਲਿਟਲ ਫਲਾਵਰ ਕਾਨਵੈਂਟ ਸਕੂਲ ਪੁਰਾਣਾ ਸ਼ਾਲਾ ਵਿਖੇ ਆਰਟ ਤੇ ਸਾਇੰਸ ਦੀਆਂ ਪ੍ਰਦਰਸ਼ਨੀਆਂ



**ਗੁਰਦਾਸਪੁਰ, (ਜਨਕ ਮਹਾਜਨ)**- ਲਿਟਲ ਫਲਾਵਰ ਕਾਨਵੈਂਟ ਸਕੂਲ ਪੁਰਾਣਾ ਸ਼ਾਲਾ ਵਿਖੇ ਸਕੂਲ ਮੈਨੇਜਮੈਂਟ ਵੱਲੋਂ ਆਰਟ ਅਤੇ ਸਾਇੰਸ ਸਬੰਧੀ ਵਿਦਿਆਰਥੀਆਂ ਦੀਆਂ ਪ੍ਰਦਰਸ਼ੀਆਂ ਦਾ ਆਯੋਜਨ ਕਰਵਾਇਆ ਗਿਆ ਜਿਸ ਦਾ ਉਦਘਾਟਨ ਡਾਇਰੈਕਟਰ ਫਾਦਰ ਪੋਲ, ਫਾਦਰ ਰੈਬ ਕਿਰਨ ਅਤੇ ਸਕੂਲ ਪ੍ਰਿੰਸੀਪਲ ਬੈਂਸੀ ਨੇ ਸਾਂਝੇ ਤੌਰ 'ਤੇ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰਦਰਸ਼ਨੀ ਲਗਾਉਣ ਦਾ ਮੁੱਖ ਮਕਸਦ ਬੱਚਿਆਂ ਨੂੰ ਇੱਕ ਪਲੇਟਫਾਰਮ 'ਤੇ ਇਕੱਠਿਆਂ ਕਰਨ ਦੇ ਨਾਲ ਨਾਲ ਬੱਚਿਆਂ ਦੇ ਅੰਦਰ ਛੁਪੇ ਹੁਨਰ ਨੂੰ ਉਜਾਗਰ ਕਰਨਾ ਹੈ ਜਿਸ ਨਾਲ ਉਨ੍ਹਾਂ ਦਾ ਬੌਧਿਕ ਵਿਕਾਸ ਹੋ ਸਕੇ। ਉਨ੍ਹਾਂ ਸਕੂਲ ਵਿਦਿਆਰਥੀਆਂ ਅਤੇ ਸਕੂਲ ਸਟਾਫ਼ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਮਿਹਨਤੀ ਅਧਿਆਪਕਾਂ ਦੀ ਬਦੌਲਤ ਬੱਚੇ ਹਰੇਕ ਪ੍ਰਤੀਯੋਗਤਾ ਵਿਚ ਆਪਣਾ ਵਧੀਆ ਪ੍ਰਦਰਸ਼ਨ ਕਰਦੇ ਹਨ। ਉਨ੍ਹਾਂ ਸਕੂਲ ਵਿਚੋਂ ਬੱਚਿਆਂ ਦੀ ਬਿਹਤਰੀ ਲਈ ਕਈ ਤਰ੍ਹਾਂ ਦੇ ਉਪਰਾਲੇ ਕੀਤੇ ਜਾਂਦੇ ਹਨ ਜਿਨ੍ਹਾਂ ਵਿਚ ਭਾਗ ਲੈ ਕੇ ਬੱਚੇ ਆਪਣਾ ਅਤੇ ਆਪਣੇ ਸਕੂਲ ਦਾ ਨਾਂਅ ਰੌਸ਼ਨ ਕਰਦੇ ਹਨ। ਉਨ੍ਹਾਂ ਬੱਚਿਆਂ ਨੂੰ ਵੱਖ ਵੱਖ ਪ੍ਰਤੀਯੋਗਤਾ ਵਿਚ ਹਿੱਸਾ ਲੈਣ ਤੋਂ ਇਲਾਵਾ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿਚ ਵੀ ਖ਼ਾਸ ਧਿਆਨ ਦੇਣ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਜੇਕਰ ਬੱਚੇ ਹੁਣ ਤੋਂ ਹੀ ਪੜ੍ਹਾਈ ਵਿਚ ਚੰਗੇ ਨੰਬਰ ਹਾਸਲ ਕਰਦੇ ਹਨ ਤਾਂ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਲਈ ਕੋਰਸਾਂ ਵਿਚ ਦਾਖ਼ਲਾ ਲੈਣਾ ਆਸਾਨ ਹੋ ਜਾਂਦਾ ਹੈ। ਉਨ੍ਹਾਂ ਨੇ ਪ੍ਰਦਰਸ਼ਨੀ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸਕੂਲ ਸਟਾਫ ਦੇ ਬੱਚਿਆਂ ਨੂੰ ਵਧਾਈ ਵੀ ਦਿੱਤੀ।

ਉਨ੍ਹਾਂ ਦੱਸਿਆ ਕਿ ਸਕੂਲ ਵਿੱਚ ਸਮੇਂ-ਸਮੇਂ ਸਿਰ ਇਹੋ ਜਿਹੀਆਂ ਪ੍ਰਦਰਸ਼ਨੀਆਂ ਲਗਾ ਕੇ ਬੱਚਿਆਂ ਦੇ ਹੌਸਲੇ ਵਧਾਉਣ ਲਈ ਸਕੂਲ ਕਮੇਟੀ ਵਚਨਬੱਧ ਹੈ।

# ਫੱਕਰ ਸ਼ਾਇਰ ਬਾਬਾ ਬਲਬੀਰ ਦੀ ਪੁਸਤਕ 'ਸੰਪੂਰਨ ਸ਼ਿੰਗਾਰ' ਲੋਕ-ਅਰਪਣ



**ਗੁਰਦਾਸਪੁਰ, (ਜਨਕ ਮਹਾਜਨ)**-ਮਹਿਰਮ ਸਾਹਿਤ ਸਭਾ ਨਵਾਂ ਸ਼ਾਲਾ ਗੁਰਦਾਸਪੁਰ ਵੱਲੋਂ ਸਾਵਣ ਕਵੀ ਦਰਬਾਰ ਅਤੇ ਫੱਕਰ ਸ਼ਾਇਰ ਬਾਬਾ ਬਲਬੀਰ ਦੀ ਪੁਸਤਕ 'ਸੰਪੂਰਨ ਸ਼ਿੰਗਾਰ' ਰਵੇਲ ਸਿੰਘ ਦੀ ਹਾਜ਼ਰੀ ਵਿੱਚ ਰਿਲੀਜ਼ ਕੀਤੀ ਗਈ। ਪ੍ਰੋਗਰਾਮ ਦੇ ਮੰਚ 'ਤੇ ਬੈਠੇ ਮਲਕੀਅਤ ਸਿੰਘ ਸੁਹਲ, ਮੱਖਣ ਕੁਹਾੜ, ਡਾਕਟਰ ਗੁਰਚਰਨ ਗਾਂਧੀ ਸੰਪਾਦਕ (ਸੂਹੀ ਸਵੇਰ) ਬਾਬਾ ਬੀਰਾ ਅਤੇ ਪ੍ਰਸਿੱਧ ਕਹਾਣੀਕਾਰ ਤਰਸੇਮ ਭੰਗੂ ਨੇ ਹਾਜ਼ਰੀ ਭਰੀ। ਇਸ ਮੌਕੇ ਗਾਇਕ ਤੇ ਗੀਤਕਾਰ ਜਨਾਬ ਵਿਜੇ ਅਗਨੀਹੋਤਰੀ ਨੇ ਆਪਣੇ ਗੀਤ 'ਆਇਆ ਏ ਮਹੀਨਾ ਸਾਉਣ ਵੇ' ਆਵਾਜ਼ ਤੇ ਸ਼ਬਦਾਂ ਨੇ ਚਾਰ ਚੰਨ ਲਾ ਦਿੱਤੇ। ਅਜਮੇਰ ਪਾਹੜਾ ਅਤੇ ਮੈਡਮ ਜਸਮੀਨ ਮਾਹੀ ਨੇ ਆਪਣੀ ਗਜ਼ਲ ਸੁਣਾ ਕੇ ਹਾਜ਼ਰੀ ਲਵਾਈ। ਅਵਤਾਰ ਸਿੰਘ ਅਣਜਾਣ ਦੀ ਕਵਿਤਾ ਤੇ ਮਾਸਟਰ ਦਿਆ ਰਾਮ ਦਾ ਗੀਤ ਅਤੇ ਕੁਲਰਾਜ ਖੋਖਰ ਦੀ ਰਚਨਾ ਬਹੁਤ ਖੂਬਸੂਰਤ ਰਹੀ। ਕੁਲਜੀਤ ਰੰਧਾਵਾ ਦੀ ਗਜ਼ਲ ਸੁਣ ਕੇ ਬਾਬਾ ਬਲਬੀਰ ਬੀਰਾ ਦੀ ਪੁਸਤਕ ਰਿਲੀਜ਼ ਕੀਤੀ ਗਈ ਅਤੇ ਪੁਸਤਕ ਰਿਲੀਜ਼ ਹੋਣ ਤੇ ਬਾਬਾ ਬਲਬੀਰ ਬੀਰਾ ਨੇ ਆਪਣੀ ਰਚਨਾ ਵੀ ਸਾਂਝੀ ਕੀਤੀ। ਸੁਭਾਸ਼ ਦੀਵਾਨਾਂ ਦੀ ਰਚਨਾ ਸੁਭਾ ਦੀ ਬਾਤ, ਕੁਲਦੀਪ ਘਾਂਗਲਾ ਦੀ ਕਵਿਤਾ ਅਤੇ ਬੂਟਾ ਰਾਮ ਆਜ਼ਾਦ ਦੀਆਂ ਰਚਨਾਵਾਂ ਵਧੀਆ ਰਹੀਆਂ। ਲੋਕ ਗਾਇਕ ਪ੍ਰੀਤ ਰਾਣਾ ਅਤੇ ਸੁਭਾਸ਼ ਸੂਫੀ ਨੇ ਗੀਤਾਂ ਨਾਲ ਰੰਗ ਬੰਨ੍ਹਿਆ, ਹਰਮੀਤ ਕੌਰ ਦੀ ਸੁਰੀਲੀ ਆਵਾਜ਼ ਨੇ ਸਰੋਤਿਆਂ ਨੂੰ ਝੂਮਣ ਲਾ ਦਿੱਤਾ। ਸੀਤਲ ਗੁੰਨੋਪੁਰੀ ਦੀ ਗਜ਼ਲ ਬਾਕਮਾਲ ਤੇ ਅਮਰਜੀਤ ਪਿੰਕੀ ਦੀ ਕਵਿਤਾ ਅਤੇ ਜਨਕ ਰਾਜ ਰਠੌਰ ਨੇ ਗਜ਼ਲ ਸੁਣਾਈ। ਮਨੀਸ਼ ਕੁਮਾਰੀ, ਰਘਬੀਰ ਚਾਹਲ, ਬੋਧ ਰਾਜ ਕੌਂਟਾ, ਯਸ਼ਪਾਲ ਮਿਤਵਾ, ਗਾਇਕ ਬਲਪ੍ਰੀਤ ਸੈਣੀ, ਵਾਸ਼ੂ ਦੇਵ ਤਾਰਾਗੜ੍ਹ ਅਤੇ ਹੇਮਰਾਜ ਸਰੰਗਲ ਦੀਨਾਨਗਰ ਨੇ ਆਪਣੀਆਂ ਕਵਿਤਾਵਾਂ ਬੋਲੀਆਂ। ਮਲਕੀਅਤ 'ਸੁਹਲ' ਨੇ ਆਪਣੀ ਕਵਿਤਾ ਸਉਣ ਮਹੀਨੇ ਨੂੰ ਸੰਬੋਧਨ ਕੀਤੀ। ਮੱਖਣ ਕੁਹਾੜ ਨੇ ਸਰੋਤਿਆਂ ਨਾਲ ਕੁਝ ਸ਼ਬਦਾਂ ਦੀ ਸਾਂਝ ਪਾ ਕੇ ਆਪਣੀ ਗਜ਼ਲ ਕਹੀ ਅਤੇ ਅਖੀਰ ਵਿੱਚ ਸਭਾ 'ਚ ਆਏ ਹੋਏ ਲੇਖਕਾਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ।

05ਜੀਡੀਪੀ02

# ਨਿਊ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ (ਰਜਿ.) 100 ਪੰਜਾਬ ਦੀ ਬਾਡੀ ਮੀਟਿੰਗ




**ਝਬਾਲ (ਹਰਜਿੰਦਰ ਸਿੰਘ ਸੋਨੀ)**-ਨਿਊ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ (ਰਜਿ.) 100 ਪੰਜਾਬ ਦੀ ਐਕਟਿੰਗ ਪ੍ਰਧਾਨ ਪੰਜਾਬ ਅਤੇ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਸਰ ਡਾਕਟਰ ਮਹਿੰਦਰ ਸਿੰਘ ਸੋਹਲ ਦੀ ਅਗਵਾਈ ਵਿੱਚ ਪੰਜਾਬ ਬਾਡੀ ਨਾਲ ਸਾਂਝੀ ਮੀਟਿੰਗ ਹੋਈ। ਮੀਟਿੰਗ ਵਿੱਚ ਵੱਖ:ਵੱਖ ਬੁਲਾਰਿਆ ਨੇ ਸਾਂਝੇ ਤੌਰ ਤੇ ਬਿਆਨ ਦਿੱਤਾ ਕਿ ਐਸੋਸੀਏਸ਼ਨ ਪੰਜਾਬ ਦੀ ਮੀਟਿੰਗ ਸੱਦ ਕੇ ਫੈਸਲੇ ਲਏ ਜਾਣਗੇ ਕਿ ਆਉਣ ਵਾਲੇ ਦਿਨਾਂ ਵਿੱਚ ਐੱਮਐੱਲਏ ਅਤੇ ਮੰਤਰੀਆਂ ਨੂੰ ਮੰਗ ਪੱਤਰ ਦੇ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੀਟਿੰਗ ਦਾ ਟਾਈਮ ਲੈ ਕੇ ਆਪਣੀਆਂ ਮੰਗਾਂ ਪ੍ਰਤੀ ਜਾਣੂ ਕਰਾਇਆ ਜਾਵੇਗਾ। ਇਸ ਤੋਂ ਇਲਾਵਾ ਸ਼ਹੀਦ ਊਧਮ ਸਿੰਘ ਨੂੰ ਯਾਦ ਕਰਦਿਆਂ ਦੋ ਮਿੰਟ ਦਾ ਮੌਨ ਰੱਖਿਆ ਅਤੇ ਸ਼ਰਧਾ ਦੇ ਫੁੱਲ ਭੇਟ ਕੀਤੇ।ਇਸ ਤੋਂ ਇਲਾਵਾ ਪੰਜਾਬ ਦੇ ਸੂਬਾ ਪ੍ਰਧਾਨ ਡਾ ਤੇਜਿੰਦਰ ਸਿੰਘ ਢਿੱਲੋਂ, ਅਵਤਾਰ ਬਾਲੀ ਜਰਨਲ ਸਕੱਤਰ ਪੰਜਾਬ, ਡਾ. ਮਾਘ ਸਿੰਘ ਮਾਣਕੀ ਖਜ਼ਾਨਚੀ, ਮਹਿੰਦਰ ਸਿੰਘ ਗਿੱਲ ਚੇਅਰਮੈਨ, ਡਾ. ਸ਼ਾਮ ਲਾਲ ਮੀਤ ਪ੍ਰਧਾਨ, ਡਾ. ਪਲਵਿੰਦਰ ਸਿੰਘ ਜੋਇੰਟ ਸਕੱਤਰ, ਅਮਰਜੀਤ ਸਿੰਘ ਮੋਗਾ ਜੋਇੰਟ ਜਨਰਲ ਸਕੱਤਰ, ਡਾ. ਹਰਮੇਲ ਸਿੰਘ ਮੀਤ ਪ੍ਰਧਾਨ, ਡਾ. ਰਾਮਦਾਸ ਬਰਨਾਲਾ ਮੀਤ ਪ੍ਰਧਾਨ, ਡਾ. ਅੰਗਰੇਜ਼ ਮੁਹੰਮਦ ਬਰਨਾਲਾ, ਡਾ. ਜਸਵੰਤ ਸਿੰਘ ਗੱਗੋ ਮਾਹਲ ਜ਼ਿਲ੍ਹਾ ਜਨਰਲ ਸਕੱਤਰ, ਡਾ. ਜੋਗਿੰਦਰ ਮਸੀਹ, ਜ਼ਿਲ੍ਹਾ ਖਜ਼ਾਨਚੀ ਡਾ. ਇਕਬਾਲ ਸਿੰਘ, ਚੇਅਰਮੈਨ ਡਾ. ਜਗਰੂਪ ਸਿੰਘ, ਪ੍ਰੈੱਸ ਸਕੱਤਰ ਡਾ. ਲਖਬੀਰ ਸਿੰਘ, ਜੋਇੰਟ ਸਕੱਤਰ ਡਾ. ਦੀਪਕ ਕੁਮਾਰ ਮੀਤ ਪ੍ਰਧਾਨ, ਡਾ. ਮਨਦੀਪ ਸਿੰਘ, ਜੋਇੰਟ ਸਕੱਤਰ ਡਾ. ਤਰਸੇਮ ਸਿੰਘ, ਡਾ. ਸੁਖਵਿੰਦਰ ਸਿੰਘ, ਡਾ. .ਹਰਜੀਤ ਸਿੰਘ, ਡਾ. ਨਰਿੰਦਰ ਸਿੰਘ, ਡਾ. ਗੁਰਮੁਖ ਸਿੰਘ ਆਦਿ ਬਹੁਤ ਸਾਰੇ ਸਾਥੀ ਡਾਕਟਰ ਹਾਜ਼ਰ ਸਨ।

# ਨਰਸਿੰਗ 'ਚ ਦਾਖਲਿਆਂ ਤੇ ਪ੍ਰੀਖਿਆਵਾਂ 'ਚ ਬੇਨਿਯਮੀਆਂ ਕਰਨ ਦੇ ਦੋਸ਼ ਹੇਠ ਦੋ ਹੋਰ ਗ੍ਰਿਫ਼ਤਾਰ

**ਜਲੰਧਰ - (ਸ਼ੈਲੀ ਐਲਬਰਟ)** ਪੰਜਾਬ ਵਿਜੀਲੈਂਸ ਬਿਊਰੋ ਨੇ ਪੰਜਾਬ ਨਰਸਿੰਗ ਰਜਿਸਟਰੇਸ਼ਨ ਕੌਂਸਲ ਮੁਹਾਲੀ (ਪੀ ਐਨ ਆਰ ਸੀ) ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨਾਲ ਮਿਲੀਭੁਗਤ ਰਾਹੀਂ ਨਰਸਿੰਗ ਪ੍ਰੀਖਿਆਵਾਂ ਵਿੱਚ ਬੇਨਿਯਮੀਆਂ ਕਰਨ ਦੇ ਦੋਸ਼ ਹੇਠ ਮੁਲਜ਼ਮ ਅਰੁਨਾ ਛਾਬੜਾ, ਸਾਬਕਾ ਪ੍ਰਿੰਸੀਪਲ ਕੇ ਡੀ ਕਾਲਜ ਆਫ ਨਰਸਿੰਗ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ ਨੂੰ ਉਸ ਦੀ ਰਿਹਾਇਸ਼ ਪਿੰਡ ਖੁੱਡਾ ਜੱਸੂ,ਚੰਡੀਗੜ੍ਹ ਤੋਂ ਅਤੇ ਮੁਲਜ਼ਮ ਡਾ. ਕੁਲਦੀਪ ਸਿੰਘ ਮਹਿਰੋਕ, ਸੰਸਥਾਪਕ ਮਹਿਰੋਕ ਕਾਲਜ ਆਫ ਨਰਸਿੰਗ ਐਂਡ ਮੈਡੀਕਲ ਸਾਇੰਸਿਜ਼, ਤੇਈਪੁਰ, ਤਹਿਸੀਲ ਪਾਤੜਾਂ, ਜ਼ਿਲ੍ਹਾ ਪਟਿਆਲਾ, ਨੂੰ ਉਸ ਦੇ ਪ੍ਰਾਈਵੇਟ ਹਸਪਤਾਲ 'ਟ੍ਰਾਈਸਿਟੀ ਕਲੀਨਿਕ ਐਂਡ ਹਸਪਤਾਲ' ਡੇਰਾ ਬੱਸੀ, ਜ਼ਿਲ੍ਹਾ ਮੁਹਾਲੀ ਤੋਂ ਗ੍ਰਿਫ਼ਤਾਰ ਕਰ ਲਿਆ ਹੈ।ਇਹ ਦੋਵੇਂ ਮੁਲਜ਼ਮ ਇਸ ਚਰਚਿਤ ਕੇਸ ਵਿੱਚ ਆਪਣੀ ਗ੍ਰਿਫ਼ਤਾਰੀ ਦੇ ਡਰ ਤੋਂ ਫਰਾਰ ਹੋ ਗਏ ਸਨ।ਇਸ ਕੇਸ ਵਿੱਚ ਪੀ ਐਨ ਆਰ ਸੀ ਦੀ ਸਾਬਕਾ ਰਜਿਸਟਰਾਰ ਅਤੇ ਨਰਸਿੰਗ ਸਿਖਲਾਈ ਸਕੂਲ ਗੁਰਦਾਸਪੁਰ ਦੀ ਪ੍ਰਿੰਸੀਪਲ (ਸੇਵਾਮੁਕਤ) ਚਰਨਜੀਤ ਕੌਰ ਚੀਮਾ ਅਤੇ ਡਾ. ਅਰਵਿੰਦਰਵੀਰ ਸਿੰਘ ਗਿੱਲ, ਵਾਸੀ ਬਸੰਤ ਵਿਹਾਰ, ਹੁਸ਼ਿਆਰਪੁਰ ਨੂੰ ਬੀਤੇ ਦਿਨ ਗ੍ਰਿਫਤਾਰ ਕਰ ਲਿਆ ਗਿਆ ਸੀ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਪੀ ਐਨ ਆਰ ਸੀ ਵੱਲੋਂ ਨਿੱਜੀ ਨਰਸਿੰਗ ਕਾਲਜਾਂ ਵਿੱਚ ਦਾਖਲਿਆਂ, ਪ੍ਰੀਖਿਆਵਾਂ ਅਤੇ ਨਤੀਜਿਆਂ ਵਿੱਚ ਧੋਖਾਧੜੀ ਕਰਨ ਬਾਰੇ ਮਿਲੀ ਸ਼ਿਕਾਇਤ ਦੀ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਉਕਤ ਨਿੱਜੀ ਨਰਸਿੰਗ ਕਾਲਜਾਂ ਦੇ ਪ੍ਰਬੰਧਕਾਂ ਦੀ ਮਿਲੀਭੁਗਤ ਨਾਲ ਪੀ ਐਨ ਆਰ ਸੀ ਵਿੱਚ ਜਾਅਲੀ ਰਿਕਾਰਡ ਤਿਆਰ ਕੀਤੇ ਅਤੇ ਸਰਕਾਰੀ ਰਿਕਾਰਡ ਨਾਲ ਛੇੜਛਾੜ ਕਰਦਿਆਂ ਲੋੜੀਂਦੇ ਦਾਖਲਾ ਫ਼ਾਰਮ, ਪ੍ਰੀਖਿਆ ਫ਼ਾਰਮਾਂ ਅਤੇ ਪ੍ਰੀਖਿਆ ਫ਼ੀਸ ਤੋਂ ਬਿਨਾਂ ਹੀ ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ ਲਈਆਂ ਗਈਆਂ।

ਇਸ ਘਪਲੇ ਦਾ ਖੁਲਾਸਾ ਕਰਦਿਆਂ ਬੁਲਾਰੇ ਨੇ ਦੱਸਿਆ ਕਿ ਕੇ ਡੀ ਕਾਲਜ ਆਫ਼ ਨਰਸਿੰਗ, ਮਾਹਿਲਪੁਰ, ਹੁਸ਼ਿਆਰਪੁਰ ਨੂੰ ਭਾਰਤੀ ਨਰਸਿੰਗ ਕੌਂਸਲ ਨਵੀਂ ਦਿੱਲੀ ਤੋਂ ਮਿਤੀ 25.09.2019 ਅਤੇ ਪੀ.ਐਨ.ਆਰ.ਸੀ. ਤੋਂ ਮਿਤੀ 29.11.2012 ਨੂੰ ਜਾਰੀ ਪੱਤਰ ਰਾਹੀਂ ਮਾਨਤਾ ਮਿਲੀ ਸੀ ਜਦੋਂ ਕਿ ਇਸ ਕਾਲਜ ਦੀ ਮਾਨਤਾ ਤੋਂ ਪਹਿਲਾਂ ਹੀ ਪੀ ਐਨ ਆਰ ਸੀ ਵੱਲੋਂ ਜਾਰੀ ਕੀਤੇ ਦਾਖਲਾ ਫਾਰਮ ਅਤੇ ਰਸੀਦ ਨੰਬਰ ਜਾਰੀ ਕੀਤੇ ਗਏ ਸਨ।

ਬੁਲਾਰੇ ਨੇ ਖੁਲਾਸਾ ਕੀਤਾ ਕਿ ਇਸ ਕਾਲਜ ਨਾਲ ਸਬੰਧਤ 5 ਰੋਲ ਨੰਬਰਾਂ ਦੇ ਦਾਖਲਾ ਫਾਰਮ ਪ੍ਰਾਪਤ ਹੋਏ ਸਨ, ਪਰ ਇਹ ਦਾਖਲਾ ਫਾਰਮ/ਰੋਲ ਨੰਬਰ ਪੀ.ਐਨ.ਆਰ.ਸੀ. ਵੱਲੋਂ ਪ੍ਰਿਸਟਨ ਇੰਸਟੀਚਿਊਟ ਆਫ ਨਰਸਿੰਗ ਗੁਰਦਾਸਪੁਰ ਨੂੰ ਜਾਰੀ ਕੀਤੇ ਗਏ ਸਨ। ਇਨ੍ਹਾਂ 5 ਵਿਦਿਆਰਥੀਆਂ ਦੀ ਫਰਜ਼ੀ ਦਾਖਲਾ ਸੂਚੀ ਕਾਲਜ ਨੂੰ ਮਾਨਤਾ ਪ੍ਰਾਪਤ ਹੋਣ ਤੋਂ ਪਹਿਲਾਂ ਅਕਤੂਬਰ 2012 ਵਿਚ ਹੀ ਤਿਆਰ ਕਰ ਲਈ ਗਈ ਸੀ ਅਤੇ ਇਸ ਦਾਖਲਾ ਸੂਚੀ ਦੇ ਆਧਾਰ 'ਤੇ ਇਨ੍ਹਾਂ ਵਿਦਿਆਰਥੀਆਂ ਦੇ ਪ੍ਰੀਖਿਆ ਫਾਰਮਾਂ ਅਤੇ ਪ੍ਰੀਖਿਆ ਫੀਸਾਂ ਦੀ ਰਸੀਦ 'ਤੇ ਇਨ੍ਹਾਂ ਰੋਲ ਨੰਬਰਾਂ ਸਬੰਧੀ ਕੱਟ ਲਿਸਟ ਜਾਰੀ ਕਰ ਦਿੱਤੀ ਗਈ ਸੀ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਜੀ.ਆਰ.ਡੀ. ਇੰਟਰਨੈਸ਼ਨਲ ਇੰਸਟੀਚਿਊਟ ਆਫ ਨਰਸਿੰਗ ਟਾਂਡਾ ਉੜਮੁੜ, ਹੁਸ਼ਿਆਰਪੁਰ ਨਾਲ ਸੰਬੰਧਤ 27 ਵਿਦਿਆਰਥੀਆਂ ਦੀ ਦਾਖਲਾ ਸੂਚੀ ਪੀ.ਐਨ.ਆਰ.ਸੀ. ਦੁਆਰਾ ਤਿਆਰ ਕਰਕੇ ਵੈਬਸਾਈਟ 'ਤੇ ਅਪਲੋਡ ਕੀਤੀ ਗਈ ਸੀ। ਇਸ ਤੋਂ ਬਾਅਦ ਇਸ ਕਾਲਜ ਦੇ 30 ਵਿਦਿਆਰਥੀਆਂ ਦੀ ਸੋਧੀ ਹੋਈ ਸੂਚੀ ਵਿੱਚ ਕੇ.ਡੀ. ਕਾਲਜ ਆਫ਼ ਨਰਸਿੰਗ ਮਾਹਿਲਪੁਰ ਦੇ 2 ਰੋਲ ਨੰਬਰਾਂ ਨਾਲ ਸਬੰਧਤ ਦਾਖ਼ਲੇ ਦਿਖਾਏ ਗਏ ਸਨ।



ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਤਰ੍ਹਾਂ, ਉਕਤ ਦੋ ਕਾਲਜਾਂ ਦੇ ਵਿਦਿਆਰਥੀਆਂ ਦੇ ਦਾਖਲੇ, ਇਹਨਾਂ ਰੋਲ ਨੰਬਰਾਂ ਸਬੰਧੀ ਜਾਰੀ ਕੀਤੀਆਂ ਗਈਆਂ ਸੂਚੀਆਂ ਅਤੇ ਵਿਦਿਆਰਥੀਆਂ ਦੇ ਤਬਾਦਲੇ/ਅਡਜਸਟਮੈਂਟ ਪੀ.ਐਨ.ਆਰ.ਸੀ. ਦੀ ਪ੍ਰੀਖਿਆ ਸ਼ਾਖਾ ਦੇ ਅਮਲਾ ਕਰਮੀ (ਡੀਲਿੰਗ ਹੈਂਡ) ਦੀ ਤਾਇਨਾਤੀ ਦੌਰਾਨ ਹੋਏ ਸਨ।

ਇਸ ਤੋਂ ਇਲਾਵਾ ਮਹਿਰੋਕ ਕਾਲਜ ਆਫ਼ ਨਰਸਿੰਗ ਐਂਡ ਮੈਡੀਕਲ ਸਾਇੰਸਿਜ਼, ਤੇਈਪੁਰ, ਪਟਿਆਲਾ ਦੇ ਸੰਸਥਾਪਕ ਡਾ. ਕੁਲਦੀਪ ਸਿੰਘ ਮਹਿਰੋਕ, ਵਾਸੀ ਕਸਬਾ ਖਨੌਰੀ, ਜ਼ਿਲ੍ਹਾ ਸੰਗਰੂਰ ਅਤੇ ਡਾ: ਅਰਵਿੰਦਰਵੀਰ ਸਿੰਘ ਗਿੱਲ ਨੇ ਕੇ.ਡੀ. ਕਾਲਜ ਆਫ਼ ਨਰਸਿੰਗ ਮਾਹਿਲਪੁਰ ਦੇ 15 ਵਿਦਿਆਰਥੀਆਂ ਦੇ ਨਾਮ, ਪਤੇ ਅਤੇ ਦਸਤਾਵੇਜ਼ ਮੁਹੱਈਆ ਕਰਵਾਏ ਸਨ ਜਿਨ੍ਹਾਂ ਦੇ 2 ਸਾਲਾ ਏ.ਐਨ.ਐਮ. ਕੋਰਸ ਦੀ ਫੀਸ 40,000 ਰੁਪਏ ਪ੍ਰਤੀ ਵਿਦਿਆਰਥੀ ਰੱਖੀ ਸੀ। ਉਪਰੰਤ ਕੇ.ਡੀ. ਕਾਲਜ ਆਫ਼ ਨਰਸਿੰਗ ਮਾਹਿਲਪੁਰ ਦੀ ਸਾਬਕਾ ਪ੍ਰਿੰਸੀਪਲ ਅਰੁਣਾ ਛਾਬੜਾ ਨੇ ਇਨ੍ਹਾਂ ਵਿਦਿਆਰਥੀਆਂ ਦੇ ਦਾਖ਼ਲਾ ਫਾਰਮਾਂ ਦੀ ਤਸਦੀਕ ਕੀਤੀ ਸੀ। ਪੀ.ਐਨ.ਆਰ.ਸੀ. ਦੇ ਸਬੰਧਤ ਡੀਲਿੰਗ ਹੈਂਡ ਅਤੇ ਚਰਨਜੀਤ ਕੌਰ ਚੀਮਾ, ਰਜਿਸਟਰਾਰ ਨੇ ਪੀ.ਐਨ.ਆਰ.ਸੀ. ਦੀ ਵੈੱਬਸਾਈਟ 'ਤੇ ਇਨ੍ਹਾਂ 15 ਵਿਦਿਆਰਥੀਆਂ ਦੇ ਨਾਮ ਅਤੇ ਵੇਰਵੇ ਅਪਲੋਡ ਨਹੀਂ ਕੀਤੇ। ਇਸ ਤੋਂ ਇਲਾਵਾ ਇੰਨਾਂ ਦੀ ਲੋੜੀਂਦੀ ਪ੍ਰੀਖਿਆ ਫੀਸ ਜਮ੍ਹਾਂ ਕਰਵਾਏ ਬਿਨਾਂ ਹੀ ਰੋਲ ਨੰਬਰ ਜਾਰੀ ਕਰ ਦਿੱਤੇ ਗਏ। ਇਨ੍ਹਾਂ ਵਿਦਿਆਰਥੀਆਂ ਦੀ ਪ੍ਰੀਖਿਆ ਲੈਣ ਤੋਂ ਬਾਅਦ ਪੀ.ਐਨ.ਆਰ.ਸੀ. ਦੀ ਉਕਤ ਰਜਿਸਟਰਾਰ ਨੇ ਕੇ.ਡੀ. ਕਾਲਜ ਆਫ਼ ਨਰਸਿੰਗ ਮਾਹਿਲਪੁਰ ਦੇ ਕੁੱਲ 20 ਵਿਦਿਆਰਥੀਆਂ ਦੇ ਨਤੀਜੇ ਤਿਆਰ ਕੀਤੇ ਜਿਨ੍ਹਾਂ ਵਿੱਚ ਸਿਰਫ਼ 5 ਵਿਦਿਆਰਥੀਆਂ ਦੇ ਹੀ ਨਾਮ ਅਤੇ ਪਤੇ ਹੀ ਦਰਜ ਸਨ ਜਦਕਿ 15 ਵਿਦਿਆਰਥੀਆਂ ਦੇ ਨਤੀਜੇ ਸਿਰਫ਼ ਰੋਲ ਨੰਬਰਾਂ ਦੇ ਨਾਲ ਹੀ ਦਰਸਾਏ ਗਏ ਸਨ। ਬੁਲਾਰੇ ਨੇ ਅੱਗੇ ਦੱਸਿਆ ਕਿ ਜਾਂਚ ਦੌਰਾਨ ਪਾਇਆ ਗਿਆ ਕਿ ਮੁਲਜ਼ਮ ਚਰਨਜੀਤ ਕੌਰ ਚੀਮਾ ਨੇ ਮੁਲਜ਼ਮ ਡਾ. ਅਰਵਿੰਦਰਵੀਰ ਸਿੰਘ ਗਿੱਲ ਨਾਲ ਮਿਲੀਭੁਗਤ ਕਰਕੇ ਉਕਤ 15 ਵਿਦਿਆਰਥੀਆਂ ਤੋਂ ਹਲਫ਼ੀਆ ਬਿਆਨ ਲੈ ਕੇ ਅਤੇ ਕੇ.ਡੀ. ਕਾਲਜ ਆਫ਼ ਨਰਸਿੰਗ ਮਾਹਿਲਪੁਰ ਦੀ ਸਾਬਕਾ ਪ੍ਰਿੰਸੀਪਲ ਅਰੁਣਾ ਛਾਬੜਾ ਤੋਂ ਦਸਤਾਵੇਜ਼ ਦੁਬਾਰਾ ਤਸਦੀਕ ਕਰਵਾ ਕੇ ਨਤੀਜਾ ਘੋਸ਼ਿਤ ਕਰ ਦਿੱਤਾ। ਇਹ ਵੀ ਪਾਇਆ ਗਿਆ ਕਿ ਇਸ ਨਤੀਜੇ ਤੇ ਡੀਲਿੰਗ ਹੈਂਡ ਜਾਂ ਪੀ.ਐਨ.ਆਰ.ਸੀ. ਦੀ ਪ੍ਰੀਖਿਆ ਸ਼ਾਖਾ ਦੇ ਸੁਪਰਡੈਂਟ ਦੇ ਹਸਤਾਖ਼ਰ ਨਹੀਂ ਸਨ ਬਲਕਿ ਰੋਜ਼ਾਨਾ ਅਧਾਰ ਤੇ ਕੰਮ ਕਰਨ ਵਾਲੇ ਇੱਕ ਡਾਟਾ ਐਂਟਰੀ ਆਪਰੇਟਰ ਦੁਆਰਾ ਹਸਤਾਖ਼ਰ ਕੀਤੇ ਗਏ ਸਨ। ਬੁਲਾਰੇ ਨੇ ਦੱਸਿਆ ਕਿ ਡੂੰਘਾਈ ਨਾਲ ਜਾਂਚ ਕਰਨ ਉਪਰੰਤ ਸ਼ਿਕਾਇਤ ਵਿੱਚ ਲਾਏ ਸਾਰੇ ਦੋਸ਼ ਸਹੀ ਪਾਏ ਗਏ। ਇਸ ਜਾਂਚ ਦੇ ਆਧਾਰ ਤੇ ਵਿਜੀਲੈਂਸ ਬਿਊਰੋ ਨੇ ਉਕਤ ਮੁਲਜ਼ਮਾਂ ਖ਼ਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਰੇਂਜ ਵਿਖੇ ਮੁਕੱਦਮਾ ਨੰਬਰ 16 ਮਿਤੀ 02.08.2024 ਨੂੰ ਆਈਪੀਸੀ ਦੀ ਧਾਰਾ 409, 420, 465, 467, 471, 201, 120-ਬੀ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13 (1)ਏ ਅਤੇ 13(2) ਤਹਿਤ ਕੇਸ ਦਰਜ ਕੀਤਾ ਗਿਆ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

6-Aug-PAGE-4-2024.qxd 8/5/2024 10:55 PM Page 1

ਨਵਾਂ ਜ਼ਮਾਨਾ
ਮੰਗਲਵਾਰ, 6 ਅਗਸਤ 2024

# ਦੇਸ਼ 'ਚੋਂ ਭੱਜ ਰਹੇ ਹਨ ਭਾਰਤੀ

ਭਾਰਤੀ ਹਾਕਮ ਲਗਾਤਾਰ ਦਾਅਵੇ ਕਰ ਰਹੇ ਹਨ ਕਿ ਦੇਸ਼ ਦੁਨੀਆ ਦੀ ਤੀਜੀ ਵੱਡੀ ਆਰਥਿਕਤਾ ਬਣਨ ਜਾ ਰਿਹਾ ਹੈ। ਉਹ ਇਹ ਵੀ ਦਾਅਵਾ ਕਰਦੇ ਹਨ ਕਿ ਭਾਰਤ ਮੈਨੂਫੈਕਚਰਿੰਗ ਦੀ ਹੱਬ ਬਣ ਚੁੱਕਾ ਹੈ ਤੇ ਦੁਨੀਆ ਉਸ ਵੱਲ ਉਮੀਦ ਭਰੀਆਂ ਨਜ਼ਰਾਂ ਨਾਲ ਦੇਖ ਰਹੀ ਹੈ। ਭਾਰਤ ਦੁਨੀਆ ਦੀ ਤੀਜੀ ਵੱਡੀ ਆਰਥਿਕਤਾ ਕਦੋਂ ਬਣੇਗਾ, ਇਹ ਤਾਂ ਭਵਿੱਖ ਦੀ ਕੁੱਖ ਵਿੱਚ ਹੈ, ਪਰ ਭਾਰਤ ਤੀਜਾ ਬਦਕਿਸਮਤ ਦੇਸ਼ ਜ਼ਰੂਰ ਬਣ ਗਿਆ ਹੈ, ਜਿਸ ਦੇ ਲੋਕ ਆਪਣੀ ਮਾਤ ਭੂਮੀ ਨੂੰ ਛੱਡ ਕੇ ਵਿਦੇਸ਼ਾਂ ਵੱਲ ਨੂੰ ਭੱਜ ਰਹੇ ਹਨ।

ਮੋਦੀ ਦੇ ਦੂਜੇ ਕਾਰਜਕਾਲ ਦੌਰਾਨ ਉਸ ਵੇਲੇ ਦੇ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਨੇ ਸੰਸਦ ਵਿੱਚ ਦੱਸਿਆ ਸੀ ਕਿ 2015 ਤੋਂ 2021 ਦੌਰਾਨ ਦੇਸ਼ ਦੇ ਕਰੀਬ 8 ਲੱਖ ਲੋਕਾਂ ਨੇ ਭਾਰਤ ਦੀ ਨਾਗਰਿਕਤਾ ਛੱਡ ਕੇ ਵਿਦੇਸ਼ੀ ਨਾਗਰਿਕਤਾ ਲੈ ਲਈ ਸੀ। ਇਸ ਵਾਰ ਮੋਦੀ ਦੇ ਤੀਜੇ ਕਾਰਜਕਾਲ ਦੇ ਸ਼ੁਰੂ ਵਿੱਚ ਹੀ ਮੌਜੂਦਾ ਗ੍ਰਹਿ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਲੋਕ ਸਭਾ ਵਿੱਚ ਨਵਾਂ ਅੰਕੜਾ ਪੇਸ਼ ਕਰਦਿਆਂ ਕਿਹਾ ਕਿ 2015 ਤੋਂ 2023 ਦੇ 9 ਸਾਲਾਂ ਦੌਰਾਨ ਕੁਲ 12 ਲੱਖ 39 ਹਜ਼ਾਰ 111 ਲੋਕ ਦੇਸ਼ ਦੀ ਨਾਗਰਿਕਤਾ ਛੱਡ ਚੁੱਕੇ ਹਨ। ਇਸ ਦਾ ਮਤਲਬ ਹੈ ਕਿ ਹਰ ਦਿਨ 377 ਭਾਰਤੀ ਆਪਣਾ ਦੇਸ਼ ਛੱਡ ਕੇ ਵਿਦੇਸ਼ਾਂ ਵਿੱਚ ਵਸ ਰਹੇ ਹਨ। ਇਨ੍ਹਾਂ ਵਿੱਚ ਉਹ ਲੋਕ ਸ਼ਾਮਲ ਨਹੀਂ, ਜਿਹੜੇ ਵਿਦੇਸ਼ਾਂ ਵਿੱਚ ਗੈਰ-ਕਾਨੂੰਨੀ ਰਹਿ ਕੇ ਉੱਥੋਂ ਦੀ ਨਾਗਰਿਕਤਾ ਲੈਣ ਲਈ ਯਤਨਸ਼ੀਲ ਹਨ।

ਸਭ ਤੋਂ ਵੱਡੀ ਚਿੰਤਾ ਦਾ ਵਿਸ਼ਾ ਇਹ ਹੈ ਕਿ ਭਾਰਤ ਛੱਡਣ ਵਾਲੇ ਲੋਕ ਸਿਰਫ਼ ਕੰਮ ਦੀ ਭਾਲ ਵਿੱਚ ਹੀ ਵਿਦੇਸ਼ਾਂ ਵਿੱਚ ਨਹੀਂ ਜਾਂਦੇ, ਇਨ੍ਹਾਂ ਵਿੱਚ ਉਹ ਲੋਕ ਵੀ ਹਨ, ਜਿਹੜੇ ਹੁਨਰਮੰਦ ਤਕਨੀਕਾਂ ਨਾਲ ਲੈਸ ਹੁੰਦੇ ਹਨ। ਇਨ੍ਹਾਂ ਲੋਕਾਂ ਵੱਲੋਂ ਦੇਸ਼ ਛੱਡਣਾ ਦੇਸ਼ ਲਈ ਭਾਰੀ ਨੁਕਸਾਨਦੇਹ ਹੁੰਦਾ ਹੈ, ਕਿਉਂਕਿ ਦੇਸ਼ ਨੇ ਇਨ੍ਹਾਂ ਲੋਕਾਂ ਦੀ ਸਿਖਲਾਈ ਉੱਤੇ ਵੱਡਾ ਖਰਚਾ ਕੀਤਾ ਹੁੰਦਾ ਹੈ। ਇਸ ਖਰਚ ਦਾ ਫਾਇਦਾ ਦੇਸ਼ ਨੂੰ ਮਿਲਣ ਦੀ ਥਾਂ ਦੂਜਾ ਦੇਸ਼ ਉਠਾਉਂਦਾ ਹੈ।

ਇਹੋ ਨਹੀਂ, ਵੱਡੀ ਗਿਣਤੀ ਵਿੱਚ ਕਰੋੜਪਤੀ ਲੋਕ ਵੀ ਭਾਰਤ ਨੂੰ ਅਲਵਿਦਾ ਕਹਿ ਰਹੇ ਹਨ। 'ਨਿਊਜ਼ ਵਰਲਡ ਹੈਲਥ' ਦੀ ਰਿਪੋਰਟ ਅਨੁਸਾਰ 2000 ਤੋਂ 2014 ਤੱਕ ਦੇ 14 ਸਾਲਾਂ ਦੌਰਾਨ 61 ਹਜ਼ਾਰ ਕਰੋੜਪਤੀਆਂ ਨੇ ਦੇਸ਼ ਦੀ ਨਾਗਰਿਕਤਾ ਛੱਡ ਦਿੱਤੀ ਸੀ। ਇਸ ਤੋਂ ਬਾਅਦ 2015 ਤੋਂ 2019 ਤੱਕ ਹੋਰ 29 ਹਜ਼ਾਰ ਕਰੋੜਪਤੀ ਭਾਰਤ ਛੱਡ ਗਏ ਸਨ।

ਅਮੀਰ ਲੋਕਾਂ ਦੇ ਦੇਸ਼ ਛੱਡਣ ਦੇ ਕਈ ਕਾਰਨ ਹਨ। ਸਭ ਤੋਂ ਮੁੱਖ ਕਾਰਨ ਆਪਣੀ ਤੇ ਪਰਵਾਰ ਦੀ ਸੁਰੱਖਿਆ ਦੀ ਚਿੰਤਾ ਹੁੰਦੀ ਹੈ। ਇਹ ਲੋਕ ਕਾਰੋਬਾਰੀ ਭਵਿੱਖ ਦੇ ਨਾਲ-ਨਾਲ ਸਕੂਨ ਭਰੀ ਜ਼ਿੰਦਗੀ ਦੀ ਗਰੰਟੀ ਚਾਹੁੰਦੇ ਹਨ। ਸਮਾਜਿਕ ਬੇਚੈਨੀ, ਫਿਰਕੂ ਪਾੜਾ, ਨਸਲਵਾਦ, ਦੰਗੇ ਤੇ ਲੁੱਟਮਾਰ ਉਹ ਕਾਰਨ ਹਨ, ਜੋ ਲੋਕਾਂ ਨੂੰ ਭੈਅ-ਭੀਤ ਕਰਦੇ ਹਨ। ਕੁਝ ਲੋਕ ਟੈਕਸਾਂ ਤੋਂ ਬਚਣ ਲਈ ਵੀ ਦੇਸ਼ ਛੱਡ ਦਿੰਦੇ ਹਨ। ਰਿਟਾਇਰਮੈਂਟ ਤੋਂ ਬਾਅਦ ਅਰਾਮਦਾਇਕ ਜ਼ਿੰਦਗੀ ਜੀਣ ਦੀ ਇੱਛਾ ਵੀ ਦੇਸ਼ ਛੱਡਣ ਦਾ ਇਕ ਕਾਰਨ ਹੁੰਦੀ ਹੈ। ਜਿਹੜੇ ਲੋਕ ਕਿਸੇ ਕਾਰਨ ਵਿਦੇਸ਼ ਘੁੰਮਣ ਚਲੇ ਜਾਂਦੇ ਹਨ ਤੇ ਉਹ ਤੁਲਨਾਤਮਕ ਤੌਰ ਉੱਤੇ ਉੱਥੇ ਲੋਕਾਂ ਨੂੰ ਵਧੀਆ ਤੇ ਸ਼ਾਂਤਮਈ ਜੀਵਨ ਬਸਰ ਕਰਦਾ ਦੇਖਦੇ ਹਨ ਤਾਂ ਉਹ ਉਸ ਦੇਸ਼ ਵਿੱਚ ਵਸਣ ਦਾ ਸੁਫਨਾ ਸੰਜੋਅ ਲੈਂਦੇ ਹਨ।

ਸਭ ਤੋਂ ਵੱਡਾ ਸਵਾਲ ਇਹ ਹੈ ਕਿ ਜੇਕਰ ਸਾਡਾ ਦੇਸ਼ ਵਿਸ਼ਵ ਗੁਰੂ ਬਣ ਰਿਹਾ ਹੈ ਤਾਂ ਬਾਹਰੋਂ ਆ ਕੇ ਸਾਡੇ ਦੇਸ਼ ਵਿੱਚ ਵਸ ਜਾਣ ਵਾਲਿਆਂ ਦੇ ਵੀ ਅੰਕੜੇ ਹੋਣੇ ਚਾਹੀਦੇ ਸਨ। ਭਾਰਤ ਵਿੱਚ ਆ ਕੇ ਵਸਣ ਵਾਲਿਆਂ ਵਿੱਚ ਤਾਂ ਬੰਗਲਾਦੇਸ਼ੀ ਹਨ ਜਾਂ ਨੇਪਾਲ ਵਾਲੇ, ਜਿਹੜੇ ਪੱਛਮੀ ਦੇਸ਼ਾਂ ਵਿੱਚ ਜਾਣ ਦਾ ਖਰਚ ਝਲਣੋਂ ਅਸਮਰੱਥ ਹੁੰਦੇ ਹਨ। ਭਾਰਤੀਆਂ ਦਾ ਵਿਦੇਸ਼ੀਂ ਜਾ ਕੇ ਵਸਣ ਦਾ ਰੁਝਾਨ ਦੇਸ਼ ਦੇ ਵਿਸ਼ਵ ਗੁਰੂ ਬਣਨ ਦੀਆਂ ਸੰਭਾਵਨਾਵਾਂ ਦਾ ਸੱਚ ਉਜਾਗਰ ਕਰਦਾ ਹੈ।

# ਅਕਾਲੀ ਦਲ : ਇਤਿਹਾਸਕ ਪਿਛੋਕੜ ਤੇ ਮੌਜੂਦਾ ਸੰਕਟ-(2)


ਪਾਵੇਲ ਕੁੱਸਾ

ਪੰਜਾਬੀ ਸੂਬਾ ਬਣਨ ਮਗਰੋਂ ਸੂਬੇ ਦੀ ਹਕੂਮਤੀ ਕੁਰਸੀ 'ਤੇ ਪੱਕੇ ਤੌਰ 'ਤੇ ਕਾਬਜ਼ ਹੋਣ ਦੀ ਅਕਾਲੀ ਦਲ ਦੀ ਚਾਹਤ ਜਦੋਂ ਪੂਰੀ ਨਾ ਹੁੰਦੀ ਜਾਪੀ ਅਤੇ 6-7 ਸਾਲਾਂ ਦੇ ਅਰਸੇ 'ਚ ਸਰਕਾਰਾਂ ਬਣਨ ਤੇ ਟੁੱਟਣ ਦਾ ਅਮਲ ਚੱਲਿਆ ਤੇ ਅਕਾਲੀ ਆਪਣੀ ਪੱਕੀ ਸਰਕਾਰ ਦੀ ਚਾਹਤ ਪੂਰੀ ਨਾ ਕਰ ਸਕੇ ਤਾਂ ਫਿਰ ਆਨੰਦਪੁਰ ਦਾ ਮਤਾ ਲਿਆ ਕੇ ਭਾਰਤੀ ਰਾਜ ਅੰਦਰ ਸਿੱਖਾਂ ਦੇ ਬੋਲਬਾਲੇ ਵਾਲਾ ਖਿੱਤਾ ਉਸਾਰਨ ਦੀਆਂ ਮੰਗਾਂ ਪੇਸ਼ ਕੀਤੀਆਂ। ਇਹਨਾਂ ਮੰਗਾਂ ਦਾ ਸਾਰ ਤੱਤ ਧਰਮ ਅਧਾਰਿਤ ਰਾਜ ਕਾਇਮ ਕਰਨਾ ਹੈ, ਜਿਸ ਵਿੱਚ ਸਿੱਖ ਸੰਗਤ ਦੇ ਨਾਂਅ ਹੇਠ ਸਿੱਖ ਜਗੀਰਦਾਰਾਂ ਤੇ ਕਾਰਪੋਰੇਟਾਂ ਦੀ ਚੌਧਰ ਹੋਵੇਗੀ। ਇਹਨਾਂ ਫਿਰਕੂ ਮੰਗਾਂ ਲਈ ਮੋਰਚਿਆਂ ਦੀ ਰਾਜਨੀਤੀ ਦਾ ਨਵਾਂ ਦੌਰ ਸ਼ੁਰੂ ਕੀਤਾ ਗਿਆ। ਸੱਤਰਵਿਆਂ ਤੋਂ ਸ਼ੁਰੂ ਹੋਇਆ ਇਹ ਦੌਰ 80ਵਿਆਂ ਦੇ ਸ਼ੁਰੂ 'ਚ ਪੰਜਾਬ ਲਈ ਵੱਡਾ ਸੰਤਾਪ ਬਣ ਗਿਆ ਜਿਸ ਦੇ ਜ਼ਿੰਮੇਵਾਰ ਅਕਾਲੀ ਆਗੂ, ਕਾਂਗਰਸੀ ਹੁਕਮਰਾਨ ਤੇ ਅਕਾਲੀ ਦਲ ਦਾ ਬਦਲ ਬਣਾਉਣ ਲਈ ਉਭਾਰੇ ਗਏ ਸਿੱਖ ਬੁਨਿਆਦਪ੍ਰਸਤ ਹਿੱਸੇ ਸਨ। ਇੰਦਰਾ ਹਕੂਮਤ ਨੇ ਪੰਜਾਬ ਅੰਦਰ ਅਕਾਲੀ ਦਲ ਨਾਲ ਸੱਤਾ 'ਤੇ ਕਬਜ਼ੇ ਦੇ ਸ਼ਰੀਕਾ ਭੇੜ 'ਚ ਸਿੱਖ ਧਰਮ ਅੰਦਰਲੇ ਫਿਰਕੂ ਜਨੂੰਨੀ ਤੱਤਾਂ ਨੂੰ ਸ਼ਹਿ ਦੇ ਕੇ ਉਭਾਰਿਆ ਤੇ ਜਿਸ ਦਾ ਸਿੱਟਾ ਦਰਬਾਰ ਸਾਹਿਬ 'ਤੇ ਹਮਲੇ, ਇੰਦਰਾ ਗਾਂਧੀ ਦੇ ਕਤਲ ਤੇ ਦਿੱਲੀ ਸਿੱਖ ਕਤਲੇਆਮ ਵਰਗੀਆਂ ਹਿੰਸਕ ਘਟਨਾਵਾਂ 'ਚ ਨਿਕਲਿਆ ਤੇ ਪੰਜਾਬ ਡੇਢ ਦਹਾਕੇ ਲਈ ਦੋ ਮੂੰਹੀਂ ਦਹਿਸ਼ਤਗਰਦੀ (ਹਕੂਮਤੀ ਤੇ ਖਾਲਿਸਤਾਨੀ ਦਹਿਸ਼ਤਗਰਦੀ) ਦੇ ਪੁੜਾਂ 'ਚ ਪਿਸਦਾ ਰਿਹਾ। ਧਰਮ ਯੁੱਧ ਮੋਰਚੇ ਦੀ ਸਿਆਸਤ ਤੇ ਕਾਂਗਰਸੀ ਹੁਕਮਰਾਨਾਂ ਵੱਲੋਂ ਫਿਰਕੂ ਸਿਆਸਤ ਨੂੰ ਹਵਾ ਦੇਣ ਦੇ ਨਤੀਜੇ ਦੀ ਪੰਜਾਬ ਦੇ ਲੋਕਾਂ ਨੂੰ ਬਹੁਤ ਵੱਡੀ ਕੀਮਤ ਤਾਰਨੀ ਪਈ। ਉਸ ਦੌਰ 'ਚ ਪੰਜਾਬੀ ਬੋਲਦੇ ਇਲਾਕਿਆਂ ਤੇ ਦਰਿਆਈ ਪਾਣੀਆਂ ਦੀ ਵੰਡ ਵਰਗੇ ਪੰਜਾਬ ਦੇ ਜਿਹੜੇ ਮੁੱਦੇ ਉਭਾਰੇ ਜਾਣ ਦਾ ਦਾਅਵਾ ਵੀ ਕੀਤਾ ਗਿਆ, ਉਹਨਾਂ ਨੂੰ ਵੀ ਹਾਕਮ ਜਮਾਤਾਂ ਦੇ ਹਿੱਤਾਂ ਅਨੁਸਾਰ ਸੌੜੇ ਇਲਾਕਾਈ ਚੌਖਟੇ 'ਚ ਤੇ ਫਿਰਕੂ ਰੰਗਤ ਦੇ ਕੇ ਉਭਾਰਿਆ ਗਿਆ। ਇਸ ਸੌੜੀ ਇਲਾਕਾਈ ਤੇ ਫਿਰਕੂ ਪਹੁੰਚ ਨੇ ਗੁਆਂਢੀ ਸੂਬੇ ਦੇ ਲੋਕਾਂ ਨਾਲ ਪਾਟਕ ਪਾਉਣ ਦਾ ਰੋਲ ਨਿਭਾਇਆ ਅਤੇ ਇਹਨਾਂ ਮਸਲਿਆਂ ਦਾ ਮੂੰਹ-ਮੁਹਾਂਦਰਾ ਹੀ ਵਿਗਾੜ ਦਿੱਤਾ। ਉਸ ਤੋਂ ਮਗਰੋਂ ਇਹ ਮੁੱਦੇ ਹਾਕਮ ਜਮਾਤੀ ਸਿਆਸੀ ਸ਼ਤਰੰਜ ਦੀਆਂ ਚਾਲਾਂ 'ਚ ਵਾਰ-ਵਾਰ ਵਰਤੇ ਜਾਂਦੇ ਰਹੇ। 80ਵਿਆਂ ਦੇ ਇਸ ਦੌਰ ਦੇ ਮੁਜਰਮ ਜਿੱਥੇ ਕਾਂਗਰਸੀ ਹੁਕਮਰਾਨ ਤੇ ਖਾਲਿਸਤਾਨੀ ਦਹਿਸ਼ਤਗਰਦ ਸਨ, ਉੱਥੇ ਅਕਾਲੀ ਦਲ ਦੀ ਲੀਡਰਸ਼ਿਪ ਵੀ ਇਹਦੇ 'ਚ ਹਿੱਸੇਦਾਰ ਸੀ, ਜਿਸ ਨੇ ਫਿਰਕੂ ਸਿਆਸਤ ਦੀ ਜ਼ਮੀਨ ਵਿਛਾਉਣ 'ਚ ਭੂਮਿਕਾ ਅਦਾ ਕੀਤੀ ਅਤੇ ਨਾਲ ਹੀ ਖਾਲਿਸਤਾਨੀ ਦਹਿਸ਼ਤਗਰਦਾਂ ਵੱਲੋਂ ਕੀਤੀ ਜਾਂਦੀ ਕਤਲੋਗਾਰਤ ਦੇ ਸਿਰ 'ਤੇ ਕੇਂਦਰੀ ਕਾਂਗਰਸੀ ਹੁਕਮਰਾਨਾਂ ਨਾਲ ਸੌਦੇਬਾਜ਼ੀਆਂ ਕਰਨ 'ਚ ਜੁਟੇ ਰਹੇ। ਇਹ ਅਕਾਲੀ ਦਲ ਵੱਲੋਂ ਕੀਤੀ ਜਾ ਰਹੀ ਮੋਰਚਿਆਂ ਦੀ ਸਿਆਸਤ ਸੀ, ਜਿਸ ਨੇ 80ਵਿਆਂ ਦੇ ਸ਼ੁਰੂਆਤੀ ਦੌਰ ਅੰਦਰ ਜਮਾਤੀ ਸੰਘਰਸ਼ਾਂ ਦਾ ਮੂੰਹਾਂ ਤਲਾਸ਼ ਰਹੀ ਕਿਸਾਨ ਬੇਚੈਨੀ ਨੂੰ ਫਿਰਕੂ ਲੀਹਾਂ 'ਤੇ ਵਗਾਉਣ ਦੀ ਪਿਛਾਖੜੀ ਭੂਮਿਕਾ ਅਦਾ ਕੀਤੀ। ਅਕਾਲੀ ਦਲ ਵੱਲੋਂ ਭਟਕਾਊ ਫਿਰਕੂ ਮੁੱਦਿਆਂ ਦੁਆਲੇ ਕੀਤੀ ਜਾਂਦੀ ਲਾਮਬੰਦੀ ਨੇ ਜਮਾਤੀ ਤਬਕਾਤੀ ਮੁੱਦਿਆਂ ਦੁਆਲੇ ਹੁਕਮਰਾਨਾਂ ਖਿਲਾਫ ਉੱਠ ਰਹੀ ਪੰਜਾਬ ਦੀ ਕਿਸਾਨੀ ਨੂੰ ਪਾਟਕਪਾਊ ਲੀਹਾਂ 'ਤੇ ਤਿਲ੍ਹਕਾਉਣ ਦਾ ਰੋਲ ਅਦਾ ਕੀਤਾ। ਇਹ ਅਕਾਲੀ ਦਲ ਵੱਲੋਂ ਕੇਂਦਰੀ ਕਾਂਗਰਸੀ ਹੁਕਮਰਾਨਾਂ ਨਾਲ ਕੁਰਸੀ ਭੇੜ ਦੌਰਾਨ ਪੰਜਾਬ ਦੀ ਕਿਸਾਨ ਲਹਿਰ ਨੂੰ ਮਾਰੀ ਗਈ ਬੇਹੱਦ ਘਾਤਕ ਫੇਟ ਸੀ, ਜਿਸ ਨੇ ਉੱਠ ਰਹੀ ਕਿਸਾਨੀ ਲਹਿਰ ਨੂੰ ਡੇਢ ਦਹਾਕਾ ਪਿੱਛੇ ਪਾ ਦਿੱਤਾ।

47 ਦੀ ਸੱਤਾ ਬਦਲੀ ਤੋਂ ਮਗਰੋਂ ਅਤੇ ਵਿਸ਼ੇਸ਼ ਕਰਕੇ 60ਵਿਆਂ ਤੋਂ ਲੈ ਕੇ 80ਵਿਆਂ ਦੇ ਦਹਾਕੇ ਤੱਕ ਦੇ ਜਿਸ ਦੌਰ ਬਾਰੇ ਅਕਾਲੀ ਦਲ ਦੀ ਲੀਡਰਸ਼ਿਪ ਵੱਲੋਂ ਪੰਜਾਬ ਤੇ ਸਿੱਖਾਂ ਦੇ ਹਿੱਤਾਂ ਦੇ ਚੈਂਪੀਅਨ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ ਤੇ ਜਿਸ ਬਾਰੇ ਕੁੱਝ ਜਮਹੂਰੀ ਤੇ ਲੋਕ ਹਿੱਤੂ ਹਿੱਸੇ ਵੀ ਭਰਮ 'ਚ ਆਉਂਦੇ ਹਨ, ਉਹ ਦੌਰ ਮੁੱਖ ਤੌਰ 'ਤੇ ਅਕਾਲੀ ਲੀਡਰਸ਼ਿਪ ਵੱਲੋਂ ਸੂਬਿਆਂ ਦੇ ਹਿੱਤਾਂ ਦੇ ਨਾਂਅ 'ਤੇ ਕੇਂਦਰੀ ਹਕੂਮਤ ਨਾਲ ਸੱਤਾ 'ਚ ਹਿੱਸੇਦਾਰੀ ਲਈ ਖੇਡੀ ਜਾਂਦੀ ਰਹੀ ਸੌਦੇਬਾਜ਼ੀ ਦੀ ਖੇਡ ਹੈ। ਸੂਬਿਆਂ ਦੇ ਵੱਧ ਅਧਿਕਾਰਾਂ ਦੇ ਨਾਂਅ 'ਤੇ ਪੰਜਾਬ ਦੀ ਹੁਕਮਰਾਨ ਜਗੀਰਦਾਰ ਜਮਾਤ ਲਈ ਹੋਰ ਗੱਫੇ ਲਗਾ ਸਕਣ ਦੀਆਂ ਸ਼ਕਤੀਆਂ ਹਾਸਲ ਕਰਨ ਦੀ ਸੌਦੇਬਾਜ਼ੀ ਕੀਤੀ ਜਾਂਦੀ ਰਹੀ ਹੈ ਤੇ ਆਮ ਸਿੱਖ ਧਾਰਮਿਕ ਜਨਤਾ ਦੀਆਂ ਧਾਰਮਿਕ ਭਾਵਨਾਵਾਂ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਹਾਸਲ ਕੀਤੇ ਗਏ 'ਵੱਧ ਅਧਿਕਾਰ' ਵੀ ਸਾਮਰਾਜੀ ਕੰਪਨੀਆਂ ਨਾਲ ਸਿੱਧੀਆਂ ਸੌਦੇਬਾਜ਼ੀਆਂ ਕਰਨ ਲਈ ਹੀ ਵਰਤੇ ਜਾਂਦੇ ਰਹੇ ਹਨ। ਪੰਥ ਦੇ ਰਖਵਾਲੇ ਹੋਣ ਦੇ ਦਾਅਵਿਆਂ ਦੇ ਓਹਲੇ 'ਚ ਪੰਜਾਬ ਦੀ ਜਗੀਰਦਾਰ ਤੇ ਧਨਾਢ ਜਮਾਤ ਦੇ ਹਿੱਤਾਂ ਦੀ ਰਖਵਾਲੀ ਕੀਤੀ ਜਾਂਦੀ ਰਹੀ ਤੇ ਉਹਨਾਂ ਦੇ ਵਪਾਰ/ਕਾਰੋਬਾਰ ਵੱਡੇ ਕੀਤੇ ਜਾਂਦੇ ਰਹੇ ਹਨ। ਇਸ ਦੌਰ 'ਚ ਅਕਾਲੀ ਦਲ ਦੇ ਵੋਟ ਬੈਂਕ ਜੱਟ ਸਿੱਖ ਕਿਸਾਨੀ ਦੀ ਇੱਕ ਛੋਟੀ ਪਰਤ ਹਰੇ ਇਨਕਲਾਬ ਦੇ ਲਾਹੇ ਨਾਲ ਸਰਦੀ-ਪੁੱਜਦੀ ਜਮਾਤ 'ਚ ਹਾਸਲ ਹੋਈ ਤੇ ਉਹ ਅਕਾਲੀ ਦਲ ਦੀਆਂ ਲੀਡਰਸ਼ਿਪਾਂ ਦੀਆਂ ਪਰਤਾਂ ਵਜੋਂ ਉੱਭਰ ਕੇ ਆਈ, ਜਦਕਿ ਬਹੁ-ਗਿਣਤੀ 'ਚ ਗਰੀਬ ਜੱਟ ਸਿੱਖ ਕਿਸਾਨੀ ਵੋਟ ਵਜੋਂ ਅਕਾਲੀ ਦਲ ਦਾ ਵੋਟ ਬੈਂਕ ਬਣੀ ਰਹੀ। ਇਹ ਧਰਮ ਅਧਾਰਿਤ ਸਿਆਸਤ ਸੀ, ਜਿਸ ਨੇ ਗਰੀਬ ਤੇ ਬੇ-ਜ਼ਮੀਨੇ ਕਿਸਾਨਾਂ ਨੂੰ ਸਿੱਖ ਪਛਾਣ ਵਜੋਂ ਜਗੀਰਦਾਰਾਂ ਤੇ ਕਾਰੋਬਾਰੀ ਧਨਾਢ ਸਿੱਖਾਂ ਦੇ ਵੋਟ ਬੈਂਕ ਵਜੋਂ ਕਾਇਮ ਰੱਖਿਆ। ਇਸੇ ਦੌਰ 'ਚ ਹੀ ਐਮਰਜੈਂਸੀ ਦੇ ਕੀਤੇ ਗਏ ਵਿਰੋਧ ਨੂੰ ਵੀ ਅਕਾਲੀ ਦਲ ਦੇ ਵੱਡੇ ਜਮਹੂਰੀ ਅੰਦੋਲਨ ਵਜੋਂ ਪੇਸ਼ ਕੀਤਾ ਜਾਂਦਾ ਹੈ, ਜਦਕਿ ਵਿਰੋਧ ਦਾ ਇਹ ਪੈਂਤੜਾ ਅਕਾਲੀ ਦਲ ਦੀ ਖੇਤਰੀ ਸਿਆਸਤ ਦੀਆਂ ਲੋੜਾਂ 'ਚ ਹੀ ਨਿਕਲਦਾ ਸੀ ਜਿਵੇਂ ਹੋਰਨਾਂ ਖੇਤਰੀ ਹਾਕਮ ਜਮਾਤੀ ਪਾਰਟੀਆਂ ਨੇ ਵੀ ਇੰਦਰਾ ਹਕੂਮਤ ਵੱਲੋਂ ਲਾਈ ਗਈ ਐਮਰਜੈਂਸੀ ਦਾ ਵਿਰੋਧ ਕੀਤਾ ਸੀ। ਇਹ ਵਿਰੋਧ ਹਾਕਮ ਜਮਾਤੀ ਪੈਂਤੜੇ ਤੋਂ ਹੀ ਸੀ, ਇਹਦੇ 'ਚ ਲੋਕਾਂ ਦੀਆਂ ਕਿਰਤੀ ਜਮਾਤਾਂ ਦੇ ਹਿਤ ਤੇ ਬੁਨਿਆਦੀ ਸਰੋਕਾਰ ਨਹੀਂ ਸਨ। ਇਹ ਤਾਂ ਅਕਾਲੀ ਦਲ ਦੀ ਕੇਂਦਰੀ ਹਕੂਮਤ ਨਾਲ ਸੌਦੇਬਾਜ਼ੀ ਲਈ ਕੀਤੀ ਜਾਂਦੀ ਮੋਰਚਿਆਂ ਦੀ ਸਿਆਸਤ ਸੀ ਅਤੇ ਅਜਿਹਾ ਵਿਰੋਧ ਕੀਤਾ ਜਾਣਾ ਉਸ ਸਿਆਸਤ ਦੀਆਂ ਹੀ ਜ਼ਰੂਰਤਾਂ ਸਨ। ਅਕਾਲੀ ਦਲ ਦੀ ਲੀਡਰਸ਼ਿਪ ਨੂੰ ਐਮਰਜੈਂਸੀ ਦੀਆਂ ਜੇਲ੍ਹਾਂ ਦੌਰਾਨ ਮਿਲੀਆਂ ਸੁੱਖ ਸਹੂਲਤਾਂ ਵੀ ਦੱਸਦੀਆਂ ਸਨ ਕਿ ਇਹ ਕਿਸੇ ਲੋਕ ਪੱਖੀ ਸ਼ਕਤੀ ਨਾਲ ਹਾਕਮਾਂ ਦਾ ਸਲੂਕ ਨਹੀਂ ਸਗੋਂ ਉਹਨਾਂ ਦੇ ਆਪਣੇ ਹਿੱਸੇ ਪ੍ਰਤੀ ਅਪਣਾਇਆ ਗਿਆ ਰਵੱਈਆ ਸੀ। ਐਮਰਜੈਂਸੀ ਦਾ ਵਿਰੋਧ ਕਰਦੀਆਂ ਖਰੀਆਂ ਲੋਕ ਪੱਖੀ ਸ਼ਕਤੀਆਂ ਪ੍ਰਤੀ ਸੱਤਾ ਦਾ ਰਵੱਈਆ ਇਹ ਸੀ ਕਿ ਉਹਨਾਂ ਦੇ ਆਗੂਆਂ ਨੂੰ ਇੰਟੈਰੋਗੇਸ਼ਨ ਸੈਂਟਰਾਂ 'ਚ ਪੁੱਠੇ ਲਟਕਾਇਆ ਗਿਆ ਸੀ ਜਦਕਿ ਅਕਾਲੀ ਲੀਡਰਾਂ ਨੂੰ ਜਨ ਸੰਘੀਆਂ ਤੇ ਹੋਰਨਾਂ ਹਾਕਮ ਜਮਾਤੀ ਸਿਆਸਤਦਾਨਾਂ ਵਾਂਗ ਜੇਲ੍ਹਾਂ ਅੰਦਰ ਵੀ ਪਹਿਲਾਂ ਵਾਲੀਆਂ ਸਹੂਲਤਾਂ ਦਿੱਤੀਆਂ ਗਈਆਂ ਸਨ। ਇਹ ਉਸ ਵੇਲੇ ਦੀ ਅਕਾਲੀ ਲੀਡਰਸ਼ਿਪ ਦੇ ਜਮਾਤੀ ਖਾਸੇ ਦਾ ਇੱਕ ਸਬੂਤ ਵੀ ਸੀ, ਜਿਸ ਦੀ ਸਿੱਕੇਬੰਦ ਗਵਾਹੀ ਉਹ ਪਹਿਲੀ ਵਾਰ ਸੂਬੇ 'ਚ ਸੱਤਾ ਸੰਭਾਲਣ ਦੌਰਾਨ ਦੇ ਚੁੱਕੀ ਸੀ।

80ਵਿਆਂ ਦੇ ਇਸ ਦੌਰ 'ਚ ਹੀ ਅਕਾਲੀ ਸਿਆਸਤ ਅੰਦਰ ਵੱਖ ਵੱਖ ਧੜਿਆਂ ਦੀ ਟੁੱਟ ਭੱਜ ਦਾ ਅਮਲ ਵੀ ਚੱਲਿਆ। ਚੱਕਵੀਂ ਫਿਰਕੂ ਸੁਰ ਵਾਲੇ ਰੁਝਾਨ ਵੀ ਉੱਭਰਦੇ ਰਹੇ ਤੇ ਕਈ ਧੜੇ ਟੁੱਟਦੇ, ਜੁੜਦੇ ਵੀ ਰਹੇ। ਖਾਲਿਸਤਾਨੀ ਤੇ ਹਕੂਮਤੀ ਦਹਿਸ਼ਤਗਰਦੀ ਦੇ ਦੌਰ ਮਗਰੋਂ 90ਵਿਆਂ ਦੇ ਅੱਧ ਦੌਰਾਨ ਬਾਦਲ ਧੜਾ ਬਾਕੀਆਂ ਨਾਲੋਂ ਮਜ਼ਬੂਤ ਹੋ ਕੇ ਉੱਭਰਿਆ ਤੇ 1997 'ਚ ਭਾਜਪਾ ਨਾਲ ਰਲ ਕੇ ਪੰਜਾਬ ਦੀ ਕੁਰਸੀ 'ਤੇ ਬੈਠਾ। ਬਾਦਲ ਧੜੇ ਨੇ ਫਿਰਕਾਪ੍ਰਸਤੀ ਤੇ ਦਹਿਸ਼ਤਗਰਦੀ ਦਾ ਦੌਰ ਹੰਢਾ ਕੇ ਹਟੇ ਪੰਜਾਬੀਆਂ ਦੀ ਨਬਜ਼ ਨੂੰ ਫੜਦਿਆਂ ਫਿਰਕੂ ਸੁਰ ਨੂੰ ਮੱਧਮ ਕੀਤਾ ਤੇ ਭਾਜਪਾ ਨਾਲ ਕੀਤੇ ਗਏ ਸਿਰੇ ਦੇ ਮੌਕਾਪ੍ਰਸਤ ਗੱਠਜੋੜ ਨੂੰ ਪੰਜਾਬ ਅੰਦਰ ਅਮਨ ਦੀ ਗਾਰੰਟੀ ਦੇ ਜ਼ਰੀਏ ਵਜੋਂ ਪੇਸ਼ ਕੀਤਾ। ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਹੋਣ ਨਾਲ ਸਿੱਖ ਸੰਸਥਾਵਾਂ ਦੀ ਵਰਤੋਂ ਆਪਣੇ ਲੋਕ ਦੋਖੀ ਰਾਜਕੀ ਮੰਤਵਾਂ ਲਈ ਬੇ-ਪ੍ਰਵਾਹ ਹੋ ਕੇ ਕੀਤੀ। ਅਕਾਲੀ ਦਲ (ਬਾਦਲ) ਹੀ ਸਿੱਖ ਧਾਰਮਿਕ ਜਨਤਾ 'ਚ ਅਕਾਲੀ ਦਲ ਵਜੋਂ ਉੱਭਰਿਆ ਅਤੇ ਬਾਕੀ ਅਕਾਲੀ ਧੜੇ ਨਵੀਆਂ ਆਰਥਿਕ ਨੀਤੀਆਂ ਦੇ ਦੌਰ 'ਚ ਹਾਕਮ ਜਮਾਤੀ ਸਿਆਸਤ ਦੇ ਪੁਰਾਣੇ ਪੈਂਤੜਿਆਂ ਨਾਲ ਗੈਰ-ਪ੍ਰਸੰਗਿਕ ਹੋ ਗਏ। ਖਾਸ ਕਰਕੇ ਫਿਰਕੂ ਸਿਆਸਤ ਨੂੰ ਹੁੰਗਾਰਾ ਨਾ ਹੋਣ ਕਾਰਨ ਚੱਕਵੀਂ ਫਿਰਕੂ ਸੁਰ ਵਾਲੇ ਹਿੱਸੇ ਤਾਂ ਹਾਕਮ ਜਮਾਤੀ ਸਿਆਸਤ ਦੇ ਹਾਸ਼ੀਏ 'ਤੇ ਹੀ ਧੱਕੇ ਗਏ। ਇਸ ਦੌਰ 'ਚ ਵੀ ਅਕਾਲੀ ਦਲ ਬਾਦਲ ਨੂੰ ਸਿਰਫ ਸਿੱਖ ਵੋਟਾਂ ਰਾਹੀਂ ਸੱਤਾ 'ਚ ਬਣੇ ਰਹਿਣ ਦੀਆਂ ਕਠਿਨਾਈਆਂ ਦਾ ਅਹਿਸਾਸ ਸੀ। ਇਸ ਲਈ ਬਾਦਲ ਨੇ ਅਕਾਲੀ ਦਲ ਦੀ ਸਿੱਖ ਫਿਰਕੂ ਸੁਰ ਨੂੰ ਮੱਧਮ ਰੱਖਦਿਆਂ ਇਸ ਨੂੰ ਪੰਜਾਬੀਆਂ ਦੀ ਪਾਰਟੀ ਵਜੋਂ ਪੇਸ਼ ਕਰਨ ਦਾ ਯਤਨ ਕੀਤਾ। ਇਸ ਪੇਸ਼ਕਾਰੀ ਦੀਆਂ ਜ਼ਰੂਰਤਾਂ ਹੋਰਨਾਂ ਹਿੱਸਿਆਂ 'ਚ ਵੀ ਵੋਟ ਬੈਂਕ ਦਾ ਪਸਾਰਾ ਕਰਨ ਦੀਆਂ ਸਨ। ਇਸ ਵੋਟ ਸਿਆਸਤ 'ਚ ਇੱਕ ਹੱਥ ਤਾਂ ਬਾਦਲ ਨੇ ਸ਼੍ਰੋਮਣੀ ਕਮੇਟੀ 'ਤੇ ਕਬਜ਼ਾ ਕਾਇਮ ਰੱਖਣਾ ਸੀ ਤੇ ਜੱਟ ਸਿੱਖ ਵੋਟ ਅਧਾਰ ਨੂੰ ਕਾਇਮ ਰੱਖਣਾ ਸੀ, ਜਦਕਿ ਦੂਜੇ ਪਾਸੇ ਭਾਜਪਾ ਨਾਲ ਮੌਕਾਪ੍ਰਸਤ ਗੱਠਜੋੜ ਕਾਇਮ ਰੱਖਣਾ ਸੀ ਤੇ ਹੋਰਨਾਂ ਤਬਕਿਆਂ/ਜਮਾਤਾਂ 'ਚ ਵੋਟ ਬੈਂਕ ਬਣਾਉਣਾ ਸੀ। ਇਸ 'ਚ ਇੱਕ ਅਹਿਮ ਟੇਕ ਡੇਰਿਆਂ 'ਤੇ ਸੀ ਜੋ ਟਕਸਾਲੀ ਸਿੱਖ ਧਾਰਮਿਕ ਸੰਸਥਾਵਾਂ 'ਚ ਸਮੋਣੇ ਕਠਿਨ ਸਨ, ਕਿਉਂ ਜਾਤਪਾਤੀ ਵਿਤਕਰੇ ਡੇਰਿਆਂ ਦੇ ਉਭਾਰ 'ਚ ਇੱਕ ਅਹਿਮ ਕਾਰਨ ਸਨ। ਡੇਰਿਆਂ ਨੂੰ ਬਾਦਲ ਸਰਕਾਰ ਦੀ ਦਿੱਤੀ ਗਈ ਸਰਪ੍ਰਸਤੀ ਨੂੰ ਗੈਰ-ਪ੍ਰਸੰਗਿਕ ਹੋ ਚੁੱਕੇ ਤਿੱਖੀ ਫਿਰਕੂ ਸੁਰ ਵਾਲੇ ਅਕਾਲੀ ਧੜਿਆਂ ਨੇ ਮੁੱਦਾ ਬਣਾਉਣ ਲਈ ਵਰਤਿਆ ਤੇ ਬਾਦਲ ਨੂੰ ਸਿੱਖ ਦੋਖੀ ਆਗੂ ਵਜੋਂ ਨਸ਼ਰ ਕਰਨਾ ਸ਼ੁਰੂ ਕਰ ਦਿੱਤਾ। ਜਿਸ ਦਾ ਸਿਖਰ ਬੇਅਦਬੀ ਦੀਆਂ ਘਟਨਾਵਾਂ ਵੇਲੇ ਸੀ, ਜਦੋਂ ਬਾਦਲ ਹਕੂਮਤ ਵੱਲੋਂ ਲੋਕਾਂ 'ਤੇ ਕੀਤੇ ਜਬਰ ਨੇ ਉਸ ਨੂੰ ਸਿੱਖ ਦੋਖੀ ਹਕੂਮਤ ਵਜੋਂ ਲੋਕ ਮਨਾਂ 'ਚ ਸਥਾਪਤ ਕਰ ਦਿੱਤਾ। ਇਸ ਫਿਰਕੂ ਸਿਆਸਤ ਦਰਮਿਆਨ ਹੀ ਬਾਦਲ ਨੇ ਨਵ-ਉਦਾਰਵਾਦੀ ਨੀਤੀਆਂ ਨੂੰ ਪੂਰੇ ਧੜੱਲੇ ਨਾਲ ਲਾਗੂ ਕੀਤਾ, ਜਿਸ ਵਿੱਚ ਸੂਬੇ ਅੰਦਰ ਨਿੱਜੀ ਪੂੰਜੀ ਵੱਲੋਂ ਲੋਕਾਂ ਤੇ ਸੂਬੇ ਦੇ ਸੋਮਿਆਂ ਦੀ ਲੁੱਟ ਦਾ ਅਮਲ ਬਹੁਤ ਤਿੱਖਾ ਹੋ ਗਿਆ। ਜਿਹੜਾ ਅਕਾਲੀ ਦਲ ਕਦੇ ਅੰਗਰੇਜ਼ ਸਾਮਰਾਜੀਆਂ ਖ਼ਿਲਾਫ਼ ਲੜਿਆ ਸੀ, ਉਸ ਦੀ ਵਿਰਾਸਤ ਦੇ ਦਾਅਵੇਦਾਰ ਸਭਨਾਂ ਸਾਮਰਾਜੀ ਕੰਪਨੀਆਂ ਨੂੰ ਪੰਜਾਬ ਸੱਦ ਕੇ ਲੁਟਾਉਣ ਨੂੰ ਵਿਕਾਸ ਕਹਿਣ ਲੱਗ ਗਏ ਤੇ ਇਉਂ ਸਾਮਰਾਜੀਆਂ ਨਾਲ ਸੰਘਰਸ਼ ਦੀ ਵਿਰਾਸਤ ਦੇ ਦਾਅਵਿਆਂ ਦੇ ਓਹਲੇ 'ਚ ਉਹਨਾ ਦੀ ਸੇਵਾ 'ਚ ਜੁਟੇ ਰਹੇ।

ਅਕਾਲੀ ਦਲ ਬਾਦਲ ਦਾ ਲੋਕਾਂ ਦੇ ਨੱਕੋਂ ਬੁੱਲ੍ਹੋਂ ਲਹਿ ਜਾਣ। ਇਹ ਹਸ਼ਰ ਸੁਖਬੀਰ ਬਾਦਲ ਦੀ ਕਮਜ਼ੋਰ ਲੀਡਰਸ਼ਿਪ ਕਾਰਨ ਨਹੀਂ ਹੈ, ਸਗੋਂ ਇਹ ਇੱਕ ਅਜਿਹੀ ਹਾਕਮ ਜਮਾਤੀ ਪਾਰਟੀ ਦੇ ਨਿਘਾਰ ਤੇ ਪਤਨ ਦਾ ਅਮਲ ਹੈ, ਜਿਸ ਨੇ ਨਵ-ਉਦਾਰਵਾਦੀਆਂ ਨੀਤੀਆਂ ਦੇ ਦੌਰ 'ਚ ਧਰਮ, ਸਿਆਸਤ ਤੇ ਕਾਰੋਬਾਰ ਦੇ ਗੱਠਜੋੜ ਦੀ ਥੋਕ ਵਰਤੋਂ ਕੀਤੀ ਹੈ ਤੇ ਇਸ ਗੱਠਜੋੜ ਨਾਲ ਇਹਦੀ ਲੀਡਰਸ਼ਿਪ ਕਾਰੋਬਾਰੀ ਸਿਆਸਤਦਾਨਾਂ ਤੇ ਧਰਮ ਦੋਖੀਆਂ ਵਜੋਂ ਲੋਕਾਂ 'ਚ ਆਖਰ ਨਸ਼ਰ ਹੋ ਗਈ ਹੈ। ਇਹ ਹਸ਼ਰ ਬਾਦਲ ਵਰਗੇ ਘਾਗ ਸਿਆਸਤਦਾਨ ਦੇ ਹੁੰਦਿਆਂ ਸ਼ੁਰੂ ਹੋਇਆ ਹੈ ਤੇ ਉਸ ਦੇ 'ਕਰ ਕਮਲਾਂ' ਨਾਲ ਹੀ ਹੋਇਆ ਹੈ। ਅਕਾਲੀ ਦਲ ਦਾ ਇਹ ਸੰਕਟ ਸਾਮਰਾਜੀ ਮੁਲਕਾਂ ਵੱਲੋਂ ਲੁੱਟ ਤੇਜ਼ ਕਰਨ ਲਈ ਲਿਆਂਦੀਆਂ ਗਈਆਂ ਨਵ-ਉਦਾਰਵਾਦੀ ਨੀਤੀਆਂ ਲਾਗੂ ਕਰ ਰਹੀਆਂ ਹਾਕਮ ਜਮਾਤੀ ਪਾਰਟੀਆਂ ਦੇ ਸੰਕਟ ਦਾ ਇੱਕ ਨਮੂਨਾ ਹੈ। ਇਸ ਦੌਰ 'ਚ ਲੋਕਾਂ ਨੂੰ ਰਿਆਇਤਾਂ ਦੇ ਕੇ ਵਰਾਉਣ-ਵਰਚਾਉਣ ਤੇ ਵੋਟ ਬੈਂਕ ਵੱਲੋਂ ਪਾਲਣਾ-ਪੋਸ਼ਣਾ ਕਰੀ ਰੱਖਣ ਲਈ ਤਾਂ ਬਹੁਤ ਕੁੱਝ ਨਹੀਂ ਹੈ ਤਾਂ ਇੱਕ ਅਰਸੇ ਬਾਅਦ ਲੋਕਾਂ ਦੇ ਹਕੀਕੀ ਜਮਾਤੀ ਮੁੱਦਿਆਂ ਦਾ ਜ਼ੋਰ ਉੱਘੜ ਆਉਂਦਾ ਹੈ ਤੇ ਭਰਮਾਊ ਭਟਕਾਊ ਮੁੱਦਿਆਂ ਦਾ ਹੂੰਝਾ ਕਮਜ਼ੋਰ ਪੈ ਜਾਂਦਾ ਹੈ। ਮੌਜੂਦਾ ਲੋਕ ਸਭਾ ਚੋਣਾਂ 'ਚ ਭਾਜਪਾ ਦੀਆਂ ਸੀਟਾਂ ਦਾ ਘਟਣਾ ਵੀ ਏਸੇ ਅਮਲ ਦੇ ਅੱਗੇ ਵਧਣ ਦੇ ਸੰਕੇਤ ਹਨ, ਜਿਸ ਵਿੱਚ ਭਾਜਪਾ ਦੇ ਫਿਰਕੂ ਨਾਅਰਿਆਂ ਮੁਕਾਬਲੇ ਲੋਕਾਂ ਦੇ ਹਕੀਕੀ ਮੁੱਦਿਆਂ ਦਾ ਜ਼ੋਰ ਪ੍ਰਗਟ ਹੋਇਆ ਹੈ। ਧਰਮ ਦੀ ਰਾਖੀ ਦੇ ਨਾਅਰਿਆਂ ਦੀ ਹੂੰਝਾ ਫੇਰ ਧੂਹ ਕਮਜ਼ੋਰ ਪਈ ਹੈ ਅਤੇ ਭਾਜਪਾ ਦੀ ਅਡਾਨੀ-ਅੰਬਾਨੀ ਨਾਲ ਯਾਰੀ ਦੀ ਹਕੀਕਤ ਨੇ ਕੁੱਝ ਕੁ ਰੰਗ ਦਿਖਾਇਆ ਹੈ। ਅਕਾਲੀ ਦਲ ਬਾਦਲ ਏਸੇ ਬਿਰਤਾਂਤ ਨੂੰ ਹੰਢਾ ਚੁੱਕਿਆ ਕਿਹਾ ਜਾ ਸਕਦਾ ਹੈ।

ਅਕਾਲੀ ਦਲ ਦੇ ਖੁਰਦੇ ਜਨਤਕ ਅਧਾਰ ਤੇ ਵੋਟ ਸਿਆਸਤ 'ਚ ਪੱਛੜ ਜਾਣ ਨੇ ਇਸ ਦੇ ਅੰਦਰਲੀਆਂ ਧੜੇਬੰਦੀਆਂ ਨੂੰ ਡੂੰਘਾ ਕਰ ਦਿੱਤਾ ਹੈ ਤੇ ਅਕਾਲੀ ਦਲ ਦੇ ਪ੍ਰਧਾਨ ਲਈ ਨਵੀਆਂ ਮੁਸ਼ਕਿਲਾਂ ਖੜ੍ਹੀਆਂ ਕਰ ਦਿੱਤੀਆਂ ਹਨ। ਜੇ ਕਹਿਣਾ ਹੋਵੇ ਕਿ ਸੁਖਬੀਰ ਬਾਦਲ ਤਾਂ ਰਾਜੇ ਦਾ ਅਜਿਹਾ ਸ਼ਹਿਜ਼ਾਦਾ ਹੈ, ਜੋ ਆਪਣੀਆਂ ਸਭ ਅਯੋਗਤਾਵਾਂ ਦੇ ਬਾਵਜੂਦ ਰਾਜ ਗੱਦੀ 'ਤੇ ਬੈਠਣ ਦੀ ਯੋਗਤਾ ਬਣਾਉਣ ਦੀ ਜ਼ਿੱਦ ਕਰ ਰਿਹਾ ਹੈ। ਪਰ ਹੁਣ ਮੁਲਕ ਦੀਆਂ ਹਾਕਮ ਜਮਾਤਾਂ ਆਪਣੇ 'ਚੋਂ ਜ਼ਿਆਦਾ ਬਿਹਤਰ ਸੇਵਾਦਾਰ ਤਲਾਸ਼ਣ ਲਈ 'ਲੋਕਤੰਤਰਿਕ ਪ੍ਰਕਿਰਿਆਵਾਂ' ਦਾ ਸਹਾਰਾ ਲੈਂਦੀਆਂ ਹਨ ਤੇ ਹਾਕਮ ਜਮਾਤਾਂ ਦਾ ਸਭ ਤੋਂ ਢੁੱਕਵਾਂ ਸੇਵਾਦਾਰ ਸਾਬਿਤ ਹੋਣ ਲਈ ਲੋਕਾਂ ਨੂੰ ਸਿਆਸੀ ਤੌਰ 'ਤੇ ਭਰਮਾਉਣ ਦੀ ਯੋਗਤਾ-ਸਮਰੱਥਾ ਸਾਬਿਤ ਕਰਨੀ ਪੈਂਦੀ ਹੈ। ਇਸ ਦੌਰ 'ਚ ਅਜਿਹੀ ਸਮਰੱਥਾ ਤਾਂ ਵੱਡੇ ਬਾਦਲ ਸਾਹਿਬ ਲਈ ਦਰਸਾਉਣੀ ਔਖੀ ਹੋ ਗਈ ਸੀ, ਸੁਖਬੀਰ ਦੀ ਲੀਡਰਸ਼ਿਪ ਤਾਂ ਅਜੇ ਦੂਰ ਦੀ ਕੌਡੀ ਹੈ। ਪ੍ਰਕਾਸ਼ ਸਿੰਘ ਬਾਦਲ ਦੇ ਆਖਰੀ ਦੌਰ ਦਾ ਹਸ਼ਰ ਹਾਕਮ ਜਮਾਤੀ ਸਿਆਸਤ 'ਚ ਕੱਦਾਵਰ ਸ਼ਖ਼ਸੀਅਤਾਂ ਨੂੰ ਬੌਣੇ ਹੋ ਜਾਣ ਦੇ ਮਿਲੇ ਸਰਾਪ ਦਾ ਸਿੱਟਾ ਹੈ, ਜਿਹੜਾ ਸਰਾਪ ਸੰਕਟਾਂ ਦੇ ਇਸ ਦੌਰ 'ਚ ਨਵੀਆਂ ਆਰਥਿਕ ਨੀਤੀਆਂ ਦਾ ਹੱਲਾ ਨਾਲ ਲੈ ਕੇ ਆਇਆ ਹੈ। ਅਕਾਲੀ ਦਲ ਦੀ ਲੀਡਰਸ਼ਿਪ ਬਦਲੀ ਰਾਹੀਂ ਇਸ ਤੋਂ ਲੋਕਾਂ ਦੇ ਹਿੱਤ 'ਚ ਕੁੱਝ ਕਰ ਗੁਜ਼ਰਨ ਦੀਆਂ ਉਮੀਦਾਂ ਰੱਖਦੇ ਲੋਕ ਹਿਤੂ ਹਲਕਿਆਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਪੰਜਾਬ ਦੇ ਸੰਕਟਾਂ ਦਾ ਹੱਲ ਫ਼ਿਰਕੂ ਤੇ ਇਲਾਕਾਈ ਸ਼ਾਵਨਵਾਦੀ ਹਥਿਆਰਾਂ ਨੂੰ ਵਰਤ ਕੇ ਹਾਕਮ ਜਮਾਤਾਂ ਦੀ ਸੇਵਾ ਕਰਦੀ ਆ ਰਹੀ ਕਿਸੇ ਹਾਕਮ ਜਮਾਤੀ ਪਾਰਟੀ ਦੀ ਅਗਵਾਈ 'ਚ ਨਹੀਂ ਹੈ, ਸਗੋਂ ਪੰਜਾਬ ਦੇ ਮਿਹਨਤਕਸ਼ ਲੋਕਾਂ ਵੱਲੋਂ ਮੁਲਕ ਭਰ ਦੀਆਂ ਕਿਰਤੀ ਜਮਾਤਾਂ ਨਾਲ ਰਲ ਕੇ ਖਰਾ ਲੋਕ ਪੱਖੀ ਇਨਕਲਾਬੀ ਸਿਆਸੀ ਬਦਲ ਉਸਾਰਨ 'ਚ ਹੈ। ਜਿਸ ਬਦਲ ਦਾ ਤੱਤ ਸਾਮਰਾਜਵਾਦ ਵਿਰੋਧੀ ਤੇ ਜਗੀਰਦਾਰ ਵਿਰੋਧੀ ਹੋਣਾ ਹੈ। ਇਸ ਬਦਲ ਦੀ ਉਸਾਰੀ ਮੁੱਖ ਤੌਰ 'ਤੇ ਭਾਰਤੀ ਹਾਕਮ ਜਮਾਤਾਂ ਦੀਆਂ ਪਾਰਲੀਮਾਨੀ ਸੰਸਥਾਵਾਂ ਤੋਂ ਬਾਹਰ ਹੋਣੀ ਹੈ। ਇਸ ਬਦਲ ਨਾਲ ਹੀ ਪੰਜਾਬੀ ਕੌਮੀਅਤ ਦੇ ਵਿਕਾਸ ਦੇ ਬੂਹੇ ਖੁੱਲ੍ਹ ਸਕਦੇ ਹਨ ਤੇ ਹਰ ਤਰ੍ਹਾਂ ਦੀਆਂ ਧਾਰਮਿਕ ਆਜ਼ਾਦੀਆਂ ਦੀ ਵੀ ਗਾਰੰਟੀ ਹੋ ਸਕਦੀ ਹੈ। ਇਸ ਬਦਲ ਦੀ ਉਸਾਰੀ ਲਈ ਲੋਕਾਂ ਨੂੰ ਆਪਣੀ ਖਰੀ ਇਨਕਲਾਬੀ ਸਿਆਸੀ ਪਾਰਟੀ ਦੀ ਲੋੜ ਹੈ। ਲੋਕਾਂ ਲਈ ਕਿਸੇ ਸਾਰਥਿਕ ਜਮਹੂਰੀ ਬਦਲ ਉਸਾਰਨਾ ਲੋਚਦੇ ਹਿੱਸਿਆਂ ਨੂੰ ਅਕਾਲੀ ਦਲ ਦੀ ਪੁਨਰ ਸੁਰਜੀਤੀ ਤੋਂ ਉਮੀਦਾਂ ਲਾਹ ਕੇ, ਲੋਕਾਂ ਦੀ ਹਕੀਕੀ ਜਮਹੂਰੀ ਜਥੇਬੰਦ ਤਾਕਤ ਦੀ ਉਸਾਰੀ ਲਈ ਸੋਚਣਾ ਚਾਹੀਦਾ ਹੈ। ਹਾਕਮ ਜਮਾਤਾਂ ਵੱਲੋਂ ਜ਼ੁੰਮੇ ਲੱਗੀ ਸੇਵਾ ਅਕਾਲੀ ਦਲ ਨਿਭਾਅ ਚੁੱਕਾ ਹੈ ਤੇ ਹੁਣ ਉਹਨਾਂ ਕੋਲ ਨਵੇਂ ਦੌਰ ਲਈ ਹੋਰ ਬਥੇਰੇ ਨਵੇਂ ਸੇਵਾਦਾਰ ਹਾਜ਼ਰ ਹਨ, ਜੋ ਇਸ 'ਸੇਵਾ ਭਾਵਨਾ' ਨਾਲ ਤਖਤ ਮੱਲਣ ਲਈ ਕਤਾਰ ਬੰਨ੍ਹੀ ਖਲੋਤੇ ਹਨ ਤੇ ਸਿੱਖ ਧਾਰਮਿਕ ਜਨਤਾ ਦੀਆਂ ਭਾਵਨਾਵਾਂ ਦੀ ਵਰਤੋਂ ਰਾਹੀਂ ਸੱਤਾ ਤੱਕ ਪੁੱਜਣ ਲਈ ਪਰ ਤੋਲ ਰਹੇ ਹਨ। ਇਹਨਾਂ ਦਿਨਾਂ 'ਚ ਪਰ ਤੋਲਣ ਦੀਆਂ ਇਹ ਕਸਰਤਾਂ ਕਾਫੀ ਤੇਜ਼ ਹੋ ਚੁੱਕੀਆਂ ਹਨ। ਇਹ ਕਸਰਤਾਂ ਪੰਜਾਬ ਦੀ ਆਬੋ ਹਵਾ 'ਚ ਫਿਰਕੂ ਜ਼ਹਿਰ ਘੋਲਣ ਦਾ ਕਾਰਨ ਬਣਨੀਆਂ ਹਨ। ਇਹਨਾਂ ਪਿਛਾਖੜੀ ਕੋਸ਼ਿਸ਼ਾਂ ਨੂੰ ਨਾਕਾਮ ਕਰਨ ਲਈ ਅਕਾਲੀ ਦਲ ਦੀ ਮਜ਼ਬੂਤੀ ਨਹੀਂ, ਸਗੋਂ ਧਰਮ ਨਿਰਪੱਖ ਲੀਹਾਂ 'ਤੇ ਉਸਰਨ ਵਾਲੀ ਤੇ ਜਮਾਤੀ ਸੰਘਰਸ਼ਾਂ ਦੀ ਅਗਵਾਈ ਕਰਨ ਵਾਲੀ ਲੋਕਾਂ ਦੀ ਆਪਣੀ ਖਰੀ ਸਿਆਸੀ ਸ਼ਕਤੀ ਦੀ ਲੋੜ ਹੈ।

(ਸਮਾਪਤ)

# ਸੰਪਰਕ : 94170-54015

# ਉਦਾਰੀਕਰਨ ਦੀਆਂ ਨੀਤੀਆਂ ਤੇ ਸਿਆਸਤ ਦਾ ਅਪਰਾਧੀਕਰਨ


ਪਵਨ ਕੁਮਾਰ ਕੌਸ਼ਲ

ਸਭ ਤੋਂ ਵੱਧ ਭ੍ਰਿਸ਼ਟਾਚਾਰ, ਗੁੰਡਾਕਰਦੀ, ਬੇਈਮਾਨੀ, ਕਤਲ ਰਾਜਨੀਤਕ ਅਤੇ ਫਿਰੌਤੀਆਂ ਲੈਣ ਲਈ ਅਗਵਾ ਕਰਨ, ਜਨਤਕ ਜਇਦਾਦ ਉਪਰ ਨਾਜਾਇਜ਼ ਕਬਜ਼ੇ ਕਰਨ ਵਾਲੇ, ਨਸ਼ਾ ਤਸਕਰ, ਅਤੇ ਹੋਰ ਗੈਰ-ਕਾਨੰਨੀ ਧੰਦਾ ਕਰਨ ਵਾਲਿਆਂ ਸਭ ਦੇ ਟੋਚਨ ਰਾਜ ਕਰਦੀਆਂ ਪਾਰਟੀਆਂ ਨਾਲ ਜੁੜੇ ਹੁੰਦੇ ਹਨ। ਇਹ ਸਭ ਜਾਣਦੇ ਹਨ ਕਿ ਇਹ ਗੈਰ-ਕਾਨੰਨੀ ਧੰਦਾ ਕਰਨ ਵਾਲੇ ਫੀਲੇ ਸਾਰੀਆਂ ਹਾਕਮ ਜਮਾਤਾਂ ਦੇ ਨਾਲ ਸੰਪਰਕ ਰੱਖਦੇ ਹਨ, ਭਾਂਵੇ ਸੱਤਾ ਉਪਰ ਬੈਠੀ ਕੋਈ ਵੀ ਪਾਰਟੀ ਹੋਵੇ। ਇਹ ਸਾਰੀਆਂ ਪਾਰਟੀਆਂ ਲੁਟੇਰੀਆਂ ਜਮਾਤਾਂ ਦੀ ਨੁਮਾਇੰਦਗੀ ਕਰਦੀਆਂ ਹਨ।

ਪੂੰਜੀਵਾਦ ਨੇ ਉਦਾਰੀਕਰਨ ਦੇ ਨਾਂਅ 'ਤੇ ਅਨੈਤਿਕਤਾ ਅਤੇ ਚਰਿਤਰਹੀਣਤਾ ਨੂੰ ਖੁੱਲ੍ਹ ਦੇ ਦਿੱਤੀ ਅਤੇ ਇਸ ਨੇ ਨਿੱਜੀ ਮੁੱਲ ਨੂੰ ਐਕਸਚੇਂਜ ਮੁੱਲ ਵਿੱਚ ਬਦਲ ਦਿੱਤਾ ਹੈ ਅਤੇ ਅਣਗਿਣਤ ਅਸੰਭਵ ਚਾਰਟਰਡ ਸੁਤੰਤਰਤਾਵਾਂ ਦੀ ਥਾਂ ਉਸ ਸਿੰਗਲ, ਗੈਰ-ਸੰਵੇਦਨਸ਼ੀਲ ਆਜ਼ਾਦੀ - ਮੁਕਤ ਵਪਾਰ ਦੀ ਸਥਾਪਨਾ ਕੀਤੀ ਹੈ। ਇਕ ਸ਼ਬਦ ਵਿਚ ਸ਼ੋਸ਼ਣ ਲਈ ਧਾਰਮਿਕ ਅਤੇ ਰਾਜਨੀਤਕ ਭਰਮਾਂ ਦੁਆਰਾ ਪਰਦਾ ਪਾ ਕੇ ਇਸ ਨੇ ਨੰਗੀ-ਚਿੱਟੀ, ਬੇਸ਼ਰਮੀ, ਸਿੱਧੀ ਵਹਿਸ਼ੀਆਨਾ ਸ਼ੋਸ਼ਣ ਦੀ ਥਾਂ ਲੈ ਲਈ ਹੈ।

2014 ਦੀਆਂ ਚੋਣਾਂ ਵਿਚ ਅਪਰਾਧਿਕ ਮਾਮਲਿਆਂ ਵਾਲੇ ਸਭ ਤੋਂ ਵੱਧ ਸੰਸਦ ਮੈਂਬਰਾਂ ਦੀ ਚੋਣ ਹੋਈ ਹੈ। 2004 'ਚ ਅਪਰਾਧਿਕ ਮਾਮਲਿਆਂ ਵਾਲੇ 128 ਸੰਸਦ ਮੈਂਬਰ ਸਨ, ਜੋ 2014 ਦੀਆਂ ਚੋਣਾਂ ਤੋਂ ਬਾਅਦ ਵਧ ਕੇ 186 ਹੋ ਗਏ। ਇਹਨਾਂ ਦੀ ਗਿਣਤੀ ਦਾ 2004 ਅਤੇ 2009 ਦੇ ਵਿਚਕਾਰ ਵਾਧਾ 26 ਫੀਸਦੀ ਸੀ, ਜਦੋਂ ਕਿ 2009 ਅਤੇ 2014 ਵਿਚਕਾਰ ਵਾਧਾ ਸਿਰਫ 14 ਫੀਸਦੀ ਸੀ।

1983 ਵਿੱਚ ਵੋਹਰਾ (ਕਮੇਟੀ) ਰਿਪੋਰਟ ਸਾਬਕਾ ਭਾਰਤੀ ਗ੍ਰਹਿ ਸਕੱਤਰ ਐੱਨ.ਐੱਨ. ਵੋਹਰਾ ਦੁਆਰਾ ਅਕਤੂਬਰ 1993 ਵਿੱਚ ਪੇਸ਼ ਕੀਤੀ ਗਈ ਸੀ। ਇਸ ਵਿੱਚ ਰਾਜਨੀਤੀ ਦੇ ਅਪਰਾਧੀਕਰਨ ਅਤੇ ਭਾਰਤ ਵਿੱਚ ਅਪਰਾਧੀਆਂ, ਸਿਆਸਤਦਾਨਾਂ ਅਤੇ ਨੌਕਰਸ਼ਾਹਾਂ ਦੇ ਗਠਜੋੜ ਦੀ ਸਮੱਸਿਆ ਦਾ ਅਧਿਐਨ ਕੀਤਾ ਗਿਆ ਸੀ। ਸਾਨੂੰ ਇਸ ਗੱਲ 'ਤੇ ਸਹਿਮਤੀ ਬਣਾਉਣ ਦੀ ਜ਼ਰੂਰਤ ਹੈ ਕਿ ਅਪਰਾਧਿਕ ਰਿਕਾਰਡ ਵਾਲੇ ਵਿਅਕਤੀਆਂ ਨੂੰ ਚੋਣਾਂ ਲੜਨ ਤੋਂ ਕਿਵੇਂ ਰੋਕਿਆ ਜਾਵੇ।

ਲਾਅ ਕਮਿਸ਼ਨ ਨੇ 2014 ਵਿੱਚ ਆਪਣੀ 244ਵੀਂ ਰਿਪੋਰਟ ਪੇਸ਼ ਕੀਤੀ ਸੀ ਜਿਸ ਵਿੱਚ ਲੋਕਤੰਤਰ ਅਤੇ ਧਰਮ ਨਿਰਪੱਖਤਾ ਲਈ ਗੰਭੀਰ ਨਤੀਜੇ ਨਿਕਲਣ ਵਾਲੇ ਵਿਧਾਨ ਸਭਾ ਵਿੱਚ ਅਪਰਾਧਿਕ ਸਿਆਸਤਦਾਨਾਂ ਦੇ ਰੁਝਾਨ ਨੂੰ ਰੋਕਣ ਦੀ ਲੋੜ ਨਾਲ ਨਜਿੱਠਿਆ ਗਿਆ ਸੀ। ਲਾਅ ਕਮਿਸ਼ਨ ਨੇ ਉਨ੍ਹਾਂ ਲੋਕਾਂ ਨੂੰ ਅਯੋਗ ਠਹਿਰਾਉਣ ਦੀ ਸਿਫ਼ਾਰਸ਼ ਕੀਤੀ ਹੈ, ਜਿਨ੍ਹਾਂ ਖ਼ਿਲਾਫ਼ ਪੰਜ ਸਾਲ ਜਾਂ ਇਸ ਤੋਂ ਵੱਧ ਦੀ ਸਜ਼ਾ ਵਾਲੇ ਅਪਰਾਧ ਲਈ ਨਾਮਜ਼ਦਗੀਆਂ ਦੀ ਪੜਤਾਲ ਦੀ ਮਿਤੀ ਤੋਂ ਘੱਟੋ-ਘੱਟ ਇੱਕ ਸਾਲ ਪਹਿਲਾਂ ਦੋਸ਼ ਆਇਦ ਕੀਤੇ ਗਏ ਹਨ।

ਰਾਜਨੀਤੀ ਦਾ ਅਪਰਾਧੀਕਰਨ ਉਦੋਂ ਹੁੰਦਾ ਹੈ, ਜਦੋਂ ਅਪਰਾਧਿਕ ਦੋਸ਼ ਜਾਂ ਪਿਛੋਕੜ ਵਾਲੇ ਲੋਕ ਸਿਆਸਤਦਾਨ ਬਣ ਜਾਂਦੇ ਹਨ ਅਤੇ ਕਾਨੂੰਨ ਘਾੜੇ ਵਜੋਂ ਚੁਣੇ ਜਾਂਦੇ ਹਨ। ਇਹ ਵਧ ਰਿਹਾ ਖ਼ਤਰਾ ਸਾਡੇ ਸਮਾਜ ਲਈ ਇੱਕ ਵੱਡੀ ਸਮੱਸਿਆ ਬਣ ਗਿਆ ਹੈ, ਜਿਹੜਾ ਲੋਕਤੰਤਰ ਦੇ ਮੂਲ ਸਿਧਾਂਤਾਂ ਨੂੰ ਵੀ ਪ੍ਰਭਾਵਤ ਕਰ ਸਕਦਾ ਹੈ।

**ਸਿਆਸਤਦਾਨਾਂ ਅਤੇ ਅਪਰਾਧੀਆਂ ਵਿਚਕਾਰ ਗਠਜੋੜ:**

ਭਾਰਤ ਵਿੱਚ ਬਹੁਤ ਸਾਰੇ ਸਿਆਸਤਦਾਨਾਂ ਨੇ ਅਪਰਾਧਿਕ ਤੱਤਾਂ ਨਾਲ ਨਜ਼ਦੀਕੀ ਸੰਬੰਧ ਸਥਾਪਤ ਕੀਤੇ ਹੋਏ ਹਨ, ਅਕਸਰ ਚੋਣਾਂ ਜਿੱਤਣ ਲਈ ਆਪਣੇ ਪੈਸੇ ਅਤੇ ਬਾਹੂਬਲ ਦੀ ਤਾਕਤ ਦੀ ਵਰਤੋਂ ਕਰਦੇ ਹਨ। ਬੁਰਜੂਆ ਚੋਣ ਪ੍ਰਣਾਲੀ ਜਿਸ ਤਰ੍ਹਾਂ ਦੀ ਭਾਰਤ ਅੰਦਰ ਹੈ, ਅਜਿਹੀ ਚੋਣ ਪ੍ਰਣਾਲੀ ਬਾਰੇ ਐੱਫ ਏਂਜਲਜ਼ ਲਿਖਦੇ ਹਨ;

'ਸਾਨੂੰ ਇੱਥੇ ਰਾਜਨੀਤਕ ਸੱਟੇਬਾਜ਼ਾਂ ਦੇ ਦੋ ਵੱਡੇ ਗਰੋਹ ਮਿਲਦੇ ਹਨ, ਜੋ ਬਦਲਵੇਂ ਰੂਪ ਵਿੱਚ ਰਾਜ ਦੀ ਸੱਤਾ 'ਤੇ ਕਬਜ਼ਾ ਕਰਦੇ ਹਨ ਅਤੇ ਸਭ ਤੋਂ ਭ੍ਰਿਸ਼ਟ ਤਰੀਕਿਆਂ ਨਾਲ ਅਤੇ ਸਭ ਤੋਂ ਭ੍ਰਿਸ਼ਟ ਉਦੇਸ਼ਾਂ ਲਈ ਇਸ ਦਾ ਸ਼ੋਸ਼ਣ ਕਰਦੇ ਹਨ ਅਤੇ ਰਾਸ਼ਟਰ ਸਿਆਸਤਦਾਨਾਂ ਦੇ ਇਹਨਾਂ ਦੋ ਵੱਡੇ ਗਰੋਹਾਂ ਦੇ ਵਿਰੁੱਧ ਸ਼ਕਤੀਹੀਣ ਹੈ, ਜੋ ਜ਼ਾਹਰਾ ਤੌਰ 'ਤੇ ਇਸ ਦੇ ਸੇਵਕ, ਪਰ ਅਸਲ ਵਿਚ ਇਸ 'ਤੇ ਹਾਵੀ ਅਤੇ ਇਸ ਨੂੰ ਲੁੱਟਦੇ ਹਨ।'

ਚੋਣ ਅਧਿਕਾਰ ਸੰਸਥਾ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ (ਏ ਡੀ ਆਰ) ਦੇ ਅਨੁਸਾਰ ਭਾਰਤ ਵਿੱਚ 4 ਜੂਨ 2024 ਨੂੰ ਲੋਕ ਸਭਾ ਚੋਣਾਂ ਦੇ ਨਤੀਜੇ ਆਉਣ ਦੇ ਸਮੇਂ 2,572 ਉਮੀਦਵਾਰ ਕਰੋੜਪਤੀ ਹਨ, ਜਦੋਂ ਕਿ 1,643 ਉਮੀਦਵਾਰਾਂ ਨੇ ਆਪਣੇ ਵਿਰੁੱਧ ਅਪਰਾਧਿਕ ਮਾਮਲੇ ਦਰਜ ਕੀਤੇ ਹਨ।

ਏ ਡੀ ਆਰ ਇਹ ਵੀ ਦਸਦੀ ਹੈ ਕਿ ਲੋਕ ਸਭਾ ਅਤੇ ਰਾਜ ਸਭਾ ਦੇ ਪ੍ਰਤੀ ਸੰਸਦ ਮੈਂਬਰ ਦੀ ਔਸਤ ਜਾਇਦਾਦ 38.33 ਕਰੋੜ ਹੈ ਅਤੇ 53 (7 ਫੀਸਦੀ) ਅਰਬਪਤੀ ਹਨ। ਮੌਜੂਦਾ ਲੋਕ ਸਭਾ ਵਿੱਚ 2,572 ਕਰੋੜਪਤੀ, 1,643 ਉਮੀਦਵਾਰ ਚੋਣ ਮੈਦਾਨ ਵਿੱਚ ਸਨ।

ਵੱਖ-ਵੱਖ ਸੰਸਦ ਮੈਂਬਰਾਂ, ਵਿਧਾਇਕਾਂ ਅਤੇ ਸਰਕਾਰੀ ਕਰਮਚਾਰੀਆਂ 'ਤੇ ਔਰਤਾਂ ਦੇ ਕਥਿਤ ਜਿਨਸੀ ਸ਼ੋਸ਼ਣ ਦੇ ਤਾਜ਼ਾ ਮਾਮਲੇ, ਰਾਜਨੀਤੀ ਦੇ ਅਪਰਾਧੀਕਰਨ ਦੇ ਇੱਕ ਪਹਿਲੂ ਅਤੇ ਨੈਤਿਕ ਜ਼ਿੰਮੇਵਾਰੀ, ਪੇਸ਼ੇਵਰ ਨੈਤਿਕਤਾ ਨੂੰ ਕਾਇਮ ਰੱਖਣ ਵਿੱਚ ਅਸਫਲਤਾ ਆਦਿ ਵਰਗੇ ਨੈਤਿਕ ਮੁੱਦਿਆਂ 'ਤੇ ਰੌਸ਼ਨੀ ਪਾਉਂਦੇ ਹਨ।

ਉਨਾਓ ਬਲਾਤਕਾਰ ਕੇਸ 4 ਜੂਨ 2017 ਨੂੰ ਉਨਾਓ (ਉੱਤਰ ਪ੍ਰਦੇਸ਼) ਵਿੱਚ ਇੱਕ 17 ਸਾਲ ਦੀ ਲੜਕੀ ਨਾਲ ਸਮੂਹਿਕ ਬਲਾਤਕਾਰ ਦਾ ਹਵਾਲਾ ਦਿੰਦਾ ਹੈ। 16 ਦਸੰਬਰ 2019 ਨੂੰ, ਸਾਬਕਾ ਭਾਜਪਾ ਵਿਧਾਇਕ ਕੁਲਦੀਪ ਸਿੰਘ ਸੇਂਗਰ ਨੂੰ 20 ਦਸੰਬਰ 2019 ਨੂੰ ਬਲਾਤਕਾਰ ਲਈ ਦੋਸ਼ੀ ਠਹਿਰਾਇਆ ਗਿਆ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਇਸ ਤੋਂ ਇਲਾਵਾ ਸੇਂਗਰ ਨੂੰ ਨਿਆਂਇਕ ਹਿਰਾਸਤ ਵਿਚ ਲੜਕੀ ਦੇ ਪਿਤਾ ਦੀ ਮੌਤ ਦੇ ਮਾਮਲੇ ਵਿਚ ਦੋਸ਼ੀ ਵੀ ਪਾਇਆ ਗਿਆ ਸੀ।

ਰੇਵੰਨਾ ਪਰਵਾਰ ਦੀ ਨੌਕਰਾਣੀ ਵਜੋਂ ਕੰਮ ਕਰਨ ਵਾਲੀ ਔਰਤ ਦੀ ਸ਼ਿਕਾਇਤ ਦੇ ਆਧਾਰ 'ਤੇ ਜੇ ਡੀ (ਐੱਸ) ਦੇ ਸੰਸਦ ਮੈਂਬਰ ਪ੍ਰਜਵਲ ਰੇਵੰਨਾ ਵਿਰੁੱਧ ਤੀਜਾ ਬਲਾਤਕਾਰ ਦਾ ਮਾਮਲਾ ਦਰਜ ਕੀਤਾ ਗਿਆ ਹੈ। ਹਰਿਆਣਾ ਦਾ ਭਾਜਪਾ ਦੀ ਸਰਕਾਰ ਦੇ ਸਾਬਕਾ ਮੰਤਰੀ ਉਪਰ ਪੁਲਸ ਵਲੋਂ ਜਿਨਸੀ ਸ਼ੋਸ਼ਣ ਦੇ ਦੋਸ਼ ਆਇਦ ਕੀਤੇ ਗਏ ਹਨ।

ਪਿਛਲੇ ਸਾਲ 25 ਜਨਵਰੀ 2023 ਨੂੰ ਸਿਖਰਲੀ ਅਦਾਲਤ ਨੇ ਲਖੀਮਪੁਰ ਖੀਰੀ ਵਿਖੇ 2021 ਵਿੱਚ ਹੋਈ ਹਿੰਸਾ ਦੀ ਮੰਦਭਾਗੀ ਭਿਆਨਕ ਘਟਨਾ ਵਿੱਚ ਆਸ਼ੀਸ਼ ਮਿਸ਼ਰਾ ਨੂੰ ਅੰਤਰਮ ਜ਼ਮਾਨਤ ਦਿੱਤੀ ਸੀ, ਜਿਸ ਵਿੱਚ ਅੱਠ ਜਾਨਾਂ ਗਈਆਂ ਸਨ। ਹਰਿਆਣਾ ਵਿੱਚ ਇੱਕ ਸਾਬਕਾ ਮੰਤਰੀ ਉੱਤੇ ਜਿਨਸੀ ਸ਼ੋਸ਼ਣ ਦੇ ਦੋਸ਼ ਆਇਦ ਕੀਤੇ ਗਏ ਹਨ।

2024 ਦੀਆਂ ਆਮ ਚੋਣਾਂ ਵਿੱਚ 93 ਫੀਸਦੀ ਜਿੱਤਣ ਵਾਲੇ ਉਮੀਦਵਾਰ ਕਰੋੜਪਤੀ ਹਨ । ਵੱਡੀਆਂ ਪਾਰਟੀਆਂ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ 240 ਜੇਤੂ ਉਮੀਦਵਾਰਾਂ ਵਿੱਚੋਂ 95 ਫੀਸਦੀ ਨੇ 1 ਕਰੋੜ ਰੁਪਏ ਜਾਂ ਇਸ ਤੋਂ ਵੱਧ ਦੀ ਜਾਇਦਾਦ ਘੋਸ਼ਿਤ ਕੀਤੀ ਸੀ। ਦੂਜੀ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਕਾਂਗਰਸ ਵਿੱਚ 99 ਜੇਤੂ ਉਮੀਦਵਾਰਾਂ ਵਿੱਚੋਂ 93 ਫੀਸਦੀ ਕਰੋੜਪਤੀ ਸਨ।

ਦ੍ਰਾਵਿੜ ਮੁਨੇਤਰ ਕੜਗਮ ਦੇ 22 ਜੇਤੂ ਉਮੀਦਵਾਰਾਂ ਵਿੱਚੋਂ 95 ਫੀਸਦੀ, ਆਲ ਇੰਡੀਆ ਤ੍ਰਿਣਮੂਲ ਕਾਂਗਰਸ ਵੱਲੋਂ ਮੈਦਾਨ ਵਿੱਚ ਉਤਾਰੇ ਗਏ 29 ਜੇਤੂ ਉਮੀਦਵਾਰਾਂ ਵਿੱਚੋਂ 93 ਫੀਸਦੀ, ਸਮਾਜਵਾਦੀ ਪਾਰਟੀ ਵੱਲੋਂ ਮੈਦਾਨ ਵਿੱਚ ਉਤਾਰੇ ਗਏ 37 ਜੇਤੂ ਉਮੀਦਵਾਰਾਂ ਵਿੱਚੋਂ 92 ਫੀਸਦੀ ਦੀ ਕੁੱਲ ਜਾਇਦਾਦ 1 ਕਰੋੜ ਰੁਪਏ ਸੀ।

ਮੌਜੂਦਾ 233 ਸੰਸਦ ਮੈਂਬਰਾਂ (43 ਫੀਸਦੀ) ਨੇ ਆਪਣੇ ਵਿਰੁੱਧ ਅਪਰਾਧਿਕ ਕੇਸ ਘੋਸ਼ਿਤ ਕੀਤੇ ਸਨ, 2004 ਵਿੱਚ 125 (125) (23 ਫੀਸਦੀ), 2009 ਵਿੱਚ 162 (30 ਫੀਸਦੀ) ਅਤੇ 2014 ਵਿੱਚ 185 (34 ਫੀਸਦੀ), 2019 ਨੂੰ ਚੁਣੀ ਗਈ ਲੋਕ ਸਭਾ ਵਿੱਚ ਅਪਰਾਧਿਕ ਰਿਕਾਰਡ ਵਾਲੇ 44 ਫੀਸਦੀ ਸੰਸਦ ਮੈਂਬਰ ਸਨ। 9 ਕਤਲ ਤੇ 3 ਬਲਾਤਕਾਰ ਦੇ ਅਪਰਾਧੀ ਸਨ।

ਰਾਜਨੀਤਕ ਪਾਰਟੀਆਂ ਦੁਆਰਾ ਮੈਦਾਨ ਵਿੱਚ ਉਤਾਰੇ ਗਏ ਉਮੀਦਵਾਰਾਂ ਦੇ ਅਪਰਾਧਿਕ ਇਤਿਹਾਸ ਨੂੰ ਪ੍ਰਕਾਸ਼ਤ ਕਰਨਾ ਬੇਅਸਰ ਹੋ ਸਕਦਾ ਹੈ, ਕਿਉਂਕਿ ਵੋਟਰਾਂ ਦਾ ਇੱਕ ਵੱਡਾ ਹਿੱਸਾ ਜਾਤ ਜਾਂ ਧਰਮ ਵਰਗੇ ਭਾਈਚਾਰਕ ਹਿੱਤਾਂ ਦੇ ਇੱਕ ਤੰਗ ਪ੍ਰਿਜ਼ਮ ਦੁਆਰਾ ਵੋਟ ਪਾਉਣ ਦਾ ਰੁਝਾਨ ਰੱਖਦਾ ਹੈ। ਸਿਆਸਤਦਾਨਾਂ ਅਤੇ ਅਪਰਾਧੀਆਂ ਵਿਚਕਾਰ ਇਹ ਗਠਜੋੜ, ਜਿਵੇਂ ਕਿ ਸੰਗਠਿਤ ਅਪਰਾਧ ਸਿੰਡੀਕੇਟ, ਡਰੱਗ ਕਾਰਟੈਲ ਆਦਿ ਆਪਣੇ ਹਿੱਤਾਂ ਨੂੰ ਅੱਗੇ ਵਧਾਉਣ ਜਾਂ ਸ਼ਕਤੀ ਅਤੇ ਪ੍ਰਭਾਵ ਹਾਸਲ ਕਰਨ ਵਿੱਚ ਮਦਦ ਕਰਦਾ ਹੈ।

ਰਾਜਨੀਤੀ ਵਿੱਚ ਅਪਰਾਧੀਆਂ ਦੀ ਮੌਜੂਦਗੀ ਜਮਹੂਰੀ ਸੰਸਥਾਵਾਂ ਨੂੰ ਵੀ ਕਮਜ਼ੋਰ ਕਰ ਸਕਦੀ ਹੈ, ਕਿਉਂਕਿ ਉਹ ਸਿਸਟਮ ਨੂੰ ਆਪਣੇ ਫਾਇਦੇ ਲਈ ਵਰਤਣ ਦੀ ਕੋਸ਼ਿਸ਼ ਕਰ ਸਕਦੇ ਹਨ। ਸਿਆਸਤ ਅੱਜ ਉਸ ਮੁਕਾਮ 'ਤੇ ਪਹੁੰਚ ਗਈ ਹੈ, ਜਿੱਥੇ ਕਾਨੂੰਨ ਬਣਾਉਣ ਵਾਲੇ ਹੀ ਕਾਨੂੰਨ ਤੋੜਨ ਵਾਲੇ ਬਣ ਗਏ। ਭਾਰਤ ਵਰਗੇ ਲੋਕਤੰਤਰੀ ਦੇਸ਼ ਵਿੱਚ ਅਪਰਾਧੀਆਂ ਅਤੇ ਸਿਆਸਤ ਵਿੱਚ ਵਧਦਾ ਗਠਜੋੜ ਅਸਲੀ ਲੋਕਤੰਤਰ ਦੀ ਹੋਂਦ ਲਈ ਖਤਰਾ ਪੈਦਾ ਕਰ ਰਿਹਾ ਹੈ।

ਪੂੰਜੀਵਾਦੀ ਨਿਜ਼ਾਮ ਮੁਨਾਫੇ ਉਪਰ ਨਿਰਭਰ ਕਰਦਾ ਹੈ, ਜਿਸ ਵਿੱਚ ਪੂੰਜੀ ( ਪੂੰਜੀਪਤੀ) ਨੂੰ ਕੋਈ ਲਾਭ ਨਾ ਹੁੰਦਾ ਹੋਵੇ ਜਾਂ ਬਹੁਤ ਘੱਟ ਲਾਭ ਹੁੰਦਾ ਹੋਵੇ, ਨਿਵੇਸ਼ ਕਰਨ ਤੋਂ ਪਿੱਛੇ ਹਟੇਗੀ, ਜਿਵੇਂ ਕਿ ਕੁਦਰਤ ਖਲਾਅ ਨੂੰ ਨਫਰਤ ਕਰਦੀ ਹੈ। ਕਾਫ਼ੀ ਮੁਨਾਫੇ ਦੇ ਨਾਲ ਪੂੰਜੀ ਬਹੁਤ ਦਲੇਰ ਹੁੰਦੀ ਹੈ। ਇੱਕ ਨਿਸ਼ਚਿਤ 10 ਪ੍ਰਤੀਸ਼ਤ ਨਾਲ ਕੁਝ ਉਤਸੁਕਤਾ ਪੈਦਾ ਕਰੇਗਾ, 20 ਫੀਸਦੀ ਨਾਲ ਕਿਤੇ ਵੀ ਆਪਣੇ ਰੁਜ਼ਗਾਰ ਨੂੰ ਯਕੀਨੀ ਬਣਾਏਗਾ । 50 ਪ੍ਰਤੀਸ਼ਤ ਸਕਾਰਾਤਮਕ ਸਾਹਸ ਨਾਲ ਅਤੇ 100 ਫੀਸਦੀ ਇਸ ਨੂੰ ਸਾਰੇ ਮਨੁੱਖੀ ਕਾਨੂੰਨਾਂ ਨੂੰ ਮਿੱਧਣ ਲਈ ਤਿਆਰ ਕਰ ਦੇਵੇਗਾ; 300 ਪ੍ਰਤੀਸ਼ਤ ਨਾਲ ਅਜਿਹਾ ਕੋਈ ਅਪਰਾਧ ਨਹੀਂ ਹੋਵੇਗਾ, ਜਿਸ ਨੂੰ ਕਰਨ 'ਤੇ ਇਹ ਪਿੱਛੇ ਹਟਦਾ ਹੋਵੇ ਅਤੇ ਨਾ ਹੀ ਕੋਈ ਜੋਖਮ ਉਠਾਉਣ ਤੋਂ, ਇੱਥੋਂ ਤੱਕ ਕਿ ਇਸ ਦੇ ਮਾਲਕ ਨੂੰ ਫਾਂਸੀ ਦਿੱਤੇ ਜਾਣ ਦੀ ਸੰਭਾਵਨਾ ਤੱਕ. ਜੇ ਗੜਬੜ ਅਤੇ ਫਸਾਦ ਲਾਭ ਲਿਆਏਗਾ, ਤਾਂ ਇਹ ਦੋਵਾਂ ਨੂੰ ਖੁੱਲ੍ਹ ਕੇ ਉਤਸ਼ਾਹਤ ਕਰੇਗਾ।

ਇਥੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪੂੰਜੀਵਾਦ ਦੇ ਵਿਕਾਸ ਲਈ ਜਿਵੇਂ-ਜਿਵੇਂ ਉਦਾਰੀਕਰਨ ਦੀਆਂ ਨੀਤੀਆਂ ਖੁੱਲ੍ਹ ਕੇ ਲਾਗੂ ਹੋ ਰਹੀਆਂ ਹਨ, ਅਪਰਾਧੀਕਰਨ ਵੀ ਵਧਦਾ ਜਾਵੇਗਾ। ਰਾਜਨੀਤੀ ਦੇ ਅਪਰਾਧੀਕਰਨ ਅਤੇ ਰਾਜਸੀ ਨੇਤਾਵਾਂ ਅਤੇ ਅਪਰਾਧੀਆਂ ਦੇ ਗੱਠਜੋੜ ਨੂੰ ਤੋੜਨ ਲਈ ਪੂੰਜੀਵਾਦ ਨੂੰ ਹੀ ਤੋੜਨਾ ਪਵੇਗਾ।

# ਸੰਪਰਕ : 98550-04500

6-AUG-PAGE-5.qxd 8/5/2024 10:53 PM Page 1



# ਵੱਖ-ਵੱਖ ਜਥੇਬੰਦੀਆਂ ਨੇ ਵਾਅਦਾ-ਖਿਲਾਫ਼ੀ ਦੇ ਰੋਸ ਵਜੋਂ ਮੁੱਖ ਮੰਤਰੀ ਦੇ ਪੁਤਲੇ ਫੂਕੇ


ਕੋਟਕਪੂਰਾ



ਦੋਰਾਹਾ

**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਸੱਦੇ 'ਤੇ ਮੁਲਾਜ਼ਮਾਂ, ਪੈਨਸ਼ਨਰਾਂ ਤੇ ਆਸ਼ਾ ਵਰਕਰਾਂ ਨੇ ਵੱਡੀ ਗਿਣਤੀ ਵਿੱਚ ਸਥਾਨਕ ਉਪ ਮੰਡਲ ਪ੍ਰਬੰਧਕੀ ਕੰਪਲੈਕਸ ਸਾਹਮਣੇ ਮੁੱਖ ਮੰਤਰੀ ਪੰਜਾਬ ਸਰਕਾਰ ਵਾਰ ਵਾਰ ਮੀਟਿੰਗਾਂ ਦਾ ਸਮਾਂ ਦੇ ਕੇ ਮੀਟਿੰਗਾਂ ਨਾ ਕਰਨ ਦੀ ਵਾਅਦਾ ਖਿਲਾਫੀ ਦੇ ਰੋਸ ਵਜੋਂ ਤਿੱਖੀ ਨਾਅਰੇਬਾਜ਼ੀ ਕਰਕੇ ਰੋਸ ਪ੍ਰਦਰਸ਼ਨ ਕਰਕੇ ਆਪਣਾ ਰੋਸ ਤੇ ਗੁੱਸਾ ਪ੍ਰਗਟ ਕੀਤਾ।ਆਗੂਆਂ ਨੇ ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਤੇ ਦੋਸ਼ ਲਾਇਆ ਕਿ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਆਗੂਆਂ ਨਾਲ ਖੁਦ ਵਾਅਦੇ ਕਰਕੇ ਮੀਟਿੰਗ ਕਰਨ ਤੋਂ ਲਗਾਤਾਰ ਭੱਜ ਰਹੇ ਹਨ।ਸਮੂਹ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਪ੍ਰਵਾਨ ਕਰਨਾ ਤਾਂ ਬਹੁਤ ਦੂਰ ਦੀ ਗੱਲ ਬਣੀ ਹੋਈ ਹੈ।ਇਸ ਸਮੇਂ ਆਪਣੇ ਸੰਬੋਧਨ ਵਿੱਚ ਮੁਲਾਜ਼ਮ ਤੇ ਪੈਨਸ਼ਨਰ ਆਗੂ ਪ੍ਰੇਮ ਚਾਵਲਾ, ਜਗਦੀਸ਼ ਰਾਏ ਅਰੋੜਾ, ਕੁਲਵੰਤ ਸਿੰਘ ਚਾਨੀ, ਗੁਰਮੀਤ ਸਿੰਘ ਜੈਤੋ, ਪ੍ਰਕਾਸ਼ ਸਿੰਘ ਜੈਤੋ, ਆਲ ਇੰਡੀਆ ਆਸ਼ਾ ਵਰਕਰਾਂ ਦੇ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ, ਗੁਰਦੀਪ ਸਿੰਘ ਜੈਤੋ, ਸੂਬਾ ਸਿੰਘ ਰਾਮੇਆਣਾ, ਦਰਜਾ ਚਾਰ ਮੁਲਾਜ਼ਮਾਂ ਦੇ ਆਗੂ ਬਲਕਾਰ ਸਿੰਘ ਸਹੋਤਾ ਤੇ ਇਕਬਾਲ ਸਿੰਘ ਰਣ ਸਿੰਘ ਵਾਲਾ ਨੇ ਭਗਵੰਤ ਮਾਨ ਸਰਕਾਰ ਵੱਲੋਂ ਮੁਲਾਜ਼ਮ ਤੇ ਪੈਨਸ਼ਨਰ ਮੰਗਾਂ ਪ੍ਰਤੀ ਅਪਣਾਈ ਜਾ ਰਹੀ ਬੇਰੁਖੀ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ।ਆਗੂਆਂ ਨੇ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਲਟਕਦੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਕਰਨ ਦੀ ਮੰਗ ਕੀਤੀ। ਰੋਸ ਪ੍ਰਦਰਸ਼ਨ ਤੋਂ ਬਾਅਦ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਪੁਤਲਾ ਵੀ ਫੂਕਿਆ ਗਿਆ ਤੇ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੀ ਸੂਬਾਈ ਲੀਡਰਸ਼ਿਪ ਤੋਂ ਮੰਗ ਕੀਤੀ ਗਈ ਕਿ 10 ਅਗਸਤ ਨੂੰ ਲੁਧਿਆਣਾ ਵਿਖੇ ਕੀਤੀ ਜਾ ਰਹੀ ਸੂਬਾ ਕਮੇਟੀ ਦੀ ਮੀਟਿੰਗ ਵਿੱਚ ਪੰਜਾਬ ਸਰਕਾਰ ਖਿਲਾਫ ਤਿੱਖਾ ਸੰਘਰਸ਼ ਸ਼ੁਰੂ ਕਰਨ ਦਾ ਐਕਸ਼ਨ ਪ੍ਰੋਗਰਾਮ ਉਲੀਕਿਆ ਜਾਵੇ।

**ਦੋਰਾਹਾ (ਹਰਮਿੰਦਰ ਸੇਠ)** : ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਸਾਂਝੇ ਫਰੰਟ ਵੱਲੋਂ ਮੁੱਖ ਮੰਤਰੀ ਦੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਨ ਪ੍ਰਤੀ ਬੁਲਾਈਆਂ ਮੀਟਿੰਗਾਂ ਵਾਰ ਵਾਰ ਰੱਦ ਕਰਨ ਵਿਰੁੱਧ ਰੋਸ ਵਜੋਂ ਅੱਜ ਇੱਕ ਰੈਲੀ ਦੌਰਾਨ ਪੰਜਾਬ ਸਰਕਾਰ ਤੇ ਇਸ ਦੀ ਲਾਰਾ ਲਾਊ ਅਤੇ ਡੰਗ ਟਪਾਊ ਨੀਤੀ ਵਿਰੁੱਧ ਅਰਥੀ ਫੂਕੀ ਗਈ।ਸਾਂਝੇ ਫਰੰਟ ਵੱਲੋਂ ਦਿੱਤੇ ਜਾਣ ਵਾਲੇ ਹਰ ਸੱਦੇ ਦਾ ਯਥਾ ਯੋਗ ਸਮਰਥਨ ਕਰਨ ਦਾ ਫੈਸਲਾ ਵੀ ਲਿਆ ਗਿਆ।ਇਸ ਮੌਕੇ ਪਵਨ ਕੁਮਾਰ ਕੌਸ਼ਲ, ਰਣਜੀਤ ਸਿੰਘ ਟਿਵਾਣਾ, ਕਮਲਜੀਤ ਸਿੰਘ ਤੇ ਕਰਮ ਸਿੰਘ ਜਟਾਣਾ ਨੇ ਸੰਬੋਧਨ ਕੀਤਾ।


ਸ੍ਰੀ ਮੁਕਤਸਰ ਸਾਹਿਬ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਡਵੀਜ਼ਨ ਪਠਾਨਕੋਟ ਦੇ ਅਧੀਨ ਆਉਂਦੀ ਸਬ ਡਵੀਜ਼ਨ ਤਾਰਾਗੜ੍ਹ ਦੇ ਐੱਸਡੀਓ ਵੱਲੋਂ ਨਿੱਜੀਕਰਨ ਤੇ ਪੰਚਾਇਤੀਕਰਨ ਦੀਆਂ ਲੋਕ ਮਾਰੂ ਨੀਤੀਆਂ ਦਾ ਪੁਰਅਮਨ ਢੰਗ ਨਾਲ ਵਿਰੋਧ ਕਰਦੇ ਵਰਕਰਾਂ ਤੇ ਉਨ੍ਹਾਂ ਦੇ ਪਰਿਵਾਰਾਂ ਉਪਰ ਝੂਠਾ ਪਰਚਾ ਰਜਿਸਟਰ ਕਰਵਾਉਣ ਦੇ ਰੋਸ ਵਜੋਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਜਲ ਸਪਲਾਈ ਸੈਨੀਟੇਸ਼ਨ ਦਫ਼ਤਰ ਪਾਤੜਾਂ ਸਾਹਮਣੇ ਐੱਸ ਡੀ ਓ ਤੇ ਪੰਜਾਬ ਸਰਕਾਰ ਦੀ ਅਰਥੀ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਸੰਬੋਧਨ ਕਰਦਿਆਂ ਮੋਰਚੇ ਦੇ ਸੂਬਾਈ ਆਗੂ ਵਰਿੰਦਰ ਸਿੰਘ ਮੋਮ, ਬਲਾਕ ਆਗੂ ਸਤਗੁਰ ਸਿੰਘ, ਗੁਰਵੀਰ ਸਿੰਘ, ਲਖਵਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਆਦੇਸ਼ਾਂ ਤਹਿਤ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਮੈਨੇਜਮੈਂਟ ਵੱਲੋਂ ਜਲ ਸਪਲਾਈ ਸਕੀਮਾਂ ਤੇ ਪ੍ਰਾਈਵੇਟ ਕੰਪਨੀਆ ਦੇ ਜ਼ਰੀਏ ਸਕਾਡਾ ਸਿਸਟਮ ਲਗਾ ਕੇ ਨਿੱਜੀਕਰਨ/ਪੰਚਾਇਤੀਕਰਨ ਕੀਤਾ ਜਾ ਰਿਹਾ ਹੈ, ਜਿਸ ਨਾਲ ਪੀਣ ਵਾਲੇ ਪਾਣੀ 'ਤੇ ਕਾਰਪੋਰੇਟ ਘਰਾਣਿਆਂ ਦਾ ਮੁਕੰਮਲ ਕੰਟਰੋਲ ਹੋਵੇਗਾ ਤੇ ਇਹ ਨਿੱਜੀ ਕੰਪਨੀਆਂ ਆਪਣੀ ਮਨਮਰਜ਼ੀ ਨਾਲ ਮਹਿੰਗੇ ਮੁੱਲ ਵਿੱਚ ਪਾਣੀ ਦੇਣਗੀਆਂ।ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਆਗੂਆਂ ਨੇ ਇਸ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਸੰਘਰਸ਼ੀ ਲੋਕ ਕਿਸੇ ਵੀ ਕੀਮਤ 'ਤੇ ਬਰਦਾਰਸ਼ਤ ਨਹੀਂ ਕਰਨਗੇ ਤੇ ਸਰਕਾਰਾਂ ਦੇ ਤਾਨਾਸ਼ਾਹੀ ਰਵੱਈਏ ਖਿਲਾਫ ਚੱਲ ਰਹੇ ਸੰਘਰਸ਼ਾਂ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣਗੇ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ/ਚਾਵਲਾ/ਪਰਮਜੀਤ ਸਿੰਘ)**-ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਡਵੀਜ਼ਨ ਪਠਾਨਕੋਟ ਦੇ ਅਧੀਨ ਆਉਂਦੀ ਸਬ ਡਵੀਜ਼ਨ ਤਾਰਾਗੜ੍ਹ ਦੇ ਐੱਸ.ਡੀ.ਓ. ਵੱਲੋਂ ਜਲ ਸਪਲਾਈ ਸਕੀਮਾਂ 'ਤੇ ਸਕਾਡਾ ਸਿਸਟਮ ਲਗਾ ਕੇ ਨਿੱਜੀਕਰਨ/ਪੰਚਾਇਤੀਕਰਨ ਦੀਆਂ ਲੋਕਮਾਰੂ ਨੀਤੀਆਂ ਦਾ ਪੁਰਅਮਨ ਢੰਗ ਨਾਲ ਵਿਰੋਧ ਕਰਦੇ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਦੇ ਵਰਕਰਾਂ ਤੇ ਉਨ੍ਹਾਂ ਦੇ ਪਰਿਵਾਰਾਂ ਉਪਰ ਝੂਠਾ ਪਰਚਾ ਰਜਿਸਟਰ ਕਰਵਾਉਣ ਦੇ ਰੋਸ ਵਜੋਂ ਜਥੇਬੰਦੀ ਦੀ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਇਥੇ ਮੇਨ ਵਾਟਰ ਵਰਕਸ ਸ੍ਰੀ ਮੁਕਤਸਰ ਸਾਹਿਬ ਵਿਖੇ ਵਿਸ਼ਾਲ ਇਕੱਠ ਕਰਨ ਉਪਰੰਤ ਐੱਸ.ਡੀ.ਓ. ਤੇ ਪੰਜਾਬ ਸਰਕਾਰ ਦੀ ਅਰਥੀ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਤੇ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।

ਇਸ ਮੌਕੇ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ ਯੂਨੀਅਨ ਰਜਿ 31 ਦੇ ਸੂਬਾ ਪ੍ਰਚਾਰ ਸਕੱਤਰ ਤੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ, ਜ਼ਿਲ੍ਹਾ ਜਨਰਲ ਸਕੱਤਰ ਸੁਰਜੀਤ ਸਿੰਘ ਤੱਖੀ, ਜ਼ਿਲ੍ਹਾ ਪ੍ਰੈੱਸ ਸਕੱਤਰ ਬਿਕਰਮ ਜੀਤ ਸਿੰਘ ਕਪੂਰ ਤੇ ਪਾਵਰਕਾਮ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਤੋਂ ਮੀਤ ਪ੍ਰਧਾਨ ਅਜੀਤ ਸਿੰਘ, ਸਰਕਲ ਸਕੱਤਰ ਮਨਜਿੰਦਰ ਸਿੰਘ ਡਵੀਜ਼ਨ ਪ੍ਰਧਾਨ ਬਲਰਾਜ ਸਿੰਘ ਤੇ ਪਾਵਰਕਾਮ ਟਾਸਕੋ ਕੰਟਰੈਕਚੁਅਲ ਵਰਕਰਜ਼ ਯੂਨੀਅਨ ਤੋਂ ਜ਼ਿਲ੍ਹਾ ਪ੍ਰਧਾਨ ਵਰਿੰਦਰ ਪਾਲ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਜਥੇਬੰਦੀ ਵੱਲੋਂ ਸਾਰੇ ਪੰਜਾਬ ਵਿੱਚ ਅਰਥੀਆਂ ਫੂਕ ਕੇ ਰੋਹ ਭਰਪੂਰ ਧਰਨੇ ਦਿੱਤੇ ਗਏ ਹਨ, ਉਥੇ ਹੀ ਅੱਜ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਵੀ ਅਰਥੀਆਂ ਫੂਕ ਕੇ ਰੋਸ ਪ੍ਰਦਰਸ਼ਨ ਕਰਕੇ ਸੰਘਰਸ਼ੀ ਲੋਕਾਂ ਖਿਲਾਫ ਕੀਤੀ ਗਈ ਪੁਲਸ ਕਾਰਵਾਈ ਦੀ ਨਿਖੇਧੀ ਕੀਤੀ ਗਈ ਹੈ।ਅੰਤ ਵਿੱਚ ਉਨ੍ਹਾਂ ਕਿਹਾ ਕਿ ਉਪਰੋਕਤ ਝੂਠੇ ਮੁਕੱਦਮੇ ਨੂੰ ਰੱਦ ਕਰਵਾਉਣ ਲਈ ਜਥੇਬੰਦੀ ਦੀ ਜ਼ਿਲ੍ਹਾ ਕਮੇਟੀ ਪਠਾਨਕੋਟ ਵੱਲੋਂ 6 ਅਗਸਤ 2024 ਨੂੰ ਤਾਰਾਗੜ੍ਹ ਸਬ ਡਵੀਜ਼ਨ ਦੇ ਐੱਸ.ਡੀ.ਓ. ਖਿਲਾਫ ਧਰਨਾ ਦਿੱਤਾ ਜਾਵੇਗਾ ਅਤੇ ਲੋੜ ਪੈਣ 'ਤੇ ਸੰਘਰਸ਼ ਨੂੰ ਹੋਰ ਤਿੱਖਾ ਵੀ ਕੀਤਾ ਜਾ ਸਕਦਾ ਹੈ।

**ਮਾਨਸਾ (ਪਮਾਰ)**-ਦੀ ਮਾਨਸਾ ਰਿਟਾਇਰਡ ਇੰਪਲਾਈਜ਼ ਵੈੱਲਫੇਅਰ ਦੀ ਸਾਥੀ ਸੱਤਪਾਲ ਭੈਣੀ ਤੇ ਜਗਦੀਸ਼ ਰਾਏ ਦੀ ਪ੍ਰਧਾਨਗੀ ਹੇਠ ਮਹੀਨਾਵਾਰ ਮੀਟਿੰਗ ਸਥਾਨਕ ਪੈਨਸ਼ਨ ਭਵਨ ਵਿਖੇ ਕੀਤੀ ਗਈ, ਜਿਸ ਵਿੱਚ ਬੁਲਾਰਿਆਂ ਨੇ ਮੁਲਾਜ਼ਮਾਂ, ਪੈਨਸ਼ਨਰਾਂ ਤੇ ਕਿਸਾਨਾਂ, ਮਜ਼ਦੂਰਾਂ ਦੀ ਵਿਰੋਧੀ ਸਰਕਾਰ ਨੂੰ ਖੂਬ ਕੋਸਿਆ ਤੇ ਸਰਕਾਰ ਨੂੰ ਕਾਰਪੋਰੇਟ ਪੱਖੀ ਕਹਿ ਕੇ ਉਸ ਦੀ ਨਿੰਦਾ ਕੀਤੀ। ਉਸ ਤੋਂ ਬਾਅਦ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਵੱਲੋਂ ਦਿੱਤੇ ਸੱਦੇ ਮੁਤਾਬਕ ਮਾਨਸਾ ਜ਼ਿਲ੍ਹੇ ਦੇ ਕਨਵੀਨਰਾਂ ਸੱਤਪਾਲ ਭੈਣੀ, ਰਾਜ ਕੁਮਾਰ ਰੰਗਾ, ਜੱਗਾ ਸਿੰਘ ਅਲੀਸ਼ੇਰ, ਬਿੱਕਰ ਸਿੰਘ ਮਾਖਾ, ਜਗਦੇਵ ਸਿੰਘ ਘੁਰਕਣੀ ਮਨਿੰਦਰ ਸਿੰਘ ਜਵਾਹਰਕੇ ਤੇ ਗੁਰਚਰਨ ਸਿੰਘ ਮੰਦਰਾਂ ਦੀ ਪ੍ਰਧਾਨਗੀ ਹੇਠ ਮਿੰਨੀ ਸਕੱਤਰੇਤ ਦੇ ਗੇਟ ਤੱਕ ਅਰਥੀ ਸਾੜ ਮੁਜ਼ਾਹਰਾ ਕਰਕੇ ਮੁੱਖ ਗੇਟ 'ਤੇ ਪੰਜਾਬ ਸਰਕਾਰ ਦੀ ਅਰਥੀ ਸਾੜੀ ਗਈ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵਾਰ-ਵਾਰ ਮੀਟਿੰਗਾਂ ਦਾ ਸਮਾਂ ਦੇ ਕੇ ਮੁਲਾਜ਼ਮਾਂ ਨਾਲ ਗੱਲਬਾਤ ਕਰਨ ਤੋਂ ਭੱਜਣ ਨਾਲ ਸਪੱਸ਼ਟ ਹੁੰਦਾ ਹੈ ਕਿ ਇਹ ਸਰਕਾਰ ਨੈਤਿਕ ਤੌਰ 'ਤੇ ਹਾਰ ਚੁੱਕੀ ਹੈ। ਆਗੂ ਸਾਥੀ ਲੱਖਾ ਸਿੰਘ ਸਹਾਰਨਾ, ਗੁਰਸੇਵਕ ਭੀਖੀ, ਸੀਤਲ ਸਿੰਘ ਉੱਡਤ, ਗੁਰਨੈਬ ਸਿੰਘ ਅਤਲਾ, ਅਮਰਜੀਤ ਸਿੰਘ ਖੋਖਰ ਤੇ ਨਾਜਮ ਸਿੰਘ ਬੁਰਜ ਢਿੱਲਵਾਂ ਨੇ ਮੰਗ ਕੀਤੀ ਕਿ ਪੈਨਸ਼ਨਰਾਂ ਨੂੰ 6ਵੇਂ ਪੇਅ ਕਮਿਸ਼ਨ ਦੀ ਰਿਪੋਰਟ 2.59 ਦੇ ਗੁਣਾਂਕ ਨਾਲ ਦਿੱਤੀ ਜਾਵੇ। ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ ਤੇ ਪੁਰਾਣੀ ਪੈਨਸ਼ਨ ਬੋਰਡਾਂ, ਕਾਰਪੋਰੇਸ਼ਨਾਂ, ਸੰਮਤੀਆਂ, ਸੁਸਾਇਟੀਆਂ ਤੇ ਸਾਰੇ ਸਰਕਾਰੀ ਅਤੇ ਅਰਧ ਸਰਕਾਰੀਆਂ ਅਦਾਰਿਆਂ 'ਤੇ ਵੀ ਲਾਗੂ ਕੀਤੀ ਜਾਵੇ। ਆਗੂ ਸਾਥੀ ਮੱਖਣ ਸਿੰਘ ਉੱਡਤ, ਮੇਜਰ ਸਿੰਘ ਬਾਜੇਵਾਲਾ, ਬਾਬੂ ਸਿੰਘ ਫਤਿਹਪੁਰ, ਦਰਸ਼ਨ ਸਿੰਘ ਨੰਗਲ, ਮੇਜਰ ਸਿੰਘ ਦੂਲੋਵਾਲ ਤੇ ਜਰਨੈਲ ਸਿੰਘ ਲੱਲੂਆਣਾ ਨੇ ਮੰਗ ਕੀਤੀ ਕਿ 15 ਜਨਵਰੀ 2015 ਵਾਲਾ ਮੁੱਢਲੀ ਤਨਖਾਹ ਦੇਣ ਦਾ ਪੱਤਰ ਰੱਦ ਕੀਤਾ ਜਾਵੇ ਅਤੇ ਪ੍ਰਬੇਸ਼ਨ ਸਮੇਂ ਦੌਰਾਨ ਪੂਰੀ ਤਨਖਾਹ ਸਮੇਤ ਭੱਤੇ ਦਿੱਤੇ ਜਾਣ। ਆਗੂ ਸਾਥੀ ਪਿਰਥੀ ਸਿੰਘ ਮਾਨ, ਹਿੰਮਤ ਦੂਲੋਵਾਲ, ਸਿਕੰਦਰ ਸਿੰਘ ਘਰਾਂਗਣਾ, ਗੁਰਜੰਟ ਸਿੰਘ ਖਾਲਸਾ, ਭੋਲਾ ਸਿੰਘ ਫੌਜੀ, ਅਮਰ ਸਿੰਘ ਤੇ ਭਗਵਾਨ ਸਿੰਘ ਭਾਟੀਆ ਨੇ ਆਪਣੇ ਸੰਬੋਧਨ ਵਿੱਚ ਮੰਗ ਕੀਤੀ ਕਿ ਸਾਰੇ ਅਦਾਰਿਆਂ ਵਿੱਚ ਖਾਲੀ ਪਈਆਂ ਲੱਖਾਂ ਆਸਾਮੀਆਂ ਨੂੰ ਰੈਗੂਲਰ ਸਕੇਲ ਰਾਹੀਂ ਭਰਿਆ ਜਾਵੇ।

**ਫਿਰੋਜ਼ਪੁਰ 5 ਅਗਸਤ (ਅਸ਼ੋਕ ਸ਼ਰਮਾ)** : ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਇਥੇ ਜਲ ਸਪਲਾਈ ਦਫਤਰ ਵਿਖੇ ਵਿਸ਼ਾਲ ਇਕੱਠ ਕਰਨ ਉਪਰੰਤ ਐੱਸਡੀਓ ਤੇ ਪੰਜਾਬ ਸਰਕਾਰ ਦੀ ਅਰਥੀ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਯੂਨੀਅਨ ਦੇ ਸੂਬਾ ਆਗੂ ਰੁਪਿੰਦਰ ਸਿੰਘ, ਜ਼ਿਲ੍ਹਾ ਪ੍ਰਧਾਨ ਬਲਕਾਰ ਸਿੰਘ, ਸਰਕਲ ਪ੍ਰਧਾਨ ਬਲਜੀਤ ਸਿੰਘ ਪਾਵਰਕਾਮ ਤੋਂ ਸ਼ੇਰ ਸਿੰਘ, ਵਿਸਾਲ ਤੇਜ਼ੀ ,ਪ੍ਰੈੱਸ ਸਕੱਤਰ ਰਣਜੀਤ ਸਿੰਘ ਖਾਲਸਾ, ਪੀ ਡਬਲਿਊ ਡੀ ਬੀ ਐਂਡ ਆਰ ਤੋਂ ਰਜਿੰਦਰ ਕੁਮਾਰ, ਅਵਤਾਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੇ ਆਦੇਸ਼ਾਂ ਤਹਿਤ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਮੈਨੇਜਮੈਂਟ ਵੱਲੋਂ ਜਲ ਸਪਲਾਈ ਸਕੀਮਾਂ ਤੇ ਪ੍ਰਾਈਵੇਟ ਕੰਪਨੀਆਂ ਦੇ ਜ਼ਰੀਏ ਸਕਾਡਾ ਸਿਸਟਮ ਲਗਾ ਕੇ ਨਿੱਜੀਕਰਨ/ਪੰਚਾਇਤੀਕਰਨ ਕੀਤਾ ਜਾ ਰਿਹਾ ਹੈ, ਜਿਸ ਨਾਲ ਪੀਣ ਵਾਲੇ ਪਾਣੀ 'ਤੇ ਕਾਰਪੋਰੇਟ ਘਰਾਣਿਆਂ ਦਾ ਮੁਕੰਮਲ ਕੰਟਰੋਲ ਹੋਵੇਗਾ ਤੇ ਪ੍ਰਾਈਵੇਟ ਕੰਪਨੀਆਂ ਆਪਣੀ ਮਨਮਰਜ਼ੀ ਨਾਲ ਮਹਿੰਗੇ ਮੁੱਲ ਵਿੱਚ ਪਾਣੀ ਦੇਣਗੀਆਂ।ਇਸ ਤਰ੍ਹਾਂ ਪੇਂਡੂ ਖੇਤਰ ਵਿੱਚ ਵਸੇ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਬੁਨਿਆਦੀ ਸਹੂਲਤ ਦਾ ਪ੍ਰਬੰਧ ਖੁਦ ਪੰਜਾਬ ਸਰਕਾਰ ਵੱਲੋਂ ਕਰਨ ਤੋਂ ਭੱਜ ਰਹੀ ਹੈ, ਜਿਸ ਦੇ ਵਿਰੋਧ ਵਿੱਚ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਸਾਰੇ ਪੰਜਾਬ ਵਿੱਚ ਅਰਥੀਆਂ ਫੂਕ ਕੇ ਰੋਹ ਭਰਪੂਰ ਧਰਨੇ ਦਿੱਤੇ ਗਏ ਹਨ, ਉਥੇ ਹੀ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਵੀ ਅਰਥੀਆਂ ਫੂਕ ਕੇ ਰੋਸ ਪ੍ਰਦਰਸ਼ਨ ਕਰਕੇ ਸੰਘਰਸ਼ੀ ਲੋਕਾਂ ਦੇ ਖਿਲਾਫ ਕੀਤੀ ਗਈ ਪੁਲਸ ਕਾਰਵਾਈ ਦੀ ਨਿਖੇਧੀ ਕੀਤੀ ਗਈ।

**ਮੋਗਾ (ਇਕਬਾਲ ਸਿੰਘ ਖਹਿਰਾ)**-ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਡਵੀਜ਼ਨ ਪਠਾਨਕੋਟ ਅਧੀਨ ਆਉਂਦੀ ਸਬ ਡਵੀਜ਼ਨ ਤਾਰਾਗੜ੍ਹ ਦੇ ਐੱਸ.ਡੀ.ਓ. ਵੱਲੋਂ ਨਿੱਜੀਕਰਨ/ਪੰਚਾਇਤੀਕਰਨ ਦੀਆਂ ਲੋਕ ਮਾਰੂ ਨੀਤੀਆਂ ਦਾ ਪੂਰਅਮਨ ਢੰਗ ਨਾਲ ਵਿਰੋਧ ਕਰਦੇ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਵਰਕਰਾਂ ਤੇ ਉਨ੍ਹਾਂ ਦੇ ਪਰਿਵਾਰਾਂ ਉਪਰ ਝੂਠਾ ਪਰਚਾ ਕਰਵਾਉਣ ਦੇ ਰੋਸ ਵਜੋਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਇਥੇ ਸਿਵਿਲ ਹਸਪਤਾਲ ਮੋਗਾ ਵਿਖੇ ਐੱਸ.ਡੀ.ਓ. ਤੇ ਪੰਜਾਬ ਸਰਕਾਰ ਦੀ ਅਰਥੀ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਤੇ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਮੋਰਚੇ ਦੇ ਸੂਬਾਈ ਆਗੂਆਂ ਸੁਰਿੰਦਰ ਕੁਮਾਰ ਸਿਹਤ ਵਿਭਾਗ, ਜਸਪ੍ਰੀਤ ਸਿੰਘ ਗਗਨ ਪੀ ਡਬਲਯੂ ਡੀ ਬਿਜਲੀ ਵਿੰਗ ਤੇ ਜ਼ਿਲ੍ਹਾ ਆਗੂ ਕੁਲਦੀਪ ਸਿੰਘ ਤੇ ਗੁਰਜੰਟ ਸਿੰਘ ਸੀ ਐੱਚ ਬੀ ਪਾਵਰਕਾਮ ਐਂਡ ਟਰਾਂਸਕੋ ਨੇ ਕਿਹਾ ਕਿ ਸਬ ਡਵੀਜ਼ਨ ਤਾਰਾਗੜ੍ਹ ਦੇ ਐੱਸ.ਡੀ.ਓ. ਤੇ ਪੰਜਾਬ ਸਰਕਾਰ ਦੇ ਖਿਲਾਫ ਅੱਜ ਜਥੇਬੰਦੀ ਵੱਲੋਂ ਸਾਰੇ ਪੰਜਾਬ ਵਿੱਚ ਅਰਥੀਆਂ ਫੂਕ ਕੇ ਰੋਹ ਭਰਪੂਰ ਧਰਨੇ ਦਿੱਤੇ ਗਏ ਹਨ, ਉਥੇ ਹੀ ਅੱਜ ਮੋਰਚੇ ਵੱਲੋਂ ਅਰਥੀ ਫੂਕ ਕੇ ਰੋਸ ਪ੍ਰਦਰਸ਼ਨ ਕਰਕੇ ਸੰਘਰਸ਼ੀ ਲੋਕਾਂ ਦੇ ਖਿਲਾਫ ਕੀਤੀ ਗਈ ਪੁਲਸ ਕਾਰਵਾਈ ਦੀ ਨਿਖੇਧੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸੰਘਰਸ਼ੀ ਲੋਕ ਕਿਸੇ ਵੀ ਕੀਮਤ 'ਤੇ ਬਰਦਾਰਸ਼ਤ ਨਹੀਂ ਕਰਨਗੇ ਤੇ ਸਰਕਾਰਾਂ ਦੇ ਤਾਨਾਸ਼ਾਹੀ ਰਵੱਈਏ ਦੇ ਖਿਲਾਫ ਚੱਲ ਰਹੇ ਸੰਘਰਸ਼ਾਂ ਵਿਚ ਵੱਧ ਚੜ੍ਹ ਕੇ ਸ਼ਾਮਲ ਹੋਣਗੇ। ਇਸ ਮੌਕੇ ਨਸੀਬ ਕੌਰ, ਸੋਨੂੰ ਕਟਾਰੀਆ, ਸੁਰੇਸ਼ ਕੁਮਾਰ, ਸੁਖਵਿੰਦਰ ਸਿੰਘ, ਦਲਜਿੰਦਰ ਸਿੰਘ, ਬਲਕਰਨ ਸਿੰਘ, ਰਣਯੋਧ ਸਿੰਘ, ਮਨਪ੍ਰੀਤ ਕੌਰ ਸਣੇ ਵੱਡੀ ਗਿਣਤੀ ਵਿੱਚ ਮੁਲਾਜ਼ਮ ਹਾਜ਼ਰ ਸਨ।


ਪਾਤੜਾਂ


ਮੋਗਾ


ਮਾਨਸਾ


ਫਿਰੋਜ਼ਪੁਰ

## ਖੁੱਡੀਆਂ ਦੇ ਘਰ ਅੱਗੇ ਅਣਮਿੱਥੇ ਸਮੇਂ ਦੇ ਧਰਨੇ ਸੰਬੰਧੀ ਖੇਤ ਮਜ਼ਦੂਰਾਂ ਦੀ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ/ਚਾਵਲਾ/ ਪਰਮਜੀਤ ਸਿੰਘ)**-ਪੰਜਾਬ ਦੀ ਆਪ ਸਰਕਾਰ ਵੱਲੋਂ ਖੇਤ ਮਜ਼ਦੂਰਾਂ ਨੂੰ ਅਣਗੌਲੇ ਕਰਨ ਤੇ ਮਜ਼ਦੂਰ ਵਿਰੋਧੀ ਨੀਤੀਆਂ ਲਾਗੂ ਕਰਨ ਵਿਰੁੱਧ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ 18 ਅਗਸਤ ਵੱਲੋਂ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਘਰ ਅੱਗੇ ਦਿੱਤੇ ਜਾਣ ਵਾਲੇ ਅਣਮਿੱਥੇ ਸਮੇਂ ਦੀ ਧਰਨੇ ਸਬੰਧੀ ਪਿੰਡ ਭੁੱਟੀਵਾਲਾ ਵਿਖੇ ਦੀ ਜ਼ਿਲ੍ਹਾ ਖਜ਼ਾਨਚੀ ਬਾਜ ਸਿੰਘ ਭੁੱਟੀਵਾਲਾ ਦੀ ਅਗਵਾਈ ਹੇਠ ਵੱਖ ਵੱਖ ਪਿੰਡਾਂ 'ਚੋਂ ਪਹੁੰਚੇ ਮਜ਼ਦੂਰ ਮਰਦ ਔਰਤਾਂ ਦੀ ਮੀਟਿੰਗ ਕੀਤੀ ਗਈ।

ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਜ਼ਿਲਾ ਆਗੂ ਰਾਜਾ ਸਿੰਘ ਖੂੰਨਣ ਖੁਰਦ ਨੇ ਆਖਿਆ ਕਿ ਪਹਿਲੀਆਂ ਸਰਕਾਰਾਂ ਵਾਂਗ ਆਪ ਸਰਕਾਰ ਦੇ ਰਾਜ 'ਚ ਪੰਚਾਇਤੀ ਜ਼ਮੀਨ 'ਚੋਂ ਤੀਜਾ ਹਿੱਸਾ ਜ਼ਮੀਨ ਮਜ਼ਦੂਰਾਂ ਨੂੰ ਸਸਤੇ ਭਾਅ ਠੇਕੇ 'ਤੇ ਦੇਣ ਦੀ ਥਾਂ ਡੰਮੀ ਬੋਲੀਆਂ ਕਰਾਈਆਂ ਜਾ ਰਹੀਆਂ ਹਨ।ਮਜ਼ਦੂਰਾਂ ਨੂੰ ਕੋਆਪ੍ਰੇਟਿਵ ਸੁਸਾਇਟੀ ਦੇ ਮੈਂਬਰ ਬਣਾ ਕੇ ਸਸਤੇ ਕਰਜ਼ੇ ਦੇਣ ਦੇ ਕਾਨੂੰਨੀ ਹੱਕ ਤੋਂ ਵੀ ਵਾਂਝੇ ਰੱਖ ਕੇ ਉਨ੍ਹਾਂ ਨੂੰ ਮਾਈਕਰੋ ਫਾਈਨਾਂਸ ਕੰਪਨੀ ਦੇ ਤੰਦੂਆ ਜਾਲ 'ਚ ਜਕੜਿਆ ਜਾ ਰਿਹਾ ਹੈ।ਉਨ੍ਹਾਂ ਦੋਸ਼ ਲਾਇਆ ਕਿ ਕੇਜਰੀਵਾਲ ਵੱਲੋਂ ਚਾਰ ਮਹੀਨਿਆਂ 'ਚ ਨਸ਼ਿਆਂ ਨੂੰ ਠੱਲ੍ਹ ਪਾਉਣ ਦੀ ਦਿੱਤੀ ਗਰੰਟੀ ਦੇ ਬਾਵਜੂਦ ਨਸ਼ਿਆਂ ਦੀ ਮਹਾਂਮਾਰੀ ਹੋਰ ਵੀ ਵਿਰਾਟ ਰੂਪ ਧਾਰਨ ਕਰ ਚੁੱਕੀ ਹੈ ਤੇ ਨਸ਼ਿਆਂ ਕਾਰਨ ਨੌਜਵਾਨਾਂ ਦੀਆਂ ਮੌਤਾਂ ਵਧ ਰਹੀਆਂ ਹਨ।ਇਸ ਤੋਂ ਇਲਾਵਾ ਮੀਟਿੰਗ ਨੂੰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਨੇ ਮਜ਼ਦੂਰਾਂ ਦੇ ਰੁਜ਼ਗਾਰ ਗਰੰਟੀ, ਬੇਘਰਿਆਂ ਤੇ ਲੋੜਵੰਦਾਂ ਨੂੰ ਪਲਾਟ ਤੇ ਮਕਾਨ ਉਸਾਰੀ ਲਈ ਗ੍ਰਾਂਟਾਂ ਦੇਣ, ਪੈਨਸ਼ਨਾਂ ਦੀ ਰਾਸ਼ੀ ਵਧਾ ਕੇ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨਾ ਕਰਨ, ਚੋਣ ਗਰੰਟੀ ਮੁਤਾਬਕ ਔਰਤਾਂ ਨੂੰ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ, ਮਜ਼ਦੂਰ ਕਿਸਾਨ ਤੇ ਵਾਤਾਵਰਨ ਪੱਖੀ ਖੇਤੀ ਨੀਤੀ ਲਾਗੂ ਕਰਨ, ਜਨਤਕ ਵੰਡ ਪ੍ਰਣਾਲੀ ਤਹਿਤ ਰਸੋਈ ਵਰਤੋਂ ਦੀਆਂ ਵਸਤਾਂ ਸਸਤੇ ਭਾਅ ਡਿੱਪੂਆਂ 'ਤੇ ਦੇਣ ਅਤੇ ਐੱਸ ਸੀ ਵਿਦਿਆਰਥੀਆਂ ਤੋਂ ਪੀ ਟੀ ਏ ਫੰਡ ਵਸੂਲਣਾ ਬੰਦ ਕਰਨ ਆਦਿ ਮੰਗਾਂ ਨੂੰ ਲੈ ਕੇ 18 ਅਗਸਤ ਨੂੰ ਖੇਤੀਬਾੜੀ ਮੰਤਰੀ ਦੇ ਘਰ ਅੱਗੇ ਦਿੱਤੇ ਜਾਣ ਵਾਲੇ ਧਰਨੇ 'ਚ ਪਰਿਵਾਰਾਂ ਸਮੇਤ ਪਹੁੰਚਣ ਦਾ ਸੱਦਾ ਦਿੱਤਾ।ਇਸ ਸਮੇਂ ਜਸਕਰਨ ਸਿੰਘ ਦੋਦਾ, ਪ੍ਰਗਟ ਸਿੰਘ ਆਸਾ ਬੁੱਟਰ, ਦਲਜੀਤ ਸਿੰਘ ਕੋਟਲੀ ਸੰਘਰ, ਗੁਰਮੀਤ ਸਿੰਘ ਗੂੜੀ ਸੰਘਰ, ਗੁਰਮੀਤ ਦੂਹੇ ਵਾਲਾ ਆਦਿ ਸ਼ਾਮਲ ਸਨ।

## ਨਗਰ ਸੁਧਾਰ ਸਭਾ ਵੱਲੋਂ ਸੰਘਰਸ਼ ਨੂੰ ਤੇਜ਼ ਕਰਨ ਦਾ ਐਲਾਨ



**ਬੁਢਲਾਡਾ (ਅਸ਼ੋਕ ਲਾਕੜਾ)**-ਨਗਰ ਸੁਧਾਰ ਸਭਾ ਬੁਢਲਾਡਾ ਵੱਲੋਂ ਸ਼ਹਿਰ ਵਿੱਚ ਸੀਵਰੇਜ ਸਿਸਟਮ ਦੇ ਮਾੜੇ ਪ੍ਰਬੰਧਾਂ ਤੇ ਹੋਰ ਮੰਗਾਂ ਸਬੰਧੀ ਸੱਦੇ ਸ਼ਹਿਰਵਾਸੀਆਂ ਦੇ ਇਕੱਠ ਵਿੱਚ ਫੈਸਲਾ ਕੀਤਾ ਗਿਆ ਕਿ 12 ਅਗਸਤ ਤੱਕ ਸੀਵਰੇਜ ਸਮੇਤ ਸਾਰੇ ਮੰਗਾਂ ਮਸਲੇ ਹੱਲ ਨਾ ਕੀਤੇ ਤਾਂ ਸਖਤ ਐਕਸ਼ਨ ਕੀਤਾ ਜਾਵੇਗਾ। ਇਸ ਫੈਸਲੇ ਨੂੰ ਸ਼ਹਿਰਵਾਸੀਆਂ ਨੇ ਹੱਥ ਖੜੇ ਕਰਕੇ ਪਾਸ ਕੀਤਾ ਗਿਆ। ਅੱਜ ਦੀ ਮੀਟਿੰਗ ਵਿੱਚ ਵਪਾਰ ਮੰਡਲ, ਆੜ੍ਹਤੀਆ ਐਸੋਸੀਏਸ਼ਨ, ਰੇੜ੍ਹੀ ਫੜ੍ਹੀ ਯੂਨੀਅਨ ਸਮੇਤ ਵੱਖ ਵੱਖ ਸੰਸਥਾਵਾਂ ਦੇ ਆਗੂ ਪੂਰੇ ਉਤਸ਼ਾਹ ਨਾਲ ਸਾਮਲ ਹੋਏ। ਸੰਸਥਾ ਦੇ ਸੀਨੀਅਰ ਆਗੂਆਂ ਸਤਪਾਲ ਸਿੰਘ ਕਟੌਦੀਆ, ਪ੍ਰੇਮ ਸਿੰਘ ਦੋਦੜਾ, ਐਡਵੋਕੇਟ ਸਵਰਨਜੀਤ ਸਿੰਘ ਦਲਿਓ, ਤਰਜੀਤ ਸਿੰਘ ਚਹਿਲ, ਹਰਪ੍ਰੀਤ ਸਿੰਘ ਪਿਆਰੀ ਤੇ ਖੇਮ ਸਿੰਘ ਜਟਾਣਾ ਨੇ ਭਰਵੇਂ ਇਕੱਠ ਵਿੱਚ ਬੋਲਦਿਆਂ ਕਿਹਾ ਕਿ ਪਿਛਲੇ ਦਿਨਾਂ ਤੋਂ ਨਗਰ ਸੁਧਾਰ ਸਭਾ ਨੇ ਸੀਵਰੇਜ ਸਿਸਟਮ ਦੇ ਨਾਕਸ ਪ੍ਰਬੰਧ, ਪੀਣ ਦੇ ਪਾਣੀ ਵਿੱਚ ਮਿਕਸ ਗੰਦੇ ਪਾਣੀ ਦੀ ਸਪਲਾਈ, ਐੱਨ.ਓ.ਸੀ. ਸਬੰਧੀ ਖੱਜਲ ਖੁਆਰੀ ਤੇ ਲੁੱਟ ਖਸੁੱਟ, ਆਵਾਰਾ ਪਸ਼ੂਆਂ ਦੀ ਸਮੱਸਿਆ ਆਦਿ ਸਬੰਧੀ ਮੁਹਿੰਮ ਚਲਾਈ ਹੋਈ ਸੀ, ਜਿਸ ਕਾਰਨ ਨਗਰ ਕੌਂਸਲ, ਜੀ.ਡੀ.ਸੀ.ਐੱਲ. ਕੰਪਨੀ, ਪ੍ਰਸ਼ਾਸਨ ਤੇ ਸਰਕਾਰ ਨੇ ਥੋੜੀ ਬਹੁਤੀ ਸੀਵਰੇਜ ਦੀ ਸਮੱਸਿਆ ਵੱਲ ਧਿਆਨ ਦਿੱਤਾ ਹੈ, ਪਰ ਹਾਲਾਂ ਵੀ ਇਸ ਸਮੱਸਿਆ ਦਾ ਸਥਾਈ ਬੰਦੋਬਸਤ ਨਹੀਂ ਕੀਤਾ। ਮਸ਼ੀਨਾਂ ਖ੍ਰੀਦਣ ਸਬੰਧੀ ਟੈਂਡਰ ਖੁੱਲ੍ਹਣ ਸਬੰਧੀ ਗੁੰਮਰਾਹਕੁਨ ਪ੍ਰਚਾਰ ਕੀਤਾ ਗਿਆ ਹੈ। ਸੱਚਾਈ ਇਹ ਹੈ ਕਿ ਉਕਤ ਟੈਂਡਰ ਪਾਏ ਹੀ ਨਹੀਂ ਗਏ।

ਆਗੂਆਂ ਨੇ ਕਿਹਾ ਕਿ ਹਾਲਾਂ ਕਿ ਬਰਸਾਤ ਨਹੀਂ ਹੋਈ, ਜੇਕਰ ਆਉਂਦੇ ਦਿਨਾਂ ਵਿੱਚ ਭਰਵੀਂ ਬਾਰਸ਼ ਹੁੰਦੀ ਹੈ ਤਾਂ ਸ਼ਹਿਰ ਦੀ ਹਾਲਤ ਕਾਫੀ ਗੰਭੀਰ ਹੋ ਜਾਵੇਗੀ। ਪ੍ਰਸ਼ਾਸਨ ਤੇ ਸਰਕਾਰ ਨੂੰ ਸ਼ਹਿਰ ਦੇ ਲੋਕਾਂ ਦੇ ਧਰਨਿਆਂ-ਪ੍ਰਦਰਸ਼ਨਾਂ ਦੇ ਰੂਪ ਵਿੱਚ ਗੁੱਸੇ ਦਾ ਸਾਹਮਣਾ ਕਰਨਾ ਪਵੇਗਾ। ਆਗੂਆਂ ਨੇ ਕਿਹਾ ਕਿ ਨਗਰ ਕੌਂਸਲ ਨੇ ਨਕਸ਼ਿਆਂ ਦੇ ਰੇਟਾਂ ਵਿੱਚ ਭਾਰੀ ਵਾਧਾ ਕਰ ਦਿੱਤਾ ਹੈ, ਜਿਸ ਕਾਰਨ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਮੌਕੇ ਪੰਜਾਬ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਬੁਲਾਰਿਆਂ ਨੇ ਕਿਹਾ ਕਿ ਸਮੁੱਚੀ ਬੁਢਲਾਡਾ ਸਬ ਡਵੀਜ਼ਨ ਲਵਾਰਿਸ ਜਾਪ ਰਹੀ ਹੈ। ਸ਼ਹਿਰਾਂ ਤੇ ਪਿੰਡਾਂ ਦੇ ਵਿਕਾਸ ਕੰਮਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਸੜਕਾਂ, ਗਲੀਆਂ, ਪੀਣ ਦੇ ਪਾਣ , ਸਿਹਤ ਸਹੂਲਤਾਂ ਜਿਹੀਆਂ ਬੁਨਿਆਦੀ ਸਹੂਲਤਾਂ ਤੋਂ ਲੋਕ ਸੱਖਣੇ ਹਨ। ਸੱਤਾਧਾਰੀ ਧਿਰ ਸਿਰਫ ਗੱਲਾਂ ਦਾ ਕੜਾਹ ਬਣਾਉਣ ਤੋਂ ਬਿਨਾਂ ਹੋਰ ਕੁਝ ਨਹੀਂ ਕਰ ਰਹੀ। ਅੱਜ ਦੇ ਇਕੱਠ ਵਿੱਚ ਹੋਰਨਾਂ ਤੋਂ ਇਲਾਵਾ ਨਰੇਸ਼ ਕੁਮਾਰ ਐੱਮ ਸੀ, ਪ੍ਰੇਮ ਕੁਮਾਰ ਗਰਗ ਐੱਮ ਸੀ, ਦਰਸਨ ਸਿੰਘ ਦਰਸੀ ਐੱਮ ਸੀ, ਕੁਸਮ ਸ਼ਰਮਾ, ਬਜ਼ੁਰਗ ਆਗੂ ਬਨਾਰਸੀ ਦਾਸ ਜੈਨ, ਹਰਦਿਆਲ ਸਿੰਘ ਦਾਤੇਵਾਸ, ਕਾ. ਚਿਮਨ ਲਾਲ ਕਾਕਾ, ਭੂਸ਼ਨ ਵਰਮਾ, ਜਸਦੇਵ ਸਿੰਘ ਅੱਕਾਂਵਾਲੀ, ਇੰਸਪੈਕਟਰ ਬਖਤੌਰ ਸਿੰਘ, ਪੂਰਨ ਸਿੰਘ ਫਰੀਡਮ ਫਾਈਟਰ, ਰੂਬੀ ਸਿੰਘ ਮਾਹਲ, ਕਾ. ਰਾਏਕੇ, ਰਾਮ ਚੰਦਰ, ਸੰਤੋਖ ਸਿੰਘ, ਮਲਕੀਤ ਸਿੰਘ ਆਦਿ ਮੌਜੂਦ ਸਨ।

## ਯੂਥ ਵਿੰਗ ਵੱਲੋਂ ਭਖਦੇ ਮਸਲਿਆਂ ਨੂੰ ਲੈ ਕੇ ਮੋਟਰਸਾਈਕਲ ਮਾਰਚ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਕਿਰਤੀ ਕਿਸਾਨ ਯੂਨੀਅਨ ਯੂਥ ਵਿੰਗ ਦੀ ਅਗਵਾਈ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਪੰਜਾਬ ਦਾ ਦਰਿਆਈ ਪਾਣੀ ਰਿਪੇਰੀਅਨ ਸਿਧਾਂਤ ਮੁਤਾਬਕ ਪੰਜਾਬ ਨੂੰ ਦੇਣ, ਰਸਾਇਣਕ ਖੇਤੀ ਮਾਡਲ ਦੀ ਥਾਂ ਕੁਦਰਤ ਪੱਖੀ ਹੰਢਣਸਾਰ ਬਦਲਵਾਂ ਖੇਤੀ ਮਾਡਲ ਲਾਗੂ ਕਰਨ, ਭਾਰਤ ਪਾਕਿਸਤਾਨ ਵਪਾਰ ਵਾਹਗਾ ਤੇ ਹੁਸੈਨੀਵਾਲਾ ਬਾਰਡਰ ਰਾਹੀਂ ਖੋਲ੍ਹਣ ਅਤੇ ਪੰਜਾਬ ਦੇ ਕਿਸਾਨਾਂ-ਮਜ਼ਦੂਰਾਂ ਦੇ ਕਰਜ਼ੇ 'ਤੇ ਲੀਕ ਮਾਰਨ ਦੀਆਂ ਮੰਗਾਂ ਨੂੰ ਉਠਾਉਂਦੇ ਹੋਏ ਸਮਾਣਾ ਤੋਂ ਪਾਤੜਾਂ ਤੱਕ ਪ੍ਰਭਾਵਸ਼ਾਲੀ ਮੋਟਰਸਾਈਕਲ ਮਾਰਚ ਕੀਤਾ।

ਜਾਣਕਾਰੀ ਦਿੰਦਿਆਂ ਯੂਥ ਵਿੰਗ ਦੇ ਸੂਬਾ ਕਮੇਟੀ ਆਗੂ ਤੇ ਜ਼ਿਲ੍ਹਾ ਕਨਵੀਨਰ ਗੁਰਵਿੰਦਰ ਸਿੰਘ ਦੇਧਨਾ ਨੇ ਦੱਸਿਆ ਕਿ ਪਹਿਲਾਂ ਨੌਜਵਾਨ ਸਮਾਣੇ ਰਾਜਲਾ ਰੋਡ ਵਿਖੇ ਇਕੱਠੇ ਹੋਏ ਤੇ ਉਥੋਂ ਸੈਂਕੜੇ ਮੋਟਰਸਾਈਕਲਾਂ 'ਤੇ ਝੰਡੇ ਲਾ ਕੇ ਨਾਅਰੇ ਮਾਰਦੇ ਹੋਏ ਸਮਾਣਾ ਸ਼ਹਿਰ ਵਿੱਚੋਂ ਹੁੰਦੇ ਹੋਏ ਸਮਾਣਾ ਤੋਂ ਘੱਗਾ ਫਿਰ ਪਾਤੜਾਂ ਪੁਰਾਣੇ ਬੱਸ ਅੱਡੇ ਮਾਰਚ ਦੀ ਸਮਾਪਤੀ ਕੀਤੀ।ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਦੱਸਿਆ ਕਿ ਇਸ ਸਮੇਂ ਪੰਜਾਬ ਧਰਤੀ ਹੇਠਲਾ ਪਾਣੀ ਡੂੰਘਾ ਹੋਣ ਕਰਕੇ ਗੰਭੀਰ ਪਾਣੀ ਅਤੇ ਖੇਤੀ ਸੰਕਟ ਵਿੱਚੋਂ ਲੰਘ ਰਿਹਾ ਹੈ, ਪਰ ਪੰਜਾਬ ਦੀ ਸਰਕਾਰ ਨੇ ਅਜੇ ਤੱਕ ਕੋਈ ਖੇਤੀਬਾੜੀ ਨੀਤੀ ਤਿਆਰ ਨਹੀਂ ਕੀਤੀ। ਇਨ੍ਹਾਂ ਮਾਮਲਿਆਂ ਸਬੰਧੀ ਨੌਜਵਾਨਾਂ ਵੱਲੋਂ ਅੱਜ ਦੇ ਮੋਟਰਸਾਈਕਲ ਮਾਰਚ ਰਾਹੀਂ ਪਿੰਡਾਂ ਵਿੱਚ ਲਾਮਬੰਦੀ ਕੀਤੀ ਗਈ ਤੇ ਆਉਣ ਵਾਲੇ ਵੱਡੇ ਸੰਘਰਸ਼ ਦੀ ਤਿਆਰੀ ਕਰਨ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਯੂਥ ਆਗੂ ਬੱਬੂ ਟੋਡਰਪੁਰ, ਗੁਰਸੇਬ ਦੇਧਨਾ, ਝਿਰਮਲ ਸਿੰਘ ਹਰਿਆਉ, ਹਰਜੀਤ ਸਿੰਘ ਦੇਧਨਾ, ਪ੍ਰਦੀਪ ਢਾਬੀ, ਕੁਲਦੀਪ ਚੂਨਾਗਰਾ, ਮਹਿੰਦਰ ਸਿੰਘ ਖਾਂਗ, ਗਗਨਦੀਪ ਸਿੰਘ ਇਸ ਤੋਂ ਇਲਾਵਾ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਹਰਵਿੰਦਰ ਸਿੰਘ ਕਾਕੜਾ, ਜ਼ਿਲ੍ਹਾ ਸਕੱਤਰ ਦਲਜਿੰਦਰ ਹਰਿਆਉ, ਮੀਤ ਪ੍ਰਧਾਨ ਜਸਵੀਰ ਸਿੰਘ ਫ਼ਤਿਹਪੁਰ, ਬਾਲਕ ਪ੍ਰਧਾਨ ਕਰਮਜੀਤ ਪਾਤੜਾਂ ਤੇ ਸ਼ੇਰ ਸਿੰਘ ਕਾਕੜਾ ਆਦਿ ਹਾਜ਼ਰ ਸਨ।

## ਵਿਸ਼ਵ ਸ਼ਾਂਤੀ ਲਈ ਜਨ-ਅੰਦੋਲਨ ਚਲਾਉਣ ਦੀ ਲੋੜ : ਡਾ. ਮਿੱਤਰਾ

### ਉੱਘੇ ਅਮਨ ਘੁਲਾਟੀਏ ਭਰਤ ਪ੍ਰਕਾਸ਼ ਦੀ ਯਾਦ 'ਚ ਸਮਾਗਮ

**ਲੁਧਿਆਣਾ (ਐੱਮ. ਐੱਸ. ਭਾਟੀਆ)**-ਖੰਨਾ ਸ਼ਹਿਰ ਵਿਖੇ ਆਲ ਇੰਡੀਆ ਪੀਸ ਐਂਡ ਸਾਲੀਡੈਰਿਟੀ ਆਰਗੇਨਾਈਜ਼ੇਸ਼ਨ (ਐਪਸੋ) ਤੇ ਸੁਪਨਸਾਜ਼ ਵੱਲੋਂ ਸਾਂਝੇ ਤੌਰ 'ਤੇ 'ਯੁੱਧ ਖੇਤਰਾਂ ਵਿੱਚ ਮਨੁੱਖੀ ਸੰਕਟ ਤੇ ਅੱਗੇ ਦਾ ਰਸਤਾ' ਵਿਸ਼ੇ 'ਤੇ ਵਿਚਾਰ ਗੋਸ਼ਟੀ ਕੀਤੀ ਗਈ।ਇਸ ਗੋਸ਼ਟੀ ਦਾ ਆਯੋਜਨ ਉੱਘੇ ਅਮਨ ਘੁਲਾਟੀਏ ਕਾਮਰੇਡ ਭਰਤ ਪ੍ਰਕਾਸ਼, ਜਿਨ੍ਹਾਂ ਨੇ ਜੀਵਨ ਦਾ ਲੰਮਾ ਸਮਾਂ ਸਮਾਜ ਸੇਵਾ ਤੇ ਵਿਸ਼ਵ ਸ਼ਾਂਤੀ ਲਈ ਲਗਾਇਆ, ਦੀ ਯਾਦ ਵਿੱਚ ਕੀਤਾ ਗਿਆ।ਵੱਖ ਵੱਖ ਬੁਲਾਰਿਆਂ ਨੇ ਇਸ ਮੌਕੇ ਸੰਬੋਧਨ ਕਰਦੇ ਹੋਏ ਦੁਨੀਆ ਵਿੱਚ ਚੱਲ ਰਹੀਆਂ ਜੰਗਾਂ ਦੇ ਕਾਰਨ ਜਾਨ ਮਾਲ ਦੇ ਨੁਕਸਾਨ ਤੇ ਭੁੱਖਮਰੀ ਦੇ ਫੈਲਣ 'ਤੇ ਚਿੰਤਾ ਪ੍ਰਗਟ ਕੀਤੀ।ਸਮਾਗਮ ਦੇ ਪ੍ਰਮੁੱਖ ਬੁਲਾਰੇ ਇੰਡੀਅਨ ਡਾਕਟਰ ਫਾਰ ਪੀਸ ਐਂਡ ਡਿਵੈਲਪਮੈਂਟ (ਆਈਡੀਪੀਡੀ) ਦੇ ਪ੍ਰਧਾਨ ਡਾ. ਅਰੁਣ ਮਿੱਤਰਾ ਨੇ ਇਸ ਗੱਲ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਕਿ ਗਾਜ਼ਾ ਵਿੱਚ ਨਿੱਕੇ ਨਿੱਕੇ ਬੱਚਿਆਂ ਦਾ ਕਤਲੇਆਮ ਦੇਖ ਕੇ ਵੀ ਦੁਨੀਆ ਇਸ ਨੂੰ ਰੋਕਣ ਵਿੱਚ ਅਸਮਰਥ ਹੈ। ਇਜ਼ਰਾਇਲ ਵੱਲੋਂ ਹੁਣ ਜੰਗ ਕੇਵਲ ਗਾਜ਼ਾ ਦੇ ਉੱਪਰ ਨਹੀਂ ਰਹੀ, ਬਲਕਿ ਉਸ ਨੇ ਲਿਬਨਾਨ ਦੇ ਪੱਛਮੀ ਕਿਨਾਰੇ ਦੇ ਉੱਪਰ ਵੀ ਹਮਲਾ ਕਰ ਦਿੱਤਾ ਹੈ।ਈਰਾਨ ਵਿੱਚ ਮਿਸਾਈਲ ਨਾਲ ਹਮਾਸ ਦੇ ਆਗੂ ਹੈ ਨੀ ਆਈ ਦੇ ਕਤਲ ਨੇ ਸਥਿਤੀ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ।ਅਮਰੀਕਾ ਵੱਲੋਂ ਅਪਣਾਈ ਦੋਗਲੀ ਨੀਤੀ, ਜਿਸ ਵਿੱਚ ਇੱਕ ਪਾਸੇ ਤਾਂ ਉਹ ਇਜ਼ਰਾਇਲ ਨੂੰ ਜੰਗ ਰੋਕਣ ਦੀ ਗੱਲ ਕਰਦਾ ਹੈ ਤੇ ਦੂਜੇ ਪਾਸੇ ਅਤੀ ਘਾਤਕ ਹਥਿਆਰ ਸਪਲਾਈ ਕਰ ਰਿਹਾ ਹੈ, ਨੇ ਸਥਿਤੀ ਨੂੰ ਬਹੁਤ ਵਿਗਾੜਿਆ ਹੈ।ਯੂਕਰੇਨ ਵਿੱਚ ਚੱਲ ਰਹੀ ਲੜਾਈ ਦੇ ਕਾਰਨ ਪ੍ਰਮਾਣੂ ਯੁੱਧ ਦਾ ਖਤਰਾ ਮੰਡਰਾ ਰਿਹਾ ਹੈ।ਇਥੇ ਨਾਟੋ ਦੀ ਤੇ ਅਮਰੀਕਾ ਦੀ ਸਿੱਧੀ ਦਖਲ ਅੰਦਾਜ਼ੀ ਹੈ ਤੇ ਉਹ ਜੰਗ ਨੂੰ ਸਮਾਪਤ ਨਹੀਂ ਹੋਣ ਦੇਣਾ ਚਾਹੁੰਦੇ ਤੇ ਆਪਣੇ ਹਥਿਆਰ ਵੇਚਣ ਵਿੱਚ ਲੱਗੇ ਹੋਏ ਹਨ।ਇਸ ਸਥਿਤੀ ਨੂੰ ਸੁਧਾਰਨ ਲਈ ਦੁਨੀਆ ਭਰ ਵਿੱਚ ਅਮਨ ਲਹਿਰ ਦੀ ਆਵਾਜ਼ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ।




ਸੋਸ਼ਲ ਥਿੰਕਰਜ਼ ਫੋਰਮ ਦੇ ਕਨਵੀਨਰ ਐੱਮ ਐੱਸ ਭਾਟੀਆਂ ਨੇ ਕਿਹਾ ਕਿ ਸਾਨੂੰ ਭਰਤ ਪ੍ਰਕਾਸ਼ ਜੀ ਦੀ ਯਾਦ ਵਿੱਚ ਲੜੀਵਾਰ ਵੱਖ-ਵੱਖ ਵਿਸ਼ਿਆਂ 'ਤੇ ਸਮਾਗਮ ਕਰਨੇ ਚਾਹੀਦੇ ਹਨ।ਕਾਮਰੇਡ ਗੁਰਨਾਮ ਕੰਵਰ ਨੇ ਭਰਤ ਜੀ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਦ੍ਰਿੜ੍ਹ ਇਰਾਦੇ ਤੇ ਅਮਨ ਲਈ ਉਨ੍ਹਾਂ ਦੀ ਸੋਚ ਦੀ ਵਿਆਖਿਆ ਕੀਤੀ।ਸਮਾਗਮ ਦੇ ਪ੍ਰਧਾਨ ਡਾਕਟਰ ਬਲਵਿੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਇਸ ਵੇਲੇ ਸਮੁੱਚੇ ਸਮਾਜ ਨੂੰ ਇਕੱਠਾ ਕਰਕੇ ਅਮਨ ਦੇ ਨਾਲ ਨਾਲ ਫੈਲ ਰਹੀ ਭੁੱਖਮਰੀ ਬਾਰੇ ਚੇਤੰਨ ਕਰਕੇ ਲਾਮਬੰਦ ਕਰਨਾ ਪਏਗਾ। ਯੁੱਧ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।ਕਾਮਰੇਡ ਰਮੇਸ਼ ਰਤਨ ਨੇ ਪ੍ਰਗਤੀਸ਼ੀਲ ਲੋਕਾਂ ਨੂੰ ਲੋਕਾਂ ਦੀਆਂ ਦੈਨਿਕ ਮੰਗਾਂ ਉੱਪਰ ਜੋੜ ਕੇ ਅਮਨ ਦੀ ਗੱਲ ਕਰਨ 'ਤੇ ਜ਼ੋਰ ਦਿੱਤਾ।ਸਟੇਜ ਦਾ ਸੰਚਾਲਨ ਕਰ ਰਹੇ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਇਹ ਬੜਾ ਸੰਵੇਦਨਸ਼ੀਲ ਵਿਸ਼ਾ ਹੈ। ਇਸ ਲਈ ਖੰਨਾ ਸ਼ਹਿਰ ਨੂੰ ਚੁਣਿਆ ਜਾਣਾ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ ਤੇ ਅਸੀਂ ਇਹ ਵਾਅਦਾ ਕਰਦੇ ਹਾਂ ਕਿ ਕਾਮਰੇਡ ਪ੍ਰਕਾਸ਼ ਜੀ ਦੇ ਪਾਏ ਹੋਏ ਪੂਰਨਿਆਂ 'ਤੇ ਸਿਰਫ ਵਿਸ਼ਵ ਅਮਨ ਲਈ ਹੀ ਨਹੀਂ, ਸਗੋਂ ਦੁਨੀਆ ਵਿੱਚ ਵੱਧ ਰਹੀ ਭੁੱਖਮਰੀ ਬਾਰੇ ਵੀ ਜਾਗਰੂਕਤਾ ਪੈਦਾ ਕਰਾਂਗੇ। ਇਸ ਮੌਕੇ ਸਟੇਜ 'ਤੇ ਮਹਿੰਦਰ ਜੀਤ ਵਾਲੀਆ, ਪ੍ਰਿੰਸੀਪਲ ਕੇ ਕੇ ਸ਼ਰਮਾ ਵੀ ਸੁਸ਼ੋਭਿਤ ਸਨ।ਲੁਧਿਆਣਾ ਤੋਂ ਕਾਮਰੇਡ ਕੇਵਲ ਸਿੰਘ ਬਨਵੈਤ ਤੇ ਕਾਮਰੇਡ ਅਵਤਾਰ ਛਿੱਬੜ ਵੀ ਉਚੇਚੇ ਤੌਰ 'ਤੇ ਇਸ ਸਮਾਗਮ ਵਿੱਚ ਸ਼ਾਮਲ ਹੋਏ। ਇਸ ਮੌਕੇ ਕਾਮਰੇਡ ਭਰਤ ਜੀ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨਾਗਰਿਕ ਸ਼ਾਮਲ ਹੋਏ।ਐਡਵੋਕੇਟ ਪਰਮਜੀਤ ਸਿੰਘ ਨੇ ਅੰਤ ਵਿੱਚ ਸਾਰਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਖੰਨਾ ਵਿੱਚ ਸਮਾਜ ਨਾਲ ਸੰਬੰਧਤ ਵਿਸ਼ਿਆਂ ਉੱਪਰ ਇਸ ਕਿਸਮ ਦੀ ਚਰਚਾ ਨੂੰ ਜਾਰੀ ਰੱਖ ਕੇ ਸਮਾਜ ਵਿੱਚ ਜਨ ਚੇਤਨਾ ਪੈਦਾ ਕੀਤੀ ਜਾਏਗੀ।

## 'ਡਾ. ਅੰਬੇਡਕਰ ਦਾ ਜੀਵਨ ਤੇ ਮਿਸ਼ਨ' ਕਿਤਾਬ ਦੀ ਘੁੰਡ ਚੁਕਾਈ



**ਸੰਗਰੂਰ (ਪ੍ਰਵੀਨ ਸਿੰਘ)**-ਪਿੰਡ ਥਲੇਸ ਵਿਖੇ ਸ੍ਰ. ਵਰਿਆਮ ਸਿੰਘ ਚੰਦੜ ਦੀ ਦੂਜੀ ਪੁਸਤਕ 'ਡਾਕਟਰ ਭੀਮ ਰਾਓ ਅੰਬੇਡਕਰ ਦਾ ਜੀਵਨ ਤੇ ਮਿਸ਼ਨ' ਰਿਲੀਜ਼ ਸਮਾਰੋਹ ਸ੍ਰੀ ਗੁਰੂ ਰਵਿਦਾਸ ਭਵਨ ਵਿੱਚ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਸ੍ਰੀਮਤੀ ਹਰਵਿੰਦਰ ਕੌਰ ਕੌਮੀ ਪ੍ਰਧਾਨ ਸਮਾਜਿਕ ਸੰਘਰਸ਼ ਪਾਰਟੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਸਮਾਰੋਹ ਦੌਰਾਨ ਬੋਲਦਿਆਂ ਹਰਵਿੰਦਰ ਕੌਰ ਨੇ ਕਿਹਾ ਕਿ ਇਹ ਕਿਤਾਬ ਵਰਿਆਮ ਸਿੰਘ ਚੰਦੜ ਵੱਲੋਂ ਆਪਣੀ ਪਤਨੀ ਅਮਰਜੀਤ ਕੌਰ ਚੰਦੜ ਨੂੰ ਸਮਰਪਤ ਕਰਕੇ ਸਾਰੀ ਔਰਤ ਜਾਤੀ ਦਾ ਸਨਮਾਨ ਕੀਤਾ ਹੈ, ਜਿਸ ਦੀ ਮੈਂ ਪੁਰਜ਼ੋਰ ਸ਼ਲਾਘਾ ਕਰਦੀ ਹਾਂ।ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਸਾਨੂੰ ਸਮਾਜਿਕ ਜਾਗਰੂਕਤਾ ਤੇ ਰਾਜਨੀਤਕ ਜਾਗਰੂਕਤਾ ਅਪਣਾਉਣ ਦੀ ਲੋੜ ਹੈ।ਜੇਕਰ ਸਾਡੇ ਸਮਾਜ ਨੂੰ ਇਨ੍ਹਾਂ ਗੱਲਾਂ ਦੀ ਸਮਝ ਆ ਜਾਂਦੀ ਹੈ ਤਾਂ ਰਾਜਨੀਤਕ ਪਾਵਰ ਸਾਡੇ ਕੋਲ ਆਪ ਮੁਹਾਰੇ ਆ ਜਾਵੇਗੀ।ਇਸ ਮੌਕੇ ਸ੍ਰ. ਵਰਿਆਮ ਸਿੰਘ ਚੰਦੜ ਵੱਲੋਂ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਨੂੰ ਇਸ ਗੱਲ ਦਾ ਮਾਣ ਹੈ ਕਿ ਇਹ ਪੁਸਤਕ ਲਿਖਣ ਦੇ ਵਿੱਚ ਸਹਿਯੋਗ ਦੇਣ ਵਾਲਿਆਂ ਵਿੱਚੋਂ ਮੇਰੀ ਧਰਮ ਪਤਨੀ ਅਮਰਜੀਤ ਕੌਰ ਦਾ ਅਹਿਮ ਯੋਗਦਾਨ ਹੈ।ਇਸ ਮੌਕੇ ਸਟੇਜ ਸੈਕਟਰੀ ਦੀ ਭੂਮਿਕਾ ਡਾ. ਸੁਖਚੈਨ ਸਿੰਘ ਸਾਰੋਂ ਨੇ ਬਖੂਬੀ ਨਿਭਾਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਵਿੰਦਰ ਸਿੰਘ ਮੋਹਾਲੀ, ਕੁਲਵੰਤ ਸਿੰਘ ਸਾਬਕਾ ਜੇਲ੍ਹ ਸੁਪਰਡੈਂਟ, ਮਲਕੀਤ ਸਿੰਘ ਚੰਗਾਲ ਮੈਂਬਰ ਐੱਸਜੀਪੀਸੀ, ਹਰੀਪਾਲ ਸਿੰਘ, ਰਾਜਵੀਰ ਸਿੰਘ ਰੰਗੀਲਾ, ਚਰਨਜੀਤ ਸਿੰਘ, ਕੈਂਥ ਜਸਵੰਤ ਸਿੰਘ ਚੰਦੜ, ਸਰਬਜੀਤ ਕੌਰ ਧਾਲੀਵਾਲ ਸਾਬਕਾ ਚੇਅਰਮੈਨ ਬਲਾਕ ਸੰਮਤੀ, ਡਾਕਟਰ ਰਾਜ ਭਲਵਾਨ ਅਕਾਲੀ ਆਗੂ, ਜਰਨੈਲ ਸਿੰਘ, ਪ੍ਰੀਤਮ ਸਿੰਘ ਛੰਨਾ, ਸਮਸ਼ੇਰ ਸਿੰਘ ਬੈਂਕ ਮੈਨੇਜਰ, ਸੁਰਿੰਦਰ ਸਿੰਘ ਏ ਐੱਸ ਆਈ ਪੰਜਾਬ ਪੁਲਸ ਆਦਿ ਹਾਜ਼ਰ ਸਨ।


## ਫਾਰਮ ਜੀ

ਐੱਨ ਬੀ ਐੱਫ ਸੀ ਉਦਯੋਗ ਬਠਿੰਡਾ, ਪੰਜਾਬ 'ਚ ਕਾਰੋਬਾਰ ਕਰ ਰਹੀ ਭਾਟੀਆ ਹਾਇਰ ਪ੍ਰਚੇਜ਼ ਪ੍ਰਾਈਵੇਟ ਲਿਮਟਿਡ ਵਾਸਤੇ ਦਿਲਚਸਪੀ ਦੇ ਪ੍ਰਗਟਾਵੇ ਦਾ ਸੱਦਾ ਭਾਰਤੀ ਦੀਵਾਲੀਆ ਅਤੇ ਦੀਵਾਲੀਆਪਨ ਬੋਰਡ ਦੇ ਨਿਯਮ 36ਏ ਦੇ ਸਬ-ਨਿਯਮ (1) ਤਹਿਤ

| ਸੰਬੰਧਤ ਵੇਰਵੇ | | |
|---|---|---|
| 1. | ਕਾਰਪੋਰੇਟ ਕਰਜ਼ਦਾਰ ਦਾ ਪੈਨ ਅਤੇ ਸੀ ਆਈ ਐੱਨ/ਐੱਲ ਐੱਲ ਪੀ ਨੰ. ਦੇ ਨਾਲ ਨਾਂਅ | ਭਾਟੀਆ ਹਾਇਰ ਪ੍ਰਚੇਜ਼ ਪ੍ਰਾਈਵੇਟ ਲਿਮਟਿਡ ਪੈਨ : ਏ ਏ ਸੀ ਸੀ ਬੀ 2236 ਕਿਊ ਸੀ ਆਈ ਐੱਨ : ਯੂ 65921 ਪੀ ਬੀ 1987 ਪੀ ਟੀ ਸੀ 007706 |
| 2. | ਰਜਿਸਟਰਡ ਦਫਤਰ ਦਾ ਪਤਾ : | ਵੀ 378, ਗਣਪਤੀ ਇਨਕਲੇਵ, ਬਠਿੰਡਾ, ਪੰਜਾਬ, ਇੰਡੀਆ, 151001 |
| 3. | ਵੈੱਬਸਾਈਟ ਦਾ ਯੂ ਆਰ ਐੱਲ | ਐੱਨ ਏ |
| 4. | ਸਥਾਨ ਜਿੱਥੇ ਫਿਕਸਡ ਐੱਸਟਸ ਦੀ ਬਹੁਗਿਣਤੀ ਹੈ, ਦਾ ਵੇਰਵਾ : | ਐੱਨ ਆਈ ਐੱਲ |
| 5. | ਪ੍ਰਮੁੱਖ ਉਤਪਾਦਾਂ/ਸੇਵਾਵਾਂ ਦੀ ਸਥਾਪਿਤ ਸਮਰੱਥਾ : | ਐੱਨ ਆਈ ਐੱਲ |
| 6. | ਬੀਤੇ ਵਿੱਤੀ ਵਰ੍ਹੇ 'ਚ ਵੇਚੇ ਪ੍ਰਮੁੱਖ ਉਤਪਾਦਾਂ/ਸੇਵਾਵਾਂ ਦੀ ਕੀਮਤ ਅਤੇ ਮਿਕਦਾਰ : | ਐੱਨ ਆਈ ਐੱਲ |
| 7. | ਮੁਲਾਜ਼ਮਾਂ/ਕਾਮਿਆਂ ਦੀ ਗਿਣਤੀ | ਐੱਨ ਆਈ ਐੱਲ |
| 8. | ਹੋਰ ਵੇਰਵੇ, ਦੋ ਸਾਲਾਂ ਦੇ ਆਖਰੀ ਉਪਲੱਬਧ ਵਿੱਤੀ ਵੇਰਵੇ (ਅਨੁਸੂਚੀਆਂ ਨਾਲ) ਨਾਲ, (ii) ਯੂ ਆਰ ਐੱਲ 'ਤੇ ਉਪਲੱਬਧ ਕਰਜ਼ਦਾਰਾਂ ਦੀਆਂ ਸੂਚੀਆਂ | (i) ਹੋਰ ਵੇਰਵੇ ਸਮੇਤ ਵਿੱਤੀ Cirphatia@gmail.com (ii) https ://ibbi.gov.in//uploads/claims/2024-05-10% 2014 : 22: 07- eeebbcd28205c235efff59417638a583.pdf 'ਤੇ ਮੇਲ ਰਾਹੀਂ ਉਪਲੱਬਧ ਕੀਤੇ ਜਾ ਸਕਦੇ ਹਨ। |
| 9. | ਕੋਡ ਦੇ ਸੈਕਸ਼ਨ 25 (2) (ਐੱਚ) ਤਹਿਤ ਸਮਾਧਾਨ ਬਿਨੈਕਾਰਾਂ ਦੀ ਯੂ ਆਰ ਐੱਲ 'ਤੇ ਯੋਗਤਾ : | ਸਮਾਧਾਨ ਬਿਨੈਕਾਰ ਸੈਕਸ਼ਨ 29 ਏ ਦੀ ਹੇਠਾਂ ਦਰਸਾਈ ਸੂਚੀ ਅਧੀਨ ਪ੍ਰਸਤਾਵਤ ਯੋਜਨਾ ਜਮ੍ਹਾਂ ਕਰਵਾਉਣ ਲਈ ਅਯੋਗ ਹੋਣਗੇ। https ://ibbi.gov.in//uploads/legalframwork/2022-04-28-181717-r28jw-afo143991dbbd963f47def187e86517f.pdf |
| 10. | ਦਿਲਚਸਪੀ ਦੇ ਪ੍ਰਗਟਾਵੇ ਪ੍ਰਾਪਤ ਕਰਨ ਦੀ ਅੰਤਮ ਮਿਤੀ : | 21.08.2024 |
| 11. | ਸੰਭਾਵੀ ਸਮਾਧਾਨ ਬਿਨੈਕਾਰ ਦੀ ਆਰਜ਼ੀ ਸੂਚੀ ਜਾਰੀ ਕਰਨ ਦੀ ਮਿਤੀ : | 31.08.2024 |
| 12. | ਆਰਜ਼ੀ ਸੂਚੀ 'ਤੇ ਇਤਰਾਜ਼ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ : | 05.09.2024 |
| 13. | ਸੰਭਾਵੀ ਸਮਾਧਾਨ ਬਿਨੈਕਾਰਾਂ ਦੀ ਅੰਤਮ ਸੂਚੀ ਜਾਰੀ ਕਰਨ ਦੀ ਮਿਤੀ : | 15.09.2024 |
| 14. | ਮੈਮੋਰੰਡਮ, ਮੁਲਾਂਕਣ ਮੈਟਰਿਕਸ ਅਤੇ ਸੰਭਾਵੀ ਸਮਾਧਾਨ ਬਿਨੈਕਾਰਾਂ ਤੋਂ ਸਮਾਧਾਨ ਯੋਜਨਾਵਾਂ ਵਾਸਤੇ ਬੇਨਤੀ ਜਾਰੀ ਕਰਨ ਦੀ ਮਿਤੀ : | 20.09.2024 |
| 15. | ਸਮਾਧਾਨ ਯੋਜਨਾਵਾਂ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ : | 20.10.2024 |
| 16. | ਦਿਲਚਸਪੀ ਦੇ ਪ੍ਰਗਟਾਵੇ ਜਮ੍ਹਾਂ ਕਰਵਾਉਣ ਲਈ ਈਮੇਲ ਕਰੋ | cirpbhatia@gmail.com |

ਸਹੀ/- ਅਨੁਜ ਮਹੇਸ਼ਵਰੀ
ਆਈ ਬੀ ਬੀ ਆਈ/ਆਈ ਪੀ ਏ-001/ਆਈ ਪੀ-ਪੀ 00577/2017-18/11018201, ਹਰਸ਼ ਭਵਨ, 64-65, ਨਹਿਰੂ ਪਲੇਸ, ਨਿਊ ਦਿੱਲੀ-110019
ਆਰ ਪੀ ਵਾਸਤੇ ਭਾਟੀਆ ਹਾਇਰ ਪ੍ਰਚੇਜ਼ (ਪ੍ਰਾ.) ਲਿਮਟਿਡ।

ਮਿਤੀ : 06.08.2024
ਸਥਾਨ : ਨਵੀਂ ਦਿੱਲੀ

6-AUG-PAGE-7.qxd 8/5/2024 10:52 PM Page 1



# ਜ਼ਿਲ੍ਹਾ ਸਦਰ ਮੁਕਾਮਾਂ 'ਤੇ 14-15 ਨੂੰ ਭੁੱਖ ਹੜਤਾਲਾਂ ਤੇ ਰੋਸ ਮੁਜ਼ਾਹਰੇ : ਲੁਬਾਣਾ, ਰਾਣਵਾਂ

## ਅਜ਼ਾਦੀ ਦਿਵਸ 'ਤੇ ਝੰਡਾ ਲਹਿਰਾਉਣ ਆਏ ਮੰਤਰੀਆਂ ਨੂੰ ਦਿੱਤੇ ਜਾਣਗੇ ਮੰਗ ਪੱਤਰ



**ਪਟਿਆਲਾ (ਬਿੰਦ)**-ਪੰਜਾਬ ਦੇ ਦਰਜਾ ਚਾਰ ਮੁਲਾਜ਼ਮਾਂ ਦੀ ਸਿਰਮੌਰ ਜਥੇਬੰਦੀ ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਦੀ ਸੂਬਾ ਕਾਰਜਕਾਰਨੀ ਮੀਟਿੰਗ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਲੁਧਿਆਣਾ ਵਿਖੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਸੂਬਾ ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾਂ ਨੇ ਦੱਸਿਆ ਕਿ ਮੀਟਿੰਗ ਦੇ ਸ਼ੁਰੂ ਵਿੱਚ ਮੁਲਾਜ਼ਮਾਂ ਦੇ ਮਹਿਬੂਬ ਆਗੂ ਦੇ ਵਿਛੋੜੇ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਤੇ 2 ਮਿੰਟ ਦਾ ਮੌਨ ਧਾਰ ਕੇ ਸਾਥੀ ਢਿੱਲੋਂ ਨੂੰ ਸ਼ਰਧਾਂਜਲੀ ਭੇਟ ਕੀਤੀ।ਇਸ ਮੌਕੇ ਪੰਜਾਬ ਦੇ 7 ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਮੁੱਖ ਮੰਤਰੀ ਪੰਜਾਬ ਦੀ ਵਾਅਦਾ ਖਿਲਾਫੀ/ਟਾਲ ਮਟੋਲ ਨੀਤੀ ਦੀ ਤਿੱਖੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾਂ, ਐਕਟਿੰਗ ਪ੍ਰਧਾਨ ਜਸਵਿੰਦਰ ਪਾਲ ਉੱਗੀ, ਸੀਨੀ: ਵਾਈਸ ਪ੍ਰਧਾਨ ਮੇਲਾ ਸਿੰਘ ਪੁੰਨਾਂਵਾਲ, ਜਨਰਲ ਸਕੱਤਰ ਬਲਜਿੰਦਰ ਸਿੰਘ ਪਟਿਆਲਾ ਨੇ ਸਾਂਝੇ ਬਿਆਨ ਰਾਹੀਂ ਕਿਹਾ ਕਿ ਭਗਵੰਤ ਮਾਨ ਸਰਕਾਰ ਪੰਜਾਬ ਦੇ ਮੁਲਾਜ਼ਮਾਂ/ਪੈਨਸ਼ਨਰਾਂ ਦੀਆਂ ਚਿਰਾਂ ਤੋਂ ਲਟਕਦੀਆਂ ਮੰਗਾਂ ਪ੍ਰਤੀ ਬਿਲਕੁਲ ਵੀ ਗੰਭੀਰ ਨਹੀਂ ਹੈ ਤੇ ਇਹ ਸਰਕਾਰ ਲਾਰਾ ਲੱਪਾ ਲਗਾ ਕੇ ਡੰਗ ਟਪਾਈ ਹੀ ਕਰ ਰਹੀ ਹੈ। ਆਗੂਆਂ ਨੇ ਆਖਿਆ ਕਿ ਪੰਜਾਬ ਸਰਕਾਰ ਦੀਆਂ ਮੁਲਾਜ਼ਮ/ਪੈਨਸ਼ਨਰ ਪ੍ਰਤੀ ਮਾੜੀਆਂ ਨੀਤੀਆਂ ਖਿਲਾਫ ਸਮੁੱਚੇ ਮੁਲਾਜ਼ਮ ਵਰਗ ਅੰਦਰ ਵਿਆਪਕ ਰੋਸ ਹੈ, ਕਿਉਂਕਿ ਅਜ਼ਾਦੀ ਦੇ 76 ਸਾਲ ਬਾਅਦ ਵੀ ਵੱਖੋ ਵੱਖ ਵਿਭਾਗਾਂ ਵਿੱਚ ਗਰੁੱਪ ਡੀ ਮੁਲਾਜ਼ਮਾਂ ਦੀ ਰੈਗੂਲਰ ਭਰਤੀ ਨਾ ਕਰਕੇ ਠੇਕਾ, ਆਊਟ ਸੋਰਸ ਪ੍ਰਣਾਲੀ ਰਾਹੀਂ ਤੁੱਛ ਤਨਖਾਹਾਂ ਤੇ ਆਰਥਿਕ ਸ਼ੋਸ਼ਣ ਜੰਗੀ ਪੱਧਰ 'ਤੇ ਜਾਰੀ ਹੈ, ਜਿਸ ਲਈ ਮੀਟਿੰਗ ਵਿੱਚ ਫੈਸਲਾ ਕੀਤਾ ਕਿ ਰਾਜ ਭਰ ਵਿੱਚ ਜ਼ਿਲ੍ਹਾ ਸਦਰ ਮੁਕਾਮਾਂ 'ਤੇ 14-15 ਅਗਸਤ ਨੂੰ ਦਰਜਾ ਚਾਰ ਮੁਲਾਜ਼ਮਾਂ ਵੱਲੋਂ ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਦੀ ਅਗਵਾਈ ਵਿੱਚ 24 ਘੰਟੇ ਦੀਆਂ ਭੁੱਖ ਹੜਤਾਲਾਂ ਕੀਤੀਆਂ ਜਾਣਗੀਆਂ ਤੇ ਰੋਸ ਮੁਜ਼ਾਹਰੇ ਕਰਕੇ ਝੰਡਾ ਲਹਿਰਾਉਣ ਆਏ ਮੰਤਰੀਆਂ ਰਾਹੀਂ ਮੰਗਾਂ ਦੇ ਮੰਗ ਪੱਤਰ ਪੰਜਾਬ ਦੇ ਮੁੱਖ ਮੰਤਰੀ ਨੂੰ ਭੇਜੇ ਜਾਣਗੇ।ਇਸ ਮੌਕੇ ਵਿਨੋਦ ਕੁਮਾਰ, ਸੁਰਿੰਦਰ ਬੈਂਸ ਲੁਧਿਆਣਾ, ਜਗਮੋਹਣ ਨੌਲੱਖਾ, ਕ੍ਰਿਸ਼ਨ ਪ੍ਰਸਾਦਿ ਤੇ ਰਮੇਸ਼ ਕੁਮਾਰ ਚੰਡੀਗੜ੍ਹ, ਰਾਮ ਲਾਲ ਰਾਮਾਂ, ਜਸਵਿੰਦਰ ਸਿੰਘ ਫਤਿਹਗੜ੍ਹ ਸਾਹਿਬ, ਇਕਬਾਲ ਸਿੰਘ ਢੁੱਡੀ ਫਰੀਦਕੋਟ, ਸੁਰਿੰਦਰ ਪਾਲ ਵੇਅਰ ਹਾਊਸ, ਕ੍ਰਿਸ਼ਨ ਸਿੰਘ ਬਠਿੰਡਾ, ਰਾਜਵੀਰ ਸਿੰਘ ਫਾਜ਼ਿਲਕਾ, ਮਲਕੀਤ ਸਿੰਘ ਮਾਲੜਾ ਨੇ ਸੰਬੋਧਨ ਕੀਤਾ।

# ਸ਼ੈਲਰ ਮਾਲਕਾਂ ਨੇ ਡੀ ਐੱਫ ਐੱਸ ਸੀ ਸੰਗਰੂਰ ਨੂੰ ਸੌਂਪਿਆ ਮੰਗ ਪੱਤਰ



**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਦਿ ਧੂਰੀ ਰਾਈਸ ਮਿੱਲਰਜ਼ ਐਸੋਸੀਏਸ਼ਨ ਦੇ ਮੈਂਬਰਾਂ ਨੇ ਪ੍ਰਧਾਨ ਸੁਰੇਸ਼ ਜਿੰਦਲ ਦੀ ਅਗਵਾਈ ਹੇਠ ਡਾਇਰੈਕਟਰ ਖੁਰਾਕ ਤੇ ਸਿਵਲ ਸਪਲਾਈਜ਼ ਦੇ ਨਾਮ 'ਤੇ ਜ਼ਿਲ੍ਹਾ ਕੰਟਰੋਲਰ ਸੰਗਰੂਰ ਨੂੰ ਮੰਗ ਪੱਤਰ ਸੌਂਪਿਆ।ਮੰਗ ਪੱਤਰ ਵਿੱਚ ਦਰਜ ਮੰਗਾਂ ਬਾਰੇ ਜਾਣਕਾਰੀ ਦਿੰਦਿਆਂ ਚੇਅਰਮੈਨ ਵਿਜੈ ਕੁਮਾਰ ਬਾਂਸਲ ਨੇ ਦੱਸਿਆ ਕਿ ਰਾਈਸ ਮਿੱਲਰ ਪਿਛਲੇ ਲੰਮੇ ਸਮੇਂ ਤੋਂ ਸਰਕਾਰ ਦੀ ਅਣਦੇਖੀ ਦਾ ਸਾਹਮਣਾ ਕਰ ਰਹੇ ਹਨ।ਉਨ੍ਹਾਂ ਮੰਗ ਕੀਤੀ ਕਿ 11 ਲੱਖ ਰੁਪਏ ਦੀ ਲੇਵੀ ਸਕਿਉਰਟੀ ਸੀਜ਼ਨ ਖ਼ਤਮ ਹੋਣ ਤੋਂ ਬਾਅਦ ਰਿਫੰਡ ਕੀਤੀ ਜਾਵੇ।ਸੰਨ 2012-13 ਦੀਆਂ 10% ਕਟੌਤੀ ਕੀਤੀਆਂ ਸਕਿਉਰਟੀਆਂ ਰਿਫੰਡ ਕੀਤੀਆਂ ਜਾਣ।ਹਾਈਬਰਿੱਡ ਜ਼ੀਰੀ ਦਾ ਬੀਜ ਲੱਗਣ ਕਾਰਨ ਜ਼ੀਰੀ ਤੋਂ ਚਾਵਲ ਦਾ ਨਿਕਾਲ 67% ਤੋਂ 62% ਕੀਤਾ ਜਾਵੇ।ਐਗਰੀਮੈਂਟ ਮੁਤਾਬਿਕ 1 ਫੀਸਦੀ ਡਰਾਇਜ ਦਿੱਤਾ ਜਾਵੇ। ਸਾਲ 2018-19 ਦੀਆਂ ਨਜਾਇਜ਼ ਰਿਕਵਰੀਆਂ ਵਾਪਸ ਲੈ ਕੇ ਸਾਲ 2023-24 ਦੇ ਮਿਲਿੰਗ ਬਿਲ ਪਾਸ ਕੀਤੇ ਜਾਣ।ਲੇਬਰ, ਬਿਜਲੀ ਦੇ ਬਿਲ ਤੇ ਹੋਰ ਫੁੱਟਕਲ ਖਰਚੇ ਵਧਣ ਕਾਰਨ ਮਿਲਿੰਗ ਚਾਰਜਿਜ਼ 10 ਰੁਪੈ ਕੁਇੰਟਲ ਤੋਂ ਵਧਾ ਕੇ 25 ਰੁਪੈ ਫੀ ਕੁਇੰਟਲ ਕੀਤਾ ਜਾਵੇ।ਉਨ੍ਹਾਂ ਮੰਗ ਕੀਤੀ ਕਿ ਚਾਵਲ ਭੁਗਤਾਉਣ ਲਈ ਗੁਦਾਮਾਂ ਵਿੱਚ ਸਪੇਸ ਮੁਹੱਈਆ ਕਰਵਾਈ ਜਾਵੇ, ਕਿਉਂਕਿ ਸਾਲ 2023-24 ਦੌਰਾਨ ਕੁੱਝ ਸ਼ੈਲਰ ਮਾਲਕਾਂ ਵੱਲੋਂ ਜ਼ੀਰੀ ਦੀਆਂ ਗੱਡੀਆਂ ਭੁਗਤਾਉਣ ਤੋਂ ਰਹਿੰਦੀਆਂ ਹਨ, ਪਰ ਸਾਲ 2024-25 ਦਾ ਜ਼ੀਰੀ ਸੀਜ਼ਨ ਸ਼ੁਰੂ ਹੋਣ ਵਾਲਾ ਹੈ, ਜਿਸ ਲਈ ਜਗ੍ਹਾ ਦੀ ਵੱਡੀ ਸਮੱਸਿਆ ਖੜੀ ਹੋਣ ਦੀ ਸੰਭਾਵਨਾ ਤੋਂ ਇੰਨਕਾਰ ਨਹੀਂ ਕੀਤਾ ਜਾ ਸਕਦਾ।ਉਨ੍ਹਾਂ ਚਾਵਲ ਭੁਗਤਾਉਣ ਲਈ ਅਗਾਊਂ ਜਗ੍ਹਾ ਦੇ ਪ੍ਰਬੰਧ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਜੇਕਰ ਵਿਭਾਗ ਤੇ ਸਰਕਾਰ ਨੇ ਇਸ ਵੱਲ ਧਿਆਨ ਨਾ ਦਿੱਤਾ ਤਾਂ ਸਮੂਹ ਸ਼ੈਲਰ ਮਾਲਕ ਜੀਰੀ ਸੀਜ਼ਨ ਦਾ ਬਾਈਕਾਟ ਕਰਨ ਲਈ ਮਜਬੂਰ ਹੋਣਗੇ।ਇਸ ਮੌਕੇ ਰਾਜੇਸ਼ ਸ਼ੈਟੀ ਸਿੰਗਲਾ, ਰੋਮੀ ਸਿੰਗਲਾ, ਬੇਅੰਤ ਸਿੰਘ ਜਹਾਂਗਰ, ਚੰਦਨਦੀਪ ਸਿੰਗਲਾ ਸਮੇਤ ਵੱਡੀ ਗਿਣਤੀ ਵਿੱਚ ਸ਼ੈਲਰ ਮਾਲਕ ਹਾਜ਼ਰ ਸਨ।

# 2392 ਮਾਸਟਰ ਕੇਡਰ ਤੇ 569 ਲੈਕਚਰਾਰਾਂ ਨੂੰ ਬਦਲੀ ਲਈ ਨਾ ਵਿਚਾਰਨ 'ਤੇ ਕਰਾਂਗੇ ਤਿੱਖਾ ਸੰਘਰਸ਼ : ਡੀ ਟੀ ਐੱਫ

**ਮਾਨਸਾ (ਆਤਮਾ ਸਿੰਘ ਪਮਾਰ)**-ਸਿੱਖਿਆ ਵਿਭਾਗ ਪੰਜਾਬ ਦੀ ਤਬਾਦਲਾ ਨੀਤੀ ਅਧੀਨ 2392 ਮਾਸਟਰ ਕੇਡਰ ਅਧਿਆਪਕਾਂ ਤੇ 569 ਲੈਕਚਰਾਰਾਂ, ਜਿਨ੍ਹਾਂ ਦੇ ਸੇਵਾ ਦੇ ਤਿੰਨ ਸਾਲ ਅਗਸਤ ਮਹੀਨੇ ਵਿੱਚ ਹੀ ਪੂਰੇ ਹੋਣ ਜਾ ਰਹੇ ਹਨ, ਉਨ੍ਹਾਂ ਨੂੰ ਬਦਲੀ ਲਈ ਹਰ ਹਾਲਤ ਵਿੱਚ ਵਿਚਾਰਿਆ ਜਾਵੇ। ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਦੀ ਅਗਵਾਈ ਵਿੱਚ ਡੀ ਟੀ ਐੱਫ਼ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਕਿਹਾ ਕਿ ਇਨ੍ਹਾਂ ਅਧਿਆਪਕਾਂ ਵਿੱਚੋਂ ਮਾਸਟਰ ਕਾਡਰ ਦੇ ਅਧਿਆਪਕਾਂ ਦੇ ਨਿਯੁਕਤੀ ਦੇ ਹੁਕਮ ਜੁਲਾਈ 2021 ਵਿੱਚ ਹੋਏ ਸਨ।ਇਨ੍ਹਾਂ ਅਧਿਆਪਕਾਂ ਦਾ ਪ੍ਰੋਬੇਸ਼ਨ ਸਮਾਂ ਜੁਲਾਈ 2024 ਵਿੱਚ ਖ਼ਤਮ ਹੁੰਦਾ ਸੀ, ਪ੍ਰੰਤੂ ਵਿਭਾਗ ਵੱਲੋਂ ਇਸ ਸਬੰਧੀ ਹਾਲੇ ਤੱਕ ਕੋਈ ਪੱਤਰ ਜਾਰੀ ਨਹੀਂ ਕੀਤਾ ਗਿਆ।ਇਸ ਤਰ੍ਹਾਂ ਇਨ੍ਹਾਂ ਅਧਿਆਪਕਾਂ ਨੂੰ ਕੁਝ ਦਿਨਾਂ ਦੇ ਫ਼ਰਕ ਕਰਕੇ ਤਬਾਦਲੇ ਤੋਂ ਅਯੋਗ ਠਹਿਰਾਏ ਜਾਣ ਦਾ ਖਦਸ਼ਾ ਖੜ੍ਹਾ ਹੋ ਗਿਆ ਹੈ।ਡੀ ਟੀ ਐੱਫ਼ ਦੇ ਸੀਨੀਅਰ ਆਗੂਆਂ ਗੁਰਤੇਜ ਉੱਭਾ, ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਕਿਹਾ ਕਿ ਇਨ੍ਹਾਂ ਅਧਿਆਪਕਾਂ ਵਿੱਚੋਂ ਬਹੁ-ਗਿਣਤੀ ਔਰਤ ਅਧਿਆਪਕਾਵਾਂ ਦੀ ਹੈ, ਜੋ ਆਪਣੇ ਘਰਾਂ ਤੋਂ ਕਰੀਬ 200 ਤੋਂ 300 ਕਿਲੋਮੀਟਰ ਦੂਰ ਸੇਵਾਵਾਂ ਨਿਭਾਅ ਰਹੀਆਂ ਹਨ।ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇਨ੍ਹਾਂ ਅਧਿਆਪਕਾਂ ਦੀ ਵੱਡੀ ਗਿਣਤੀ ਨੂੰ ਬਦਲੀਆਂ ਵਿੱਚ ਨਾ ਵਿਚਾਰਿਆ ਗਿਆ ਤਾਂ ਜਥੇਬੰਦੀ ਨੂੰ ਸੰਘਰਸ਼ ਲਈ ਮਜਬੂਰ ਹੋਣਾ ਪਵੇਗਾ।ਇਸ ਮੌਕੇ ਨਵਜੋਸ਼ ਸਪੋਲੀਆ, ਗੁਰਦੀਪ ਬਰਨਾਲਾ, ਚਰਨਪਾਲ ਸਿੰਘ, ਜਸਵਿੰਦਰ ਹਾਕਮਵਾਲਾ, ਬਲਕਾਰ ਸਿੰਘ, ਗੁਰਦੀਪ ਝੰਡੂਕੇ, ਸੁਖਚੈਨ ਸੇਖੋਂ, ਜਗਦੇਵ ਸਿੰਘ, ਮੱਘਰ ਸਿੰਘ, ਜਗਪਾਲ ਸਿੰਘ, ਅਮ੍ਰਿਤਪਾਲ ਸਿੰਘ, ਕੁਲਵਿੰਦਰ ਜੋਗਾ, ਅਮਨਦੀਪ ਕੌਰ, ਬੇਅੰਤ ਕੌਰ, ਰੇਨੂੰ ਬਾਲਾ, ਅਮਰਪ੍ਰੀਤ ਕੌਰ, ਮਨਵੀਰ ਕੌਰ, ਗੁਰਜੀਤ ਮਾਨਸਾ, ਸੁਖਵਿੰਦਰ ਗਾਮੀਵਾਲਾ, ਜਸਵਿੰਦਰ ਕਾਮਰੇਡ, ਰੋਹਿਤ ਬੁਰਜ ਹਰੀ, ਹਰਵਿੰਦਰ ਸਮਾਓਂ, ਮਨਦੀਪ ਕੁਮਾਰ ਆਦਿ ਅਧਿਆਪਕ ਆਗੂ ਹਾਜ਼ਰ ਸਨ।

# ਸੰਧਵਾਂ ਨੇ ਸਿਲੰਡਰ ਫਟਣ ਨਾਲ ਜ਼ਖਮੀ ਹੋਏ ਬੱਚਿਆ ਦਾ ਜਾਣਿਆ ਹਾਲ

## ਆਪਣੇ ਅਖਤਿਆਰੀ ਕੋਟੇ 'ਚੋਂ ਦਿੱਤੇ 50-50 ਹਜ਼ਾਰ ਰੁਪਏ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ, ਐਲਿਗਜੈਂਡਰ ਡਿਸੂਜ਼ਾ)**-ਬੀਤੇ ਦਿਨੀਂ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਬਾਜੀਦਪੁਰ ਦੇ ਗੁਰਦੁਆਰਾ ਜਾਮਨੀ ਸਾਹਿਬ ਵਿਖੇ ਲੰਗਰ ਹਾਲ ਵਿੱਚ ਸਿਲੰਡਰ ਫੱਟਣ ਕਾਰਨ ਜ਼ਖਮੀ ਹੋਏ ਬੱਚਿਆਂ ਦਾ ਹਾਲ ਜਾਨਣ ਤੇ ਸਬੰਧਤ ਪਰਿਵਾਰਾਂ ਨੂੰ ਇਸ ਦੁੱਖ ਦੀ ਘੜੀ ਵਿੱਚ ਮਿਲਣ ਲਈ ਬੀਤੀ ਸ਼ਾਮ ਸਪੀਕਰ ਪੰਜਾਬ ਵਿਧਾਨ ਸਭਾ ਸ੍ਰ. ਕੁਲਤਾਰ ਸਿੰਘ ਸੰਧਵਾਂ ਵਿਸ਼ੇਸ਼ ਤੌਰ 'ਤੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਪਹੁੰਚੇ।ਇਸ ਮੌਕੇ ਸਪੀਕਰ ਸੰਧਵਾਂ ਨੇ ਜ਼ਖਮੀਆਂ ਦਾ ਹਾਲ-ਚਾਲ ਜਾਣਿਆ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਗੱਲਬਾਤ ਕੀਤੀ।ਉਨ੍ਹਾਂ ਡਾਕਟਰਾਂ ਨੂੰ ਹਦਾਇਤ ਕੀਤੀ ਕਿ ਜ਼ਖਮੀਆਂ ਦਾ ਇਲਾਜ ਵਧੀਆ ਤਰੀਕੇ ਨਾਲ ਕੀਤਾ ਜਾਵੇ।ਇਸ ਮੌਕੇ ਪੀੜਤ ਬੱਚਿਆਂ ਦੇ ਮਾਪਿਆਂ ਨੇ ਹੋ ਰਹੇ ਇਲਾਜ 'ਤੇ ਸੰਤੁਸ਼ਟੀ ਪ੍ਰਗਟ ਕੀਤੀ।ਇਸ ਮੌਕੇ ਉਨ੍ਹਾਂ ਜ਼ਖਮੀ ਸਕੂਲੀ ਬੱਚਿਆਂ ਨੂੰ 50-50 ਹਜ਼ਾਰ ਰੁਪਏ ਆਪਣੇ ਅਖਤਿਆਰੀ ਕੋਟੇ ਵਿੱਚੋਂ ਵੀ ਦਿੱਤੇ।ਉਨ੍ਹਾਂ ਕਿਹਾ ਕਿ ਵਾਪਰੀ ਘਟਨਾ ਬਹੁਤ ਮੰਦਭਾਗੀ ਹੈ ਤੇ ਪੰਜਾਬ ਸਰਕਾਰ ਹਮੇਸ਼ਾ ਦੁੱਖ ਦੀ ਘੜੀ ਵਿੱਚ ਪੰਜਾਬ ਵਾਸੀਆਂ ਦੇ ਨਾਲ ਖੜੀ ਹੈ।

# ਦੁਕਾਨ ਦੇ ਜਿੰਦਰੇ ਤੋੜ ਕੇ ਚੋਰਾਂ 70 ਹਜ਼ਾਰ ਦਾ ਸਾਮਾਨ ਚੁਰਾਇਆ

## ਦੋ ਹੋਰ ਦੁਕਾਨਾਂ ਦੇ ਸ਼ਟਰ ਤੋੜਨ ਦੀ ਵੀ ਕੀਤੀ ਕੋਸ਼ਿਸ਼



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਲਹਿਰਾ ਮੁਹੱਬਤ ਵਿਖੇ ਚੋਰਾਂ ਵੱਲੋਂ 4 ਅਗਸਤ ਦੀ ਲੰਘੀ ਰਾਤ ਮਾਰਕੀਟ ਬੱਸ ਸਟੈਂਡ ਨੇੜੇ ਪਿੰਡ ਵਾਲੀ ਸਾਈਡ ਬਣੀ ਮਾਰਕੀਟ ਵਿੱਚ ਤਿੰਨ ਦੁਕਾਨਾਂ ਦੇ ਸ਼ਟਰ ਤੋੜਨ ਦੀ ਕੋਸ਼ਿਸ਼ ਕੀਤੇ ਜਾਣ ਦੀ ਖਬਰ ਹੈ, ਜਿਨ੍ਹਾਂ 'ਚੋਂ ਚੋਰਾਂ ਨੇ ਕਰਿਆਨੇ ਦੀ ਇੱਕ ਦੁਕਾਨ ਦਾ ਸ਼ਟਰ ਤੋੜ ਕੇ ਹਜ਼ਾਰਾਂ ਰੁਪਏ ਦਾ ਸਾਮਾਨ ਚੋਰੀ ਕਰ ਲਿਆ। ਠਾਕੁਰ ਕਰਿਆਨਾ ਸਟੋਰ ਦੇ ਮਾਲਕ ਸੁਰਿੰਦਰ ਠਾਕੁਰ ਨੇ ਦੱਸਿਆ ਕਿ ਚੋਰੀ ਬਾਰੇ ਉਸ ਨੂੰ ਸਵੇਰੇ ਪਤਾ ਲੱਗਿਆ ਤਾਂ ਦੇਖਿਆ ਕਿ ਸ਼ਟਰ ਉੱਪਰ ਚੁੱਕਿਆ ਹੋਇਆ ਸੀ ਅਤੇ ਉਸ ਦਾ ਕਰੀਬ 70 ਹਜ਼ਾਰ ਤੋਂ ਵੱਧ ਦਾ ਸਾਮਾਨ ਚੋਰੀ ਹੋ ਗਿਆ। ਇਸ ਦੁਕਾਨ ਦੇ ਨੇੜਲੀ ਸਬਜ਼ੀ ਵਿਕਰੇਤਾ ਗੁਰਤੇਜ ਸਿੰਘ ਛਿੰਦਾ ਦੀ ਦੁਕਾਨ ਦਾ ਸ਼ਟਰ ਤੋੜਨ ਦੀ ਵੀ ਕੋਸ਼ਿਸ਼ ਕੀਤੀ, ਪ੍ਰੰਤੂ ਚੋਰਾਂ ਨੂੰ ਕਾਮਯਾਬੀ ਨਹੀਂ ਮਿਲੀ, ਜਦਕਿ ਸ਼ਟਰ ਨੁਕਸਾਨਿਆ ਗਿਆ। ਇਸ ਤੋਂ ਇਲਾਵਾ ਨੇੜੇ ਹੀ ਦੂਜੀ ਸਾਈਡ 'ਤੇ ਪ੍ਰਗਟ ਸਟੂਡੀਓ ਦੁਕਾਨ ਦੇ ਸ਼ਟਰ ਦਾ ਇੱਕ ਸਾਈਡ ਵਾਲਾ ਜਿੰਦਰਾ ਵੀ ਟੁੱਟਿਆ ਹੋਇਆ ਮਿਲਿਆ, ਸ਼ਾਇਦ ਦੂਜਾ ਜਿੰਦਰਾ ਨਾ ਟੁੱਟਣ ਕਰਕੇ ਬਚਾਅ ਰਹਿ ਗਿਆ। ਜ਼ਿਕਰਯੋਗ ਹੈ ਕਿ ਲਹਿਰਾ ਮੁਹੱਬਤ ਵਿੱਚ ਪਹਿਲਾਂ ਵੀ ਚੋਰੀ ਦੀਆਂ ਕਈ ਘਟਨਾਵਾਂ ਹੋ ਚੁੱਕੀਆਂ ਹਨ ਅਤੇ ਬੀਤੀ 27 ਜੁਲਾਈ ਨੂੰ ਵੀ ਚੋਰੀ ਦੀ ਵਾਰਦਾਤ ਹੋ ਚੁੱਕੀ ਹੈ, ਪ੍ਰੰਤੂ ਚੋਰੀਆਂ ਬਾਰੇ ਪੁਲਸ ਕੋਈ ਵੀ ਸੁਰਾਗ ਨਹੀਂ ਲਗਾ ਸਕੀ ਹੈ। ਚੋਰੀ ਤੋਂ ਪੀੜਤ ਗਰੀਬ ਦੁਕਾਨਦਾਰ ਸੁਰਿੰਦਰ ਠਾਕੁਰ ਸਮੇਤ ਦੂਸਰੇ ਦੁਕਾਨਦਾਰਾਂ ਵੱਲੋਂ ਪੁਲਸ ਨੂੰ ਇਤਲਾਹ ਦੇਣ 'ਤੇ ਚੌਕੀ ਪੁਲਸ ਭੁੱਚੋ ਦੇ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਵਾਰਦਾਤ ਦਾ ਜਾਇਜ਼ਾ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਮਾਨ ਸਰਕਾਰ ਰਿਹਾਇਸ਼ੀ ਘਰਾਂ ਤੇ ਹੋਰ ਧਾਰਮਿਕ ਸਥਾਨਾਂ ਨੂੰ ਢਾਹੁਣ ਲੱਗੀ : ਰਸੂਲਪੁਰ



**ਜਗਰਾਉਂ (ਨਛੱਤਰ ਸੰਧੂ)**-ਜਗਰਾਉਂ ਸ਼ਹਿਰ ਦੇ ਪ੍ਰਤਾਪ ਨਗਰ ਭੱਦਰਕਾਲੀ ਮੰਦਰ ਨਜ਼ਦੀਕ ਆਵਿਆਂ ਵਿੱਚ ਬਣੇ ਬਹੁ-ਗਿਣਤੀ ਦਲਿਤ ਗ਼ਰੀਬਾਂ ਤੇ ਹੋਰ ਵਰਗਾਂ ਦੇ 50 ਰਿਹਾਇਸ਼ੀ ਘਰਾਂ, ਦੁਕਾਨਾਂ, ਤਿੰਨ ਮੰਦਰਾਂ ਤੇ ਗੁਰਦੁਆਰਾ ਸਾਹਿਬ ਆਦਿ ਨੂੰ ਭਗਵੰਤ ਮਾਨ ਹਕੂਮਤ ਦੇ ਇਸ਼ਾਰੇ 'ਤੇ ਕਾਰਜ ਸਾਧਕ ਅਫਸਰ ਨਗਰ ਕੌਂਸਲ ਜਗਰਾਉਂ ਵੱਲੋਂ ਢਹਿ-ਢੇਰੀ ਕਰਨ ਦੇ ਭੇਜੇ ਸਮੂਹਕ ਨੋਟਿਸਾਂ ਦਾ ਵਿਰੋਧ ਕਰਦਿਆਂ ਪੇਂਡੂ ਮਜ਼ਦੂਰ ਯੂਨੀਅਨ ਦੀ ਅਗਵਾਈ ਹੇਠ ਉਜਾੜੇ ਜਾਣ ਵਾਲੇ ਪਰਿਵਾਰਾਂ ਦੀ ਮੀਟਿੰਗ ਕਰਕੇ ਝਾੜੂ ਹਕੂਮਤ ਦੇ ਗਰੀਬ ਲੋਕਾਂ ਨੂੰ ਉਜਾੜਨ ਵਾਲੇ ਫੁਰਮਾਨ ਦੀ ਵਿਰੋਧਤਾ ਕੀਤੀ ਗਈ।ਮੌਕੇ 'ਤੇ ਦਿੱਤੇ ਸੱਦੇ ਦੇ ਬਾਵਜੂਦ ਮੀਟਿੰਗ ਵਿੱਚ ਝਾੜੂ ਹਕੂਮਤ ਦੇ ਘਰ-ਢਾਹੂ ਨੋਟਿਸਾਂ ਤੋਂ ਪ੍ਰੇਸ਼ਾਨ ਮਰਦ-ਔਰਤਾਂ ਨੇ ਭਰਵੀਂ ਸ਼ਮੂਲੀਅਤ ਕੀਤੀ ।

ਇਸ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਰਸੂਲਪੁਰ ਤੇ ਜ਼ਿਲ੍ਹਾ ਸਕੱਤਰ ਸੁਖਦੇਵ ਸਿੰਘ ਮਾਣੂੰਕੇ ਨੇ ਕਿਹਾ ਕਿ ਸੱਤਾਧਾਰੀ ਆਮ ਆਦਮੀ ਪਾਰਟੀ ਦੇ ਆਗੂ ਤੇ ਵਿਧਾਇਕਾ ਸੱਤਾ ਦੀ ਸਿਆਸਤ ਕਰ ਰਹੇ ਹਨ, ਜਦਕਿ ਲੋਕਾਂ ਨੂੰ ਇਨ੍ਹਾਂ ਤੋਂ ਸੇਵਾ ਦੀ ਸਿਆਸਤ ਕਰਨ ਦੀ ਬੜੀ ਵੱਡੀ ਆਸ ਸੀ।ਉਨ੍ਹਾਂ ਕਿਹਾ ਕਿ ਝਾੜੂ ਪਾਰਟੀ ਨੇ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਉਹ ਪੰਜਾਬ ਦੀ ਸੱਤਾ 'ਤੇ ਕਾਬਜ਼ ਰਹੇ ਰਸੂਖਦਾਰ ਵਿਅਕਤੀਆਂ ਦੇ ਕਬਜ਼ੇ ਵਿੱਚੋਂ ਬੇਸ਼ਕੀਮਤੀ ਜ਼ਮੀਨ ਜਾਇਦਾਦਾਂ ਆਦਿ ਛੁਡਵਾ ਕੇ ਸਰਕਾਰੀ ਆਮਦਨ ਵਿੱਚ ਵਾਧਾ ਕਰੇਗੀ, ਜਿਸ ਨੂੰ ਗਰੀਬ ਲੋਕਾਂ ਦੀ ਭਲਾਈ ਲਈ ਵਰਤਿਆ ਜਾਵੇਗਾ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਰਸੂਖਦਾਰਾਂ 'ਤੇ ਢੁੱਕਵੀਂ ਕਾਰਵਾਈ ਕਰਨ ਦੀ ਬਜਾਏ ਕਈ ਦਹਾਕਿਆਂ ਤੋਂ ਵਸਦੇ ਜਲੰਧਰ ਸ਼ਹਿਰ ਵਿੱਚ ਲਤੀਫ਼ਪੁਰਾ ਸਮੇਤ ਕਈ ਹੋਰ ਥਾਵਾਂ 'ਤੇ ਗਰੀਬ ਲੋਕਾਂ ਦੇ ਘਰਾਂ ਉਪਰ ਬਲਡੋਜ਼ਰ ਚਲਾਏ ਗਏ।ਇਸੇ ਤਰ੍ਹਾਂ ਗਾਲਿਬ ਕਲਾਂ ਵਿੱਚ ਦਲਿਤਾਂ ਤੇ ਪੱਛੜੇ ਵਰਗਾਂ ਦੀ ਭਲਾਈ ਲਈ ਮੁਰੱਬੇਬੰਦੀ ਵੇਲੇ ਦੀ ਪਈ ਜ਼ਮੀਨ ਨੂੰ ਸਬੰਧਤ ਵਰਗਾਂ ਦੇ ਪਰਿਵਾਰਾਂ ਨੂੰ ਰਿਹਾਇਸ਼ੀ ਪਲਾਟਾਂ ਵਿੱਚ ਤਕਸੀਮ ਕਰਨ ਦੀ ਬਜਾਏ, ਉਸ ਜ਼ਮੀਨ ਨੂੰ ਪਿਕਨਿਕ ਸਪਾਟ ਦੇ ਨਾਂਅ 'ਤੇ ਹੱਕਦਾਰ ਵਰਗਾਂ ਤੋਂ ਖੋਹਿਆ ਜਾ ਰਿਹਾ ਹੈ।ਉਨ੍ਹਾਂ ਸਮੂਹ ਲੋਕਾਂ ਨੂੰ ਜਥੇਬੰਦ ਹੋ ਕੇ ਸਰਕਾਰ ਦੀ ਇਸ ਗਰੀਬ ਉਜਾੜੂ ਮੁਹਿੰਮ ਵਿਰੁੱਧ ਡਟਣ ਦਾ ਸੱਦਾ ਦਿੱਤਾ।ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਪੇਂਡੂ ਮਜ਼ਦੂਰ ਯੂਨੀਅਨ ਸਮੂਹ ਲੋਕਾਂ ਨੂੰ ਨਾਲ ਲੈ ਕੇ ਝਾੜੂ ਹਕੂਮਤ ਦੇ ਬਲਡੋਜ਼ਰ ਦਾ ਰਸਤਾ ਰੋਕੇਗੀ।

# ਪੰਜਾਬੀ ਸਾਹਿਤ ਸਭਾ ਵੱਲੋਂ ਕਵੀ ਦਰਬਾਰ



**ਧੂਰੀ (ਸੁਖਦੇਵ ਧੂਰੀ, ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੰਜਾਬੀ ਸਾਹਿਤ ਸਭਾ (ਰਜਿ:) ਧੂਰੀ ਦੀ ਭਰਵੀਂ ਮਾਸਿਕ ਇਕੱਤਰਤਾ ਸ੍ਰੀ ਮੂਲ ਚੰਦ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਪ੍ਰਧਾਨਗੀ ਮੰਡਲ ਵਿੱਚ ਉਨ੍ਹਾਂ ਤੋਂ ਇਲਾਵਾ ਕਰਮ ਸਿੰਘ ਜ਼ਖ਼ਮੀ, ਜਗਦੇਵ ਸ਼ਰਮਾ ਬੁਗਰਾ ਤੇ ਗੁਰਦਿਆਲ ਨਿਰਮਾਣ ਵੀ ਸ਼ਾਮਲ ਸਨ। ਸਭ ਤੋਂ ਪਹਿਲਾਂ ਸਟੇਜ ਸਕੱਤਰ ਚਰਨਜੀਤ ਸਿੰਘ ਮੀਮਸਾ ਦੇ ਸੁਆਗਤੀ ਸ਼ਬਦਾਂ ਤੋਂ ਉਪਰੰਤ ਸਵ. ਕਰਤਾਰ ਸਿੰਘ ਠੁੱਲੀਵਾਲ, ਸਰਬਜੀਤ ਸਿੰਘ ਵਿਰਦੀ ਤੇ ਗਾਇਕ ਕੇਵਲ ਜਲਾਲ ਦੀ ਜੀਵਨ ਸਾਥਣ ਸਮੇਤ ਬੀਤੇ ਸਮੇਂ ਦੌਰਾਨ ਸਦੀਵੀ ਵਿਛੋੜਾ ਦੇ ਗਏ ਲੇਖਕਾਂ ਤੇ ਕਲਾਕਾਰਾਂ ਨੂੰ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਦੂਸਰੇ ਦੌਰ 'ਚ ਅਮਰ ਗਰਗ ਕਲਮਦਾਨ ਨੇ ਆਪਣੀ ਲੇਖਿਕਾ ਧਰਮ ਪਤਨੀ ਪ੍ਰਿੰਸੀਪਲ ਪ੍ਰੇਮ ਲਤਾ ਦੁਆਰਾ ਲਿਖਿਆ ਸੱਭਿਆਚਾਰਕ ਨਿਬੰਧ 'ਸਾਉਣ ਦਾ ਮਹੀਨਾ ਤੇ ਤੀਆਂ ਦਾ ਤਿਉਹਾਰ' ਪੇਸ਼ ਕੀਤਾ, ਜਿਸ ਬਾਰੇ ਕੁੱਝ ਮੈਂਬਰਾਂ ਵੱਲੋਂ ਸਾਰਥਿਕ ਸੁਝਾਅ ਵੀ ਦਿੱਤੇ ਗਏ।ਅਖੀਰ ਵਿੱਚ ਹੋਏ ਵਿਸ਼ਾਲ ਕਵੀ ਦਰਬਾਰ ਵਿੱਚ ਸਰਵਸ੍ਰੀ ਅਜਾਇਬ ਸਿੰਘ ਕੋਮਲ, ਸੁਰਿੰਦਰ ਅਜਨਬੀ, ਅਕਾਸ਼ ਪ੍ਰੀਤ ਸਿੰਘ ਬਾਜਵਾ, ਬਲਜੀਤ ਸਿੰਘ ਬਾਂਸਲ, ਗੁਰੀ ਚੰਦੜ ਸੰਗਰੂਰ, ਪੇਂਟਰ ਸੁਖਦੇਵ ਸਿੰਘ, ਗੁਰਮੀਤ ਸੋਹੀ, ਗੁਰਜੰਟ ਮੀਮਸਾ, ਪਵਨ ਕੁਮਾਰ ਹੋਸੀ, ਬਲਜਿੰਦਰ ਈਲਵਾਲ, ਸਰਬਜੀਤ ਸੰਗਰੂਰਵੀ, ਕਾ. ਸੁਖਦੇਵ ਸ਼ਰਮਾ, ਕੁਲਵਿੰਦਰ ਬੰਟੀ ਤੇ ਹੋਰਨਾਂ ਨੇ ਆਪੋ ਆਪਣੀਆਂ ਰਚਨਾਵਾਂ ਨਾਲ਼ ਖ਼ੂਬ ਰੰਗ ਬੰਨ੍ਹਿਆਂ।

# ਸਮੁੱਚੇ ਸਟਾਫ ਨੇ ਧੂਮਧਾਮ ਨਾਲ ਮਨਾਇਆ ਡਾਇਰੈਕਟਰ/ਪ੍ਰਿੰਸੀਪਲ ਧਵਨ ਕੁਮਾਰ ਦਾ ਜਨਮ ਦਿਨ



**ਕੋਟਕਪੂਰਾ (ਰਛਪਾਲ ਭੁੱਲਰ)** : ਐੱਸ.ਬੀ.ਆਰ.ਐੱਸ. ਗੁਰੂਕੁਲ ਸਕੂਲ ਨੇ ਆਪਣੇ ਸਕੂਲ ਮੁਖੀ ਡਾਇਰੈਕਟਰ/ਪ੍ਰਿੰਸੀਪਲ ਧਵਨ ਕੁਮਾਰ ਦਾ ਜਨਮ ਦਿਨ ਧੂਮਧਾਮ ਨਾਲ ਮਨਾਇਆ।ਸਕੂਲ ਭਾਈਚਾਰਾ ਪ੍ਰਿੰਸੀਪਲ ਧਵਨ ਕੁਮਾਰ ਦੇ ਸਮਰਪਣ, ਅਗਵਾਈ ਤੇ ਉੱਤਮਤਾ ਪ੍ਰਤੀ ਵਚਨਬੱਧਤਾ ਲਈ ਧੰਨਵਾਦ ਪ੍ਰਗਟ ਕਰਨ ਲਈ ਇਕੱਠਾ ਹੋਇਆ। ਸਮਾਰੋਹ ਦੀ ਸ਼ੁਰੂਆਤ ਇੱਕ ਵਿਸ਼ੇਸ਼ ਅਸੈਂਬਲੀ ਨਾਲ਼ ਹੋਈ, ਜਿੱਥੇ ਅਧਿਆਪਕਾਂ ਨੇ ਜਨਮ ਦਿਨ ਗੀਤ ਤੇ ਦਿਲਕਸ਼ ਭਾਸ਼ਣ ਪੇਸ਼ ਕੀਤੇ। ਅਧਿਆਪਕਾਂ ਨੇ ਖੁਸ਼ੀ ਸਾਂਝੇ ਕਰਦੇ ਹੋਏ ਕਿਹਾ ਕਿ ਧਵਨ ਕੁਮਾਰ ਇੱਕ ਬੇਮਿਸਾਲ ਸਕੂਲ ਮੁਖੀ ਹੋਣ ਦੇ ਨਾਲ ਨਾਲ ਚੰਗੇ ਸਲਾਹਕਾਰ, ਅਗਵਾਈ ਕਰਤਾ, ਰੋਲ ਮਾਡਲ ਤੇ ਦਿਆਲੂ ਸ਼ਖ਼ਸੀਅਤ ਦੇ ਮਾਲਕ ਹਨ, ਜਿਨ੍ਹਾਂ ਦੇ ਯਤਨਾਂ ਸਦਕਾ ਸਕੂਲ ਦਾ ਜੀਵੰਤ ਮਾਹੌਲ ਵਿਦਿਆਰਥੀਆਂ, ਅਧਿਆਪਕ ਵਰਗ ਤੇ ਸਾਰੇ ਕਰਮਚਾਰੀਆਂ ਨੂੰ ਸਕਾਰਾਤਮਕ ਢੰਗ ਨਾਲ਼ ਵਿਚਰਨ ਲਈ ਪ੍ਰੇਰਦਾ ਹੈ। ਉਸ ਮਗਰੋਂ ਸਕੂਲ ਮੁਖੀ ਧਵਨ ਕੁਮਾਰ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ, ਕੇਕ ਕੱਟਣ ਦੀ ਰਸਮ ਤੇ ਸੁਚੱਜੇ ਤੋਹਫ਼ੇ ਦੇ ਕੇ ਸਨਮਾਨਤ ਕੀਤਾ ਗਿਆ।ਸਕੂਲ ਸਟਾਫ਼ ਤੇ ਹੋਰ ਸਾਰੇ ਕਰਮਚਾਰੀਆਂ ਨੇ ਪ੍ਰਿੰਸੀਪਲ ਵੱਲੋਂ ਦਿੱਤੀ ਗਈ ਪਾਰਟੀ ਨੂੰ ਪ੍ਰਵਾਨ ਕਰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ ਤੇ ਨਾਲ ਹੀ ਨਾਲ ਜ਼ਿੰਦਗੀ ਵਿੱਚ ਹੋਰ ਤਰੱਕੀਆਂ ਤੇ ਬੁਲੰਦੀਆਂ ਨੂੰ ਛੂਹਣ ਦੀ ਕਾਮਨਾ ਕੀਤੀ। ਉਨ੍ਹਾਂ ਦੇ ਇਸ ਜਨਮ ਦਿਨ ਨੂੰ ਯਾਦਗਾਰੀ ਬਣਾਉਣ ਲਈ ਪਾਰਟੀ ਦਾ ਆਨੰਦ ਮਾਣਦਿਆਂ ਸਾਰੇ ਅਧਿਆਪਕ ਤੇ ਕਰਮਚਾਰੀਆਂ ਨੇ ਗਰੁੱਪ ਫੋਟੋ ਕਰਵਾਈ ਤੇ ਆਪਣੀਆਂ ਸ਼ੁੱਭ-ਕਾਮਨਾਵਾਂ ਭੇਟ ਕੀਤੀਆਂ। ਪ੍ਰਿੰਸੀਪਲ ਧਵਨ ਕੁਮਾਰ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਮੈਂ ਖੁਸ਼ੀ ਤੇ ਪ੍ਰਸ਼ੰਸਾ ਨਾਲ ਭਰਿਆ ਹੋਇਆ ਹਾਂ।ਇਹ ਪਿਆਰ ਤੇ ਸਮਰਥਨ ਦੀ ਇੱਕ ਸ਼ਾਨਦਾਰ ਯਾਦ ਹੈ, ਜੋ ਸਾਡੇ ਸਕੂਲ ਦੇ ਭਾਈਚਾਰੇ ਨੂੰ ਖਾਸ ਬਣਾਉਂਦਾ ਹੈ।ਉਨ੍ਹਾਂ ਸਾਰੇ ਅਧਿਆਪਕ ਵਰਗ ਦਾ ਧੰਨਵਾਦ ਕੀਤਾ ਤੇ ਨਿੱਘੀ ਜਿਹੀ ਪਾਰਟੀ ਵਿੱਚ ਸਾਰਿਆਂ ਦੀ ਸ਼ਿਰਕਤ ਨੂੰ ਲਾਜ਼ਮੀ ਬਣਾਇਆ। ਇਸ ਸਮਾਗਮ ਨੇ ਸਕੂਲ ਦੀ ਏਕਤਾ ਭਾਵਨਾ ਤੇ ਪ੍ਰਿੰਸੀਪਲ ਦੇ ਅਣਥੱਕ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰਨ ਲਈ ਸ਼ੁੱਭ-ਇੱਛਾਵਾਂ ਭੇਟ ਕੀਤੀਆਂ।

# ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਐੱਸ ਐੱਸ ਪੀ ਦਫਤਰ ਅੱਗੇ ਧਰਨੇ ਦੀ ਤਿਆਰੀ ਸੰਬੰਧੀ ਮੀਟਿੰਗ



**ਫਿਰੋਜ਼ਪੁਰ (ਗੁਰਬਚਨ ਸਿੰਘ)**-ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਬਲਾਕ ਘੱਲ ਖੁਰਦ ਪਿੰਡ ਰੁਕਣ ਸ਼ਾਹ ਵਾਲਾ ਦੀ ਮੀਟਿੰਗ ਬਲਾਕ ਪ੍ਰਧਾਨ ਗੁਰਜੰਜ ਸਿੰਘ ਦੀ ਅਗਵਾਈ ਵਿੱਚ ਹੋਈ। ਜ਼ਿਲ੍ਹਾ ਜਨਰਲ ਸੁਰਜੀਤ ਕੁਮਾਰ ਬਜ਼ੀਦਪੁਰ, ਬਲਾਕ ਆਗੂ ਚੰਨਣ ਸਿੰਘ ਕਮੱਗਰ, ਜਸਬੀਰ ਸਿੰਘ ਪਿੰਡ ਮੱਲਵਾਲ ਜਦੀਦ, ਰਣਜੀਤ ਸਿੰਘ ਯਾਰੇਸ਼ਾਹ ਵਾਲਾ, ਹਰਜਿੰਦਰ ਸਿੰਘ ਰੁਕਣ ਸ਼ਾਹ ਵਾਲਾ ਸ਼ਾਮਲ ਹੋਏ। ਮੀਟਿੰਗ ਵਿੱਚ 8 ਅਗਸਤ ਨੂੰ ਐੱਸ ਐੱਸ ਪੀ ਦਫਤਰ ਵਿਖੇ ਲੱਗਣ ਵਾਲੇ ਧਰਨੇ ਦੀ ਤਿਆਰੀ ਕਰਵਾਈ ਗਈ। ਪੱਤਰਕਾਰ ਨੂੰ ਜਾਣਕਾਰੀ ਦਿੰਦਿਆਂ ਬਲਾਕ ਜਰਨਲ ਸਕੱਤਰ ਗੁਰਚਰਨ ਸਿੰਘ ਬਸਤੀ ਅਜੀਜਵਾਲੀ ਨੇ ਦੱਸਿਆ ਕਿ 22 ਜੁਲਾਈ ਨੂੰ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਡੀ ਐੱਸ ਪੀ ਗੁਰੂ ਹਰਸਹਾਏ ਦੇ ਦਫਤਰ ਅੱਗੇ ਧਰਨਾ ਦਿੱਤਾ ਗਿਆ ਸੀ, ਉਸ ਸਮੇਂ ਡੀ ਐੱਸ ਪੀ ਅਤੁਲ ਸੋਨੀ ਵੱਲੋਂ ਜਥੇਬੰਦੀ ਦੇ ਆਗੂਆਂ ਨਾਲ ਦੁਰਵਿਹਾਰ ਕਰਨ ਤੇ ਧਰਨਾਕਾਰੀਆਂ ਦੀਆਂ ਮੰਗਾਂ ਨਾ ਸੁਣਨ ਦੇ ਰੋਸ ਵਜੋਂ ਜ਼ਿਲ੍ਹੇ ਦੀ ਮੀਟਿੰਗ ਵਿੱਚ ਐੱਸ ਐੱਸ ਪੀ ਦਫਤਰ ਫਿਰੋਜ਼ਪੁਰ ਵਿਖੇ ਧਰਨਾ ਲਾਉਣ ਦਾ ਫੈਸਲਾ ਕੀਤਾ ਗਿਆ ਸੀ ਤਾਂ ਅੱਜ ਬਲਾਕ ਘੱਲ ਖੁਰਦ ਮੀਟਿੰਗ ਕਰਕੇ ਧਰਨੇ ਦੀ ਤਿਆਰੀ ਕਰਵਾਈ ਗਈ ਤੇ ਜ਼ੁੰਮੇਵਾਰੀਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਜਿਹੜੇ ਫਿਰੋਜ਼ਪੁਰ ਅੰਦਰ ਵੱਖ ਵੱਖ ਥਾਨਿਆਂ ਵਿੱਚ ਕੀਤੇ ਗਏ ਝੂਠੇ ਮੁਕਦਮਿਆਂ ਨੂੰ ਰੱਦ ਕੀਤਾ ਜਾਵੇ ਤੇ ਠੱਗੀ ਦੇ ਸ਼ਿਕਾਰ ਕਿਸਾਨਾਂ ਦੇ ਪੈਸੇ ਵਾਪਸ ਦਿਵਾਏ ਜਾਣ, ਉਨ੍ਹਾਂ ਠੱਗਾਂ ਖਿਲਾਫ ਮੁਕਦਮੇ ਦਰਜ ਕਰਕੇ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪਿਛਲੇ ਦਿਨਾਂ ਤੋਂ ਵੱਖ ਵੱਖ ਪਿੰਡਾਂ ਵਿੱਚ ਮੀਟਿੰਗਾਂ ਕਰਕੇ ਤਿਆਰੀ ਕੀਤੀ ਗਈ ਤੇ ਤਿੰਨ ਦਿਨਾ ਧਰਨੇ ਦੀਆਂ ਤਿਆਰੀਆਂ ਸਬੰਧੀ ਟਰੈਕਟਰ ਟਰਾਲੀਆਂ ਦੀ ਜ਼ਿੰਮੇਵਾਰੀ ਦਿੱਤੀ। ਇਸ ਮੌਕੇ ਵੱਖ-ਵੱਖ ਇਕਾਈਆਂ ਦੇ ਵੱਡੀ ਗਿਣਤੀ ਵਿੱਚ ਆਗੂ ਤੇ ਕਿਸਾਨ ਆਗੂ ਹਾਜ਼ਰ ਸਨ।

# ਪੈਰਾਡਾਈਜ਼ ਸਕੂਲ ਵੱਲੋਂ ਖ਼ੂਨਦਾਨ ਕੈਂਪ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਦਾ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਵੱਲੋਂ ਖ਼ੂਨਦਾਨ ਕੈਂਪ ਲਾਇਆ ਗਿਆ।ਇਸ ਕੈਂਪ ਵਿੱਚ ਸਕੂਲੀ ਬੱਚਿਆਂ ਦੇ ਮਾਪਿਆਂ ਤੇ ਇਲਾਕੇ ਦੇ ਲੋਕਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ।ਸਕੂਲ ਚੇਅਰਮੈਨ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਨੇ ਦੱਸਿਆ ਕਿ ਕੈਂਪ ਵਿੱਚ ਰਜਿੰਦਰਾ ਹਸਪਤਾਲ ਪਟਿਆਲਾ ਦੇ ਬਲੱਡ ਬੈਂਕ ਦੇ ਮੁਖੀ ਡਾ. ਮੋਨਿਕਾ ਗਰਗ ਦੇ ਦਿਸ਼ਾ ਨਿਰਦੇਸ਼ਾਂ ਤੇ ਡਾ. ਸੁਖਵਿੰਦਰ ਸਿੰਘ ਦੀ ਅਗਵਾਈ ਵਿੱਚ ਪੁੱਜੀ ਟੀਮ ਨੇ ਖ਼ੂਨਦਾਨੀਆਂ ਵੱਲੋਂ ਦਾਨ ਕੀਤਾ ਗਿਆ 52 ਯੂਨਿਟ ਖ਼ੂਨ ਇਕੱਤਰ ਕੀਤਾ।ਪ੍ਰਿੰਸੀਪਲ ਡਾ. ਪਰਮਿੰਦਰ ਕੌਰ, ਸਮੂਹ ਸਟਾਫ ਤੇ ਸਭ ਤੋਂ ਵੱਧ ਸਕੂਲ ਦੇ ਵਿਦਿਆਰਥੀ ਕੌਂਸਲ ਵੱਲੋਂ ਵੱਧ ਤੋਂ ਵੱਧ ਲੋਕਾਂ ਨੂੰ ਪ੍ਰੇਰਿਤ ਕਰਕੇ ਖ਼ੂਨ ਦਾਨ ਕਰਵਾਉਣਾ ਇਹ ਬਹੁਤ ਹੀ ਸ਼ਲਾਘਾਯੋਗ ਕਦਮ ਹੋ ਨਿੱਬੜਿਆ।ਸਕੂਲ ਦੇ ਪ੍ਰਿੰਸੀਪਲ, ਅਧਿਆਪਕਾਂ ਤੇ ਨਾਨ-ਟੀਚਿੰਗ ਸਟਾਫ ਨੇ ਵੀ ਖ਼ੂਨ ਦਾਨ ਕਰਕੇ ਆਪਣਾ ਯੋਗਦਾਨ ਪਾਇਆ।



# ਖਿਆਲੀ 'ਚ ਅੱਖਾਂ ਦਾ ਮੁਫ਼ਤ ਕੈਂਪ ਲਗਾਇਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਬਾਬਾ ਰਾਮ ਜੋਗੀ ਪੀਰ ਕਮੇਟੀ ਪਿੰਡ ਖਿਆਲੀ ਵੱਲੋਂ ਸਮੂਹ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਅੱਖਾਂ ਦਾ ਮੁਫ਼ਤ ਅਪ੍ਰੇਸ਼ਨ, ਚੈੱਕਅਪ ਕੈਂਪ ਲਗਾਇਆ ਗਿਆ, ਜਿਸ ਦਾ ਉਦਘਾਟਨ ਐੱਸ ਐੱਚ ਓ ਠੁੱਲੀਵਾਲ ਸਬ ਇੰਸਪੈਕਟਰ ਸ਼ਰੀਫ ਖਾਨ ਨੇ ਕੀਤਾ।ਉਨ੍ਹਾਂ ਪ੍ਰਬੰਧਕਾਂ ਦੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਮੁਫ਼ਤ ਕੈਂਪ ਲੋੜਵੰਦ, ਬੇਸਹਾਰਾ ਲੋਕਾਂ ਲਈ ਫਾਇਦੇਮੰਦ ਸਾਬਿਤ ਹੁੰਦੇ ਹਨ।ਹਰ ਪਿੰਡ ਦੀਆਂ ਸਮਾਜ ਸੇਵੀ ਸੰਸਥਾਵਾਂ ਨੂੰ ਅਜਿਹੇ ਸਮਾਜ ਭਲਾਈ ਦੇ ਕਾਰਜ ਜ਼ਰੂਰ ਕਰਨੇ ਚਾਹੀਦੇ ਹਨ।ਪ੍ਰਬੰਧਕਾਂ ਵੱਲੋਂ ਮੁੱਖ ਮਹਿਮਾਨ ਸ਼ਰੀਫ ਖਾਨ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਅੱਖਾਂ ਦੇ ਮਾਹਰ ਡਾਕਟਰ ਤਨੂੰ ਗਰਗ ਬਰਨਾਲਾ ਨੇ ਆਪਣੀ ਸਹਿਯੋਗੀ ਟੀਮ ਸਮੇਤ 200 ਮਰੀਜ਼ਾਂ ਦੀ ਜਾਂਚ ਕਰਕੇ ਲੋੜਵੰਦਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ।ਇਸ ਸਮਾਜ ਸੇਵਾ ਦੇ ਕਾਰਜ ਦੀ ਸਫਲਤਾ ਲਈ ਪ੍ਰਧਾਨ ਡਾ: ਸੁਖਵਿੰਦਰ ਸਿੰਘ, ਮੀਤ ਪ੍ਰਧਾਨ ਕੁਲਵੰਤ ਸਿੰਘ, ਬਲਜਿੰਦਰ ਸਿੰਘ, ਮਨਦੀਪ ਸ਼ਰਮਾ, ਮਨਪ੍ਰੀਤ ਸਿੰਘ, ਗਮਦੂਰ ਸਿੰਘ, ਲੱਖਾ ਸਿੰਘ ਖਿਆਲੀ, ਡਾ: ਕੇਸਰ ਖਾਨ, ਬੱਬੀ ਚਹਿਲ, ਲਛਮਣ ਸਿੰਘ, ਮਨਰਾਜਦੀਪ ਸਿੰਘ ਰਾਗੀ, ਨਵਦੀਪ ਸਿੰਘ, ਆਦਿ ਸਮੂਹ ਪ੍ਰਬੰਧਕਾਂ ਨੇ ਅਹਿਮ ਯੋਗਦਾਨ ਪਾਇਆ।

# ਕਾਦੀਆਂ ਦੇ ਸਰਪੰਚ ਵੱਲੋਂ ਜਾਤੀ ਸੂਚਕ ਸ਼ਬਦ ਵਰਤਣ, ਗਾਲ੍ਹਾਂ ਕੱਢਣ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦਾ ਦੋਸ਼

## ਪੀੜਤ ਦੇ ਸਮਰਥਨ 'ਚ ਕਈ ਸਰਪੰਚ ਤੇ ਸੰਗਠਨ ਅੱਗੇ ਆਏ



**ਲੁਧਿਆਣਾ (ਐੱਮ. ਐੱਸ. ਭਾਟੀਆ)**-ਕਾਦੀਆਂ ਦੇ ਸਰਗਰਮ ਸਰਪੰਚ ਹੋਣ ਦੇ ਬਾਵਜੂਦ ਅੱਜ ਉਹ ਇਨਸਾਫ਼ ਦੀ ਗੁਹਾਰ ਲਗਾ ਰਹੇ ਹਨ ਅਤੇ ਪੀੜਤ ਧਿਰ ਦਾ ਦੋਸ਼ ਹੈ ਕਿ ਇਨਸਾਫ਼ ਦੀ ਬਜਾਏ ਥਾਣਾ ਲਾਡੋਵਾਲ ਦੀ ਪੁਲਸ ਉਨ੍ਹਾਂ 'ਤੇ ਸਮਝੌਤਾ ਕਰਵਾਉਣ ਲਈ ਦਬਾਅ ਪਾ ਰਹੀ ਹੈ। ਪ੍ਰੈੱਸ ਕਾਨਫਰੰਸ ਵਿੱਚ ਪੀੜਤ ਸਰਪੰਚ ਕਰਮ ਚੰਦ ਨੇ ਦੱਸਿਆ ਕਿ ਉਹ ਪਿੰਡ ਕਾਦੀਆਂ ਦਾ ਸਰਪੰਚ ਹੈ। ਘਟਨਾ ਬਾਰੇ ਦੱਸਦਿਆਂ ਉਨ੍ਹਾ ਕਿਹਾ ਕਿ 8 ਜੁਲਾਈ ਨੂੰ ਗੁਰਤੇਜ ਸਿੰਘ ਵੱਲੋਂ ਉਨ੍ਹਾਂ ਦੀ ਕਾਰ ਦਾ ਸ਼ੀਸ਼ਾ ਤੋੜ ਦਿੱਤਾ ਗਿਆ ਸੀ ਅਤੇ ਜਦੋਂ ਉਸ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਦੇ ਪਰਿਵਾਰਕ ਮੈਂਬਰਾਂ ਨੇ ਆਪਣੀ ਗਲਤੀ ਮੰਨਦਿਆਂ ਕਾਰ ਠੀਕ ਕਰਵਾਉਣ ਦਾ ਵਾਅਦਾ ਕਰਕੇ ਸਮਝੌਤਾ ਕਰ ਲਿਆ, ਪਰ ਕੁਝ ਦਿਨ ਬਾਅਦ ਪੀੜਤ ਧਿਰ ਨੇ ਉਨ੍ਹਾਂ ਕੋਲੋਂ ਕਾਰ ਦੀ ਮੁਰੰਮਤ ਕਰਵਾਉਣ ਲਈ ਮੁਆਵਜ਼ੇ ਦੀ ਮੰਗ ਕੀਤੀ ਤਾਂ ਉਨ੍ਹਾਂ ਨਾਂਹ-ਨੁੱਕਰ ਕੀਤੀ, ਜਿਸ 'ਤੇ 13 ਜੁਲਾਈ ਨੂੰ ਥਾਣਾ ਲਾਡੋਵਾਲ ਵਿੱਚ ਗੁਰਤਾਜ ਸਿੰਘ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਗਈ, ਪਰ ਬੜੇ ਦੁੱਖ ਦੀ ਗੱਲ ਹੈ ਕਿ ਪੁਲਸ ਨੇ ਦੋਸ਼ੀਆਂ ਨੂੰ ਇੱਕ ਵਾਰ ਵੀ ਪੁਲਸ ਸਟੇਸ਼ਨ ਨਹੀਂ ਬੁਲਾਇਆ ਤੇ ਉਨ੍ਹਾਂ ਨੂੰ ਵਾਰ-ਵਾਰ ਥਾਣੇ ਦਾ ਦੌਰਾ ਕਰਵਾਇਆ।ਸਰਪੰਚ ਕਰਮ ਚੰਦ ਨੇ ਦੱਸਿਆ ਕਿ ਬੀਤੀ 27 ਜੁਲਾਈ ਨੂੰ ਦੋਸ਼ੀ ਯੂਨੀਅਨ ਦੇ ਪ੍ਰਧਾਨ ਇੰਦਰਵੀਰ ਸਿੰਘ, ਸਾਥੀ ਗੁਰਤੇਜ ਸਿੰਘ ਤੇ ਯੂਨੀਅਨ ਕਿਸਾਨ ਦੀ ਮਾਤਾ ਗੁਰਦੇਵ ਕੌਰ ਨੇ ਉਸ ਦੇ ਪਿੰਡ ਵਿੱਚ ਸਵੇਰੇ ਲਾਠੀਆਂ ਨਾਲ ਹਮਲਾ ਕਰਕੇ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ, ਉਲਟਾ ਜਾਤੀ ਸੂਚਕ ਸ਼ਬਦਾਵਲੀ ਵਰਤ ਕੇ ਉਸ ਦੀ ਕੁੱਟਮਾਰ ਕੀਤੀ। ਦੋਸ਼ੀ ਇੰਦਰਵੀਰ ਨੇ ਸਰਪੰਚ ਦੀ ਪਤਨੀ ਜਸਵਿੰਦਰ ਕੌਰ ਨਾਲ ਵੀ ਦੁਰਵਿਹਾਰ ਕੀਤਾ, ਜਾਤੀ ਅਧਾਰਤ ਗਾਲੀ ਗਲੋਚ ਕੀਤਾ ਤੇ ਪਰਿਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ।ਪੀੜਤ ਨੇ ਦੋਸ਼ ਲਾਇਆ ਕਿ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਥਾਣੇ 'ਚ ਦਰਜ ਕਰਵਾਈ ਗਈ ਸ਼ਿਕਾਇਤ ਵਾਪਸ ਲੈਣ ਲਈ ਵੀ ਪੁਲਸ ਉਸ 'ਤੇ ਦਬਾਅ ਪਾ ਰਹੀ ਹੈ, ਜਿਸ ਕਾਰਨ ਅਸੀਂ ਡੂੰਘੇ ਸਦਮੇ 'ਚ ਹਾਂ ਅਤੇ ਮੇਰਾ ਪਰਿਵਾਰ ਡਰ ਦੇ ਮਾਰੇ ਚਿੰਤਤ ਹੈ।ਪੀੜਤ ਪਰਿਵਾਰ ਨੇ ਪੁਲਸ ਨੂੰ ਮਾਮਲੇ ਦੀ ਨਿਰਪੱਖ ਜਾਂਚ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਦੋਸ਼ੀਆਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕਰਕੇ ਇਨਸਾਫ਼ ਦਿਵਾਇਆ ਜਾਵੇ। ਪੀੜਤ ਦੇ ਸਮਰਥਨ ਵਿੱਚ ਕਈ ਸਰਪੰਚ ਤੇ ਸਮੂਹ ਅੱਗੇ ਆਏ ਹਨ, ਜਿਨ੍ਹਾਂ ਵਿੱਚ ਬਲਵਿੰਦਰ ਬੱਤਾ ਜਨਰਲ ਸਕੱਤਰ ਪੰਜਾਬ ਬਸਪਾ, ਬੂਟਾ ਸੰਗੋਵਾਲ ਪ੍ਰਧਾਨ, ਸੋਮਨਾਥ ਬਾਲੀ, ਪ੍ਰਧਾਨ ਸਤਿਗੁਰੂ ਰਵਿਦਾਸ ਸਾਧ ਸਮਾਜ ਭਾਰਤ, ਡਾ. ਬੀ. ਆਰ. ਅੰਬੇਡਕਰ ਭਵਨ ਵੈੱਲਫੇਅਰ ਸੁਸਾਇਟੀ ਦੇ ਉੱਪ-ਪ੍ਰਧਾਨ ਵਰਿੰਦਰ ਕੁਮਾਰ ਸੋਢੀ, ਨਰੇਸ਼ ਬਸਰਾ, ਕਮਲ ਜਨਾਗਲ, ਰੁਲਦੂ ਰਾਮ ਕਾਦੀਆਂ, ਆਨੰਦ ਕਿਸ਼ੋਰ ਪ੍ਰਧਾਨ ਸਤਿਗੁਰੂ ਰਵਿਦਾਸ ਧਰਮ ਸਮਾਜ ਪੰਜਾਬ, ਸਰਪੰਚ ਬਨਜੀਤ ਕੁਮਾਰ ਚਰਨਾਬਾਦ, ਸਮਾਜ ਸੇਵੀ ਸਾਬਕਾ ਪ੍ਰਧਾਨ ਕਸਬਾ ਜਰਨੈਲ ਸਿੰਘ, ਸਰਪੰਚ ਸੋਨੀ ਧੀਰ ਭਾਟੀਆਂ, ਬਲਵਿੰਦਰ ਸਿੰਘ ਬਲਾਕ ਸਮਿਤੀ ਮੈਂਬਰ, ਸਰਪੰਚ ਵਿਜੇ ਕੁਮਾਰ ਭੱਟੀਆ ਕਲੋਨੀ, ਚਮਨ ਲਾਲ ਸਾਬਕਾ ਸਰਪੰਚ, ਬਲਾਕ ਸਮਿਤੀ ਮੈਂਬਰ ਪ੍ਰਕਾਸ਼ ਪੀਟਰ ਆਦਿ ਨੇ ਕਿਹਾ ਕਿ ਜੇਕਰ ਪੁਲਸ ਨੇ ਕਾਰਵਾਈ ਨਾ ਕੀਤੀ ਤਾਂ ਉਹ ਇਨਸਾਫ਼ ਵਾਸਤੇ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਗੇ।

# ਸਰੋਵਰ 'ਚ ਡੁੱਬਣ ਕਾਰਨ ਦੋ ਸਕੇ ਭਰਾਵਾਂ ਦੀ ਮੌਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਗਿੱਦੜਬਾਹਾ ਵਿਖੇ ਵਾਪਰੀ ਇੱਕ ਮੰਦਭਾਗੀ ਘਟਨਾ ਦੌਰਾਨ ਦੋ ਸਕੇ ਭਰਾਵਾਂ ਦੀ ਉਥੋਂ ਦੇ ਇੱਕ ਗੁਰਦੁਆਰਾ ਸਾਹਿਬ ਦੇ ਸਰੋਵਰ ਵਿੱਚ ਡੁੱਬਣ ਕਾਰਨ ਮੌਤ ਹੋ ਗਈ।ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਭਰਾਵਾਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਸਾਹਿਲ ਤੇ ਮਨੂੰ ਦੋਵੇਂ ਸਕੇ ਭਰਾ ਬੀਤੇ ਕੱਲ੍ਹ ਖੇਡਣ ਗਏ, ਪਰ ਵਾਪਸ ਨਹੀਂ ਆਏ।ਉਹ ਬੀਤੀ ਸਾਰੀ ਰਾਤ ਇਨ੍ਹਾਂ ਨੂੰ ਲੱਭਦੇ ਰਹੇ।ਗਲੀ ਦੇ ਬੱਚਿਆਂ ਨੇ ਦੱਸਿਆ ਕਿ ਉਹ ਪਾਰਕ ਖੇਡਣ ਗਏ ਹਨ, ਪਰ ਉਹ ਉੱਥੇ ਵੀ ਨਹੀਂ ਸਨ।ਅੱਜ ਸਵੇਰੇ ਜਦ ਪਰਿਵਾਰਕ ਮੈਂਬਰ ਪਿਉਰੀ ਰੋਡ ਸਥਿਤ ਗੁਰਦੁਆਰਾ ਸਾਹਿਬ ਵਿਖੇ ਬੱਚਾ ਗੁਆਚਣ ਸਬੰਧੀ ਅਨਾਊਂਸਮੈਂਟ ਕਰਵਾਉਣ ਗਏ ਤਾਂ ਉਨ੍ਹਾਂ ਦੇਖਿਆ ਕਿ ਬੱਚਿਆਂ ਦੀਆਂ ਲਾਸ਼ਾ ਗੁਰਦੁਆਰਾ ਸਾਹਿਬ ਦੇ ਸਰੋਵਰ ਵਿੱਚ ਸਨ।ਇਸ ਸਬੰਧੀ ਉਨ੍ਹਾਂ ਪੁਲਸ ਨੂੰ ਸੂਚਨਾ ਦਿੱਤੀ ਤਾਂ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।ਇਸ ਘਟਨਾ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਹੈ।ਮ੍ਰਿਤਕ ਬੱਚਿਆਂ ਦੀ ਉਮਰ 8 ਸਾਲ ਤੇ 9 ਸਾਲ ਸੀ।ਇਹ ਦੋਵੇਂ ਬੱਚੇ ਪੰਜਵੀਂ ਤੇ ਛੇਵੀਂ ਸ਼੍ਰੇਣੀ ਦੇ ਵਿਦਿਆਰਥੀ ਸਨ।

# ਭਾਰਤ-ਪਾਕਿ ਸ਼ਾਂਤੀ ਤੇ ਦੋਸਤੀ ਮਾਰਚ ਦੀ ਮੁਹਿੰਮ ਨੂੰ ਭਰਵਾਂ ਹੁੰਗਾਰਾ

## ਮੈਗਸਾਸੇ ਐਵਾਰਡ ਵਿਜੇਤਾ ਡਾ. ਸੰਦੀਪ ਪਾਂਡੇ ਮਾਨਸਾ ਤੋਂ ਕਰਨਗੇ ਮਾਰਚ ਦੀ ਸ਼ੁਰੂਆਤ : ਮਾਨਸ਼ਾਹੀਆ

**ਮਾਨਸਾ (ਆਤਮਾ ਸਿੰਘ ਪਮਾਰ)** : ਸ੍ਰੀ ਕਰਤਾਰਪੁਰ ਕਾਰੀਡੋਰ ਤੇ ਪਾਸਪੋਰਟ, 20 ਅਮਰੀਕਨ ਡਾਲਰਾਂ ਦੀ ਫ਼ੀਸ, ਪੰਜਾਬ ਦੇ ਬਾਰਡਰ ਖੋਲ੍ਹ ਕੇ ਵਪਾਰ ਵਧਾਉਣ ਵਰਗੇ ਅਹਿਮ ਮੁੱਦਿਆਂ ਨੂੰ ਲੈ ਕੇ ਮਾਲਵਾ ਖੇਤਰ ਤੋਂ ਅਟਾਰੀ-ਵਾਹਗਾ ਬਾਰਡਰ ਤੱਕ ਕੀਤੇ ਜਾਣ ਵਾਲੇ ਭਾਰਤ-ਪਾਕਿ ਸ਼ਾਂਤੀ ਤੇ ਦੋਸਤੀ ਮਾਰਚ ਦੀ ਮੁਹਿੰਮ ਨੂੰ ਪੰਜਾਬ ਭਰ 'ਚ ਭਰਵਾਂ ਹੁੰਗਾਰਾ ਮਿਲਣ ਲੱਗਾ ਹੈ। ਸੋਸ਼ਲਿਸਟ ਪਾਰਟੀ ਇੰਡੀਆ ਦੇ ਕੌਮੀ ਮੀਤ ਪ੍ਰਧਾਨ ਹਰਿੰਦਰ ਸਿੰਘ ਮਾਨਸ਼ਾਹੀਆ ਦੀ ਅਗਵਾਈ 'ਚ ਮਾਲਵਾ ਖੇਤਰ ਦੇ ਵੱਖ-ਵੱਖ ਰਾਜਨੀਤਕ, ਧਾਰਮਿਕ, ਸਮਾਜਿਕ ਸੰਗਠਨਾਂ, ਕਿਸਾਨ ਜਥੇਬੰਦੀਆਂ ਤੇ ਵਪਾਰਕ ਜਥੇਬੰਦੀਆਂ ਨਾਲ ਹੋਈਆਂ ਮੀਟਿੰਗਾਂ ਤੋਂ ਬਾਅਦ ਉਨ੍ਹਾਂ ਦਾਅਵਾ ਕੀਤਾ ਕਿ ਭਾਰਤ-ਪਾਕਿ ਸ਼ਾਂਤੀ ਮਾਰਚ ਤੇ ਦੋਸਤੀ ਮਾਰਚ ਦੇ ਸਾਰਥਿਕ ਨਤੀਜੇ ਸਾਹਮਣੇ ਆਉਣਗੇ।ਉਨ੍ਹਾ ਕਿਹਾ ਕਿ ਇਸ ਸ਼ਾਂਤੀ ਮਾਰਚ ਨਾਲ ਜੁੜੇ ਅਹਿਮ ਮੁੱਦਿਆਂ ਨੂੰ ਸਭਨਾਂ ਧਿਰਾਂ ਵੱਲੋਂ ਪਾਰਟੀ ਤੇ ਨਿੱਜੀ ਹਿੱਤਾਂ ਤੋਂ ਉੱਪਰ ਉਠ ਕੇ ਹੁੰਗਾਰਾ ਮਿਲ ਰਿਹਾ ਹੈ।

ਉਨ੍ਹਾ ਦੱਸਿਆ ਕਿ ਪਾਰਟੀ ਦੇ ਗਾਂਧੀ-ਵਾਦੀ ਨੇਤਾ ਨੈਸ਼ਨਲ ਜਨਰਲ ਸਕੱਤਰ ਮੈਗਸਾਸੇ ਐਵਾਰਡ ਵਿਜੇਤਾ ਡਾ. ਸੰਦੀਪ ਪਾਂਡੇ ਦੀ ਅਗਵਾਈ ਵਿੱਚ ਲੰਬੇ ਸਮੇਂ ਤੋਂ ਭਾਰਤ-ਪਾਕਿ ਸਬੰਧਾਂ ਵਿੱਚ ਆਈ ਖਟਾਸ ਨੂੰ ਖ਼ਤਮ ਕਰਨ ਤੇ ਦੋਵਾਂ ਦੇਸ਼ਾਂ ਦਰਮਿਆਨ ਵਪਾਰ ਨੂੰ ਮੁੜ ਸੁਰਜੀਤ ਕਰਨ ਲਈ ਭਾਰਤ ਛੱਡੋ ਅੰਦੋਲਨ ਦੇ ਦਿਹਾੜੇ 9 ਅਗਸਤ ਤੋਂ 14 ਅਗਸਤ ਤੱਕ ਮਾਨਸਾ ਸ਼ਹਿਰ ਤੋਂ ਅਟਾਰੀ ਸਰਹੱਦ ਤੱਕ ਸ਼ਾਂਤੀ ਤੇ ਦੋਸਤੀ ਦਾ ਪੈਗਾਮ ਲੈ ਕੇ ਮਾਰਚ ਕੱਢਿਆ ਜਾ ਰਿਹਾ ਹੈ, ਜੋ ਕਿ ਕਈ ਪੜਾਵਾਂ ਵਿੱਚੋਂ ਹੁੰਦਾ ਹੋਇਆ 13 ਅਗਸਤ ਨੂੰ ਜਲ੍ਹਿਆਂਵਾਲਾ ਬਾਗ਼ ਵਿੱਚ ਆਜ਼ਾਦੀ ਦੀ ਲੜਾਈ ਦਾ ਮੁੱਢ ਬੰਨ੍ਹਣ ਵਾਲੇ ਗੁੰਮਨਾਮ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹੋਇਆ ਹਿੰਦ-ਪਾਕਿ ਫ਼ਰੈਂਡਸ਼ਿਪ ਸੋਸਾਇਟੀ ਨਾਲ ਮਿਲ ਕੇ ਅੱਧੀ ਰਾਤ ਨੂੰ ਆਟਾਰੀ-ਵਾਹਗਾ ਸਰਹੱਦ 'ਤੇ ਮੋਮਬੱਤੀਆਂ ਜਗਾਵੇਗਾ।



ਮਾਰਚ ਦੇ ਮੁੱਦਿਆਂ ਬਾਰੇ ਸੂਬਾ ਜਨਰਲ ਸਕੱਤਰ ਬਲਰਾਜ ਸਿੰਘ ਨੰਗਲ ਨੇ ਦੱਸਿਆ ਕਿ ਲੰਬੇ ਸਮੇਂ ਦੀਆਂ ਅਰਦਾਸਾਂ ਤੇ ਨੇਕ ਇਨਸਾਨਾਂ ਦੀਆਂ ਕੋਸ਼ਿਸ਼ਾਂ ਨਾਲ ਗੁਰੂ ਨਾਨਕ ਸਾਹਿਬ ਜੀ ਦੀ ਕਰਮਭੂਮੀ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਡੇਰਾ ਬਾਬਾ ਨਾਨਕ ਸਰਹੱਦ ਨੂੰ ਖੋਲ੍ਹਿਆ ਗਿਆ, ਪਰ ਉਸ ਵਿੱਚ ਪਾਸਪੋਰਟ ਤੇ ਵੀਹ ਅਮਰੀਕਨ ਡਾਲਰਾਂ ਵਿੱਚ ਫ਼ੀਸ ਦੀ, ਜੋ ਸ਼ਰਤ ਲਗਾਈ ਗਈ ਹੈ, ਉਸ ਨੂੰ ਖ਼ਤਮ ਕਰਕੇ ਆਧਾਰ ਕਾਰਡ ਨਾਲ ਬਿਨਾਂ ਕਿਸੇ ਫ਼ੀਸ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਕਰਨ ਦੀ ਮੁੱਖ ਮੰਗ ਰੱਖੀ ਗਈ ਹੈ।

ਸੂਬਾ ਪ੍ਰਧਾਨ ਓਮ ਸਿੰਘ ਸਟਿਆਨਾ ਨੇ ਦੱਸਿਆ ਕਿ ਪਿਛਲੇ 20-22 ਸਾਲਾਂ ਤੋਂ ਪੰਜਾਬ ਦੇ ਬਾਰਡਰਾਂ ਰਾਹੀਂ ਵਪਾਰ ਮੁਅੱਤਲ ਕੀਤਾ ਹੋਇਆ ਹੈ, ਜਿਸ ਨੂੰ ਗੁਜਰਾਤ ਬਾਰਡਰ ਦੀ ਤਰਜ਼ 'ਤੇ ਤੁਰੰਤ ਸ਼ੁਰੂ ਕੀਤਾ ਜਾਵੇ, ਜਿਸ ਨਾਲ ਦੋਵੇਂ ਦੇਸ਼ਾਂ ਖਾਸ ਕਰਕੇ ਦੋਵੇਂ ਪੰਜਾਬਾਂ ਦੇ ਵਪਾਰੀਆਂ, ਕਿਸਾਨਾਂ, ਮਜ਼ਦੂਰਾਂ ਨੂੰ ਲਾਭ ਪਹੁੰਚੇਗਾ, ਭਾਈਚਾਰਕ ਸਾਂਝ ਵਧੇਗੀ ਤੇ ਦੋਵੇਂ ਦੇਸ਼ਾਂ ਦੇ ਆਵਾਮ ਦੀ ਆਰਥਿਕਤਾ ਨੂੰ ਹੁਲਾਰਾ ਮਿਲੇਗਾ।

ਸਰਬਜੀਤ ਕੌਸ਼ਲ ਵੱਲੋਂ ਮਾਰਚ ਦੇ ਰੂਟ ਪਲਾਨ ਬਾਰੇ ਦੱਸਿਆ ਗਿਆ ਕਿ ਇਹ ਮਾਰਚ ਗੁਰਦਵਾਰਾ ਚੌਕ ਤੋਂ ਪੈਦਲ ਚੱਲ ਕੇ ਪਹਿਲਾ ਠਹਿਰਾਓ ਜੋਗਾ ਵਿਖੇ ਕਰਕੇ ਅਗਲੇ ਦਿਨ ਅਕਲੀਆ ਵਿਖੇ ਮੀਟਿੰਗ ਕਰਕੇ ਵਹੀਕਲਾਂ ਰਾਹੀਂ ਬਰਨਾਲਾ, ਢਿੱਲਵਾਂ, ਬਿਲਾਸਪੁਰ, ਬੱਧਨੀ ਕਲਾਂ, ਡਾਲਾ, ਮੋਗਾ ਹੁੰਦਾ ਹੋਇਆ ਰਾਤ ਦਾ ਠਹਿਰਾਓ ਕੋਟ ਈਸੇ ਖਾਂ (ਦੌਲੇਵਾਲਾ) ਕਰਕੇ ਹਰੀਕੇ ਪੱਤਣ ਤੋਂ ਫ਼ਿਰ ਪੈਦਲ ਨੌਸ਼ਹਿਰਾ ਪਨੂੰਆਂ, ਤਰਤਾਰਨ ਹੁੰਦਾ ਹੋਇਆ ਅੰਮ੍ਰਿਤਸਰ ਵਿਖੇ ਪਹੁੰਚੇਗਾ।ਸੂਬਾ ਕਾਰਜਕਾਰਨੀ ਮੈਂਬਰ ਬਲਜਿੰਦਰ ਸੰਗੀਲਾ ਨੇ ਦੱਸਿਆ ਕਿ ਇਸ ਮਾਰਚ ਵਿੱਚ ਸੋਸ਼ਲਿਸਟ ਪਾਰਟੀ ਇੰਡੀਆ ਦੇ ਜਗਦੀਪ ਸਿੰਘ ਖੇੜਾ (ਸਪੁੱਤਰ ਸਵ. ਬਲਵੰਤ ਸਿੰਘ ਖੇੜਾ) ਹੁਸ਼ਿਆਰਪੁਰ, ਧਰਮਵੀਰ ਜੌੜਾ, ਭਗਵੰਤ ਸਿੰਘ ਬੇਦੀ ਪ੍ਰਧਾਨ ਚੰਡੀਗੜ੍ਹ, ਸੰਦੀਪ ਨਿਰਦੋਸ਼, ਰਜਿੰਦਰ ਕੌਰ ਦਾਨੀ ਮੁਹਾਲੀ, ਮਲਕੀਤ ਸਿੰਘ ਕੋਟਸ਼ਮੀਰ, ਨਛੱਤਰ ਸਿੰਘ ਮਣਕੂ ਬਠਿੰਡਾ, ਦੂਸਰੀਆਂ ਸਟੇਟਾਂ ਦੇ ਕਾਰਕੁਨਾਂ ਤੋਂ ਇਲਾਵਾ ਸਹਿਯੋਗੀ ਡਾ. ਜਨਕ ਰਾਜ ਸਿੰਗਲਾ ਪ੍ਰਧਾਨ ਵਾਇਸ ਆਫ਼ ਮਾਨਸਾ ਸਮੇਤ ਪੂਰਾ ਗਰੁੱਪ, ਸਾਈਕਲ ਗਰੁੱਪ ਮਾਨਸਾ, ਬੁੱਧੀਜੀਵੀ, ਲੇਖਕ, ਵਕੀਲ, ਵਪਾਰ ਮੰਡਲ, ਵੱਖ ਵੱਖ ਸਮਾਜ ਸੇਵੀ ਜਥੇਬੰਦੀਆਂ, ਧਾਰਮਿਕ, ਰਾਜਸੀ ਤੇ ਕਿਸਾਨ, ਮਜ਼ਦੂਰ ਜਥੇਬੰਦੀਆਂ ਦੇ ਕਾਰਕੁਨ ਵੀ ਸ਼ਾਮਲ ਹੋ ਰਹੇ ਹਨ।

ਕੁੱਲ ਹਿੰਦ ਕਿਸਾਨ ਮਹਾਂਸਭਾ ਦੀ ਕੇਂਦਰੀ ਮੀਟਿੰਗ ਦੇ ਦੂਸਰੇ ਦਿਨ ਖੇਤੀ ਬਜਟ ਵਿੱਚ ਵਾਧਾ, ਖੇਤੀ ਦੇ ਨਿੱਜੀਕਰਨ 'ਤੇ ਰੋਕ, ਵਾਤਾਵਰਣ ਨੂੰ ਪ੍ਰਭਾਵਿਤ ਕਰਦੀਆਂ ਗਤੀਵਿਧੀਆਂ 'ਤੇ ਕੰਟਰੋਲ ਕਰਨ ਆਦਿ ਸਬੰਧੀ ਮਤੇ ਪਾਸ ਕੀਤੇ ਗਏ।

# ਜ਼ਿਮਨੀ ਚੋਣ 'ਚ ਵੱਡੀ ਤਿਆਰੀ ਨਾਲ ਭਾਗ ਲਵੇਗਾ ਅਕਾਲੀ ਦਲ ਅੰਮ੍ਰਿਤਸਰ : ਕੱਟੂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਬਰਨਾਲਾ ਜ਼ਿਮਨੀ ਚੋਣ ਵਿੱਚ ਵੱਡੀ ਤਿਆਰੀ ਨਾਲ ਭਾਗ ਲਵੇਗਾ, ਜਿਸ ਸਬੰਧੀ ਤਿਆਰੀਆਂ ਹੁਣੇ ਤੋਂ ਸ਼ੁਰੂ ਕਰ ਦਿੱਤੀਆਂ ਹਨ, ਪਾਰਟੀ ਵੱਲੋਂ ਛੇਤੀ ਹੀ ਉਮੀਦਵਾਰ ਦਾ ਐਲਾਨ ਕਰ ਦਿੱਤਾ ਜਾਵੇਗਾ।ਇਹ ਜਾਣਕਾਰੀ ਪਾਰਟੀ ਦੇ ਜਨਰਲ ਸਕੱਤਰ, ਹਲਕਾ ਮਹਿਲ ਕਲਾਂ ਦੇ ਇੰਚਾਰਜ ਭਾਈ ਗੁਰਜੰਟ ਸਿੰਘ ਕੱਟੂ ਨੇ ਦਿੱਤੀ। ਇਸ ਤੋਂ ਪਹਿਲਾਂ ਹਲਕੇ ਦੀ ਜਥੇਬੰਦਕ ਮਜ਼ਬੂਤੀ ਲਈ ਪਾਰਟੀ ਦੇ ਪ੍ਰਮੁੱਖ ਆਗੂਆਂ ਦੀ ਇੱਕ ਮੀਟਿੰਗ ਕੀਤੀ ਗਈ।ਉਨ੍ਹਾਂ ਅਨੁਸਾਰ ਪਾਰਟੀ ਦੀ ਜਥੇਬੰਦਕ ਢਾਂਚੇ ਅਧੀਨ ਸੀਨੀਅਰ ਲੀਡਰਸ਼ਿਪ, ਯੂਥ ਵਿੰਗ, ਕਿਸਾਨ ਵਿੰਗ, ਲੇਡੀਜ਼ ਵਿੰਗ ਆਦਿ ਪੱਖਾਂ ਨੂੰ ਤਕੜਾ ਕਰਨ ਹਿੱਤ ਜਲਦੀ ਜ਼ੁੰਮੇਵਾਰੀਆਂ ਸੌਂਪੀਆਂ ਜਾਣਗੀਆਂ।ਮੀਟਿੰਗ ਵਿੱਚ ਪਹੁੰਚੇ ਹਰ ਆਗੂਆਂ ਨੇ ਸ੍ਰ: ਸਿਮਰਨਜੀਤ ਸਿੰਘ ਮਾਨ ਸਾਬਕਾ ਮੈਂਬਰ ਪਾਰਲੀਮੈਂਟ ਦੀ ਅਗਵਾਈ ਹੇਠ ਪਾਰਟੀ ਦੇ ਹੁਕਮਾਂ ਨੂੰ ਮੰਨਣ ਦੀ ਵਚਨਬੱਧਤਾ ਜ਼ਾਹਰ ਕੀਤੀ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਮੰਡੇਰ, ਅਮਰਜੀਤ ਸਿੰਘ ਬਾਦਸ਼ਾਹਪੁਰ, ਪ੍ਰਧਾਨ ਸਿੰਘ ਸੰਘੇੜਾ, ਜੀਤ ਸਿੰਘ ਮਾਂਗੇਵਾਲ, ਜੱਸਾ ਸਿੰਘ ਮਾਣਕੀ, ਲਾਭ ਸਿੰਘ ਠੀਕਰੀਵਾਲ, ਮਹਿੰਦਰ ਸਿੰਘ ਸਹਿਜੜਾ, ਜਥੇ: ਬਲਦੇਵ ਸਿੰਘ ਗੰਗੋਹਰ, ਰਾਮ ਸਿੰਘ ਗਹਿਲ, ਮਲਕੀਤ ਸਿੰਘ ਮਹਿਲ ਖੁਰਦ, ਸੁਖਵਿੰਦਰ ਸਿੰਘ ਗੰਗੋਹਰ ਆਦਿ ਆਗੂ ਹਾਜ਼ਰ ਸਨ।

# ਉੱਪ-ਮੰਡਲ ਮੈਜਿਸਟਰੇਟ ਦੀ ਨੰਬਰਦਾਰ ਯੂਨੀਅਨ ਨਾਲ ਮੀਟਿੰਗ

## ਐੱਸ ਜੀ ਪੀ ਸੀ ਚੋਣਾਂ ਦੇ ਮੱਦੇਨਜ਼ਰ ਵੱਧ ਤੋਂ ਵੱਧ ਯੋਗ ਵੋਟਰਾਂ ਦੀਆਂ ਵੋਟਾਂ ਬਣਾਉਣ 'ਤੇ ਵੀ ਦਿੱਤਾ ਜ਼ੋਰ

**ਲੁਧਿਆਣਾ (ਰਾਜ ਸਿੰਗਲਾ)** : ਉੱਪ-ਮੰਡਲ ਮੈਜਿਸਟਰੇਟ ਲੁਧਿਆਣਾ (ਪੱਛਮੀ) ਦੀਪਕ ਭਾਟੀਆ ਦੀ ਪ੍ਰਧਾਨਗੀ ਹੇਠ ਨੰਬਰਦਾਰ ਯੂਨੀਅਨ ਨਾਲ ਜ਼ਿਲ੍ਹਾ ਪੱਧਰੀ ਮੀਟਿੰਗ ਦਾ ਆਯੋਜਨ ਹੋਇਆ, ਜਿਸ ਵਿੱਚ ਨੰਬਰਦਾਰਾਂ ਨੂੰ ਜ਼ਮੀਨ ਪੱਧਰ 'ਤੇ ਆ ਰਹੀਆਂ ਮੁਸ਼ਕਲਾਂ ਸਬੰਧੀ ਵਿਚਾਰ ਵਟਾਂਦਰੇ ਕੀਤੇ ਗਏ। ਐੱਸ.ਡੀ.ਐੱਮ. ਭਾਟੀਆ ਵੱਲੋਂ ਨੰਬਰਦਾਰ ਯੂਨੀਅਨ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਹਰ ਸੰਭਵ ਸਹਿਯੋਗ ਕੀਤਾ ਜਾਵੇਗਾ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਦੇ ਨਿਪਟਾਰੇ ਸਬੰਧੀ ਸਬ-ਡਵੀਜ਼ਨ ਲੁਧਿਆਣਾ (ਪੱਛਮੀ) ਅਧੀਨ ਆਉਂਦੇ ਨੰਬਰਦਾਰਾਂ ਨਾਲ ਤਿਮਾਹੀ ਮੀਟਿੰਗਾਂ ਕੀਤੀਆਂ ਜਾਣਗੀਆਂ।ਐੱਸ.ਡੀ.ਐੱਮ. ਦੀਪਕ ਭਾਟੀਆ ਨੇ ਦੱਸਿਆ ਕਿ ਨੈਸ਼ਨਲ ਹਾਈਵੇਅ ਅਥਾਰਿਟੀ ਆਫ ਇੰਡੀਆ (ਐੱਨ.ਐੱਚ.ਏ.ਆਈ.) ਵੱਲੋਂ ਦਿੱਲੀ-ਕੱਟੜਾ ਐਕਸਪ੍ਰੈੱਸ ਵੇਅ ਪ੍ਰੋਜੈਕਟ ਅਧੀਨ ਪਿੰਡ ਛਪਾਰ, ਧੂਰਕੋਟ, ਰੰਗੂਵਾਲ, ਜੁੜਾਹਾ, ਗੁੱਜਰਵਾਲ, ਲੋਹਗੜ੍ਹ, ਬੱਲੋਵਾਲ, ਕਾਲਖ ਤੇ ਕੋਟਆਗਾ ਵਿੱਚ ਐਕਵਾਇਰ ਕੀਤੇ ਰਕਬੇ ਸਬੰਧੀ ਪਾਈਆਂ ਗਈਆਂ ਊਣਤਾਈਆਂ ਬਾਰੇ ਵੀ ਕਿਸਾਨਾਂ ਨਾਲ ਰਾਬਤਾ ਕਰਨ ਲਈ ਗੱਲਬਾਤ ਕੀਤੀ ਗਈ।ਇਸ ਤੋਂ ਇਲਾਵਾ ਆਗਾਮੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਦੀਆਂ ਚੋਣਾਂ ਦੇ ਮੱਦੇਨਜ਼ਰ ਵੋਟਾਂ ਬਣਾਉਣ ਲਈ ਸ਼ਹਿਰੀ ਖੇਤਰ ਦੇ ਵਾਰਡਾਂ ਵਿੱਚ ਲੋਕਾਂ ਨੂੰ ਜਾਗਰੂਕ ਕਰਨ ਤੇ ਉਤਸ਼ਾਹਤ ਕਰਨ ਬਾਰੇ ਵੀ ਚਰਚਾ ਕੀਤੀ ਗਈ।ਉਨ੍ਹਾਂ ਯੋਗ ਵੋਟਰਾਂ ਨੂੰ ਵੀ ਅਪੀਲ ਕੀਤੀ ਕਿ ਉਹ 16 ਸਤੰਬਰ ਤੋਂ ਪਹਿਲਾਂ-ਪਹਿਲਾਂ ਆਪਣੀ ਵੋਟ ਜ਼ਰੂਰ ਬਣਵਾ ਲੈਣ।ਇਸ ਮੌਕੇ ਨੰਬਰਦਾਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ, ਤਹਿਸੀਲ ਪ੍ਰਧਾਨ ਲੁਧਿਆਣ (ਕੇਂਦਰੀ/ਪੱਛਮੀ) ਰਜਿੰਦਰ ਸਿੰਘ ਗਿੱਲ ਮੌਜੂਦ ਸਨ।

# ਸਾਂਝਾ ਅਧਿਆਪਕ ਮੋਰਚਾ ਦਾ ਵਫਦ 11 ਨੂੰ ਸਿੱਖਿਆ ਮੰਤਰੀ ਨੂੰ ਦੇਵੇਗਾ ਰੋਸ ਪੱਤਰ

## * ਪ੍ਰਮੋਸ਼ਨਾਂ ਸਮੇਤ ਅਧਿਆਪਕ ਮੰਗਾਂ ਦੀ ਅਣਦੇਖੀ ਕਰਨ ਦਾ ਦੋਸ਼



**ਮਹਿਤਪੁਰ (ਰਾਜਾ)**- ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਕਨਵੀਨਰਾਂ ਅਤੇ ਕੋ-ਕਨਵੀਨਰਾਂ ਦੀ ਵਰਚੁਅਲ ਮੀਟਿੰਗ ਸੂਬਾ ਕਨਵੀਨਰ ਸੁਰਿੰਦਰ ਕੁਮਾਰ ਪੁਆਰੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਸੁਖਵਿੰਦਰ ਸਿੰਘ ਚਾਹਲ, ਬਾਜ ਸਿੰਘ ਖਹਿਰਾ, ਸੁਰਿੰਦਰ ਕੰਬੋਜ, ਹਰਵਿੰਦਰ ਸਿੰਘ ਬਿਲਗਾ, ਬਲਜੀਤ ਸਿੰਘ ਸਲਾਣਾ, ਸੁਖਜਿੰਦਰ ਸਿੰਘ ਹਰੀਕਾ, ਅਮਨਬੀਰ ਸਿੰਘ ਗੋਰਾਇਆ, ਸੁਖਰਾਜ ਸਿੰਘ ਕਾਹਲੋਂ, ਜਸਵਿੰਦਰ ਸਿੰਘ ਔਲਖ, ਗੁਰਜੰਟ ਸਿੰਘ ਵਾਲੀਆ, ਗੁਰਬਿੰਦਰ ਸਿੰਘ ਸਸਕੌਰ, ਨਵਪ੍ਰੀਤ ਬੱਲੀ, ਸ਼ਮਸ਼ੇਰ ਸਿੰਘ ਬੰਗਾ ਆਦਿ ਆਗੂ ਸ਼ਾਮਲ ਸਨ। ਇਸ ਸਬੰਧੀ ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਆਗੂਆਂ ਨੇ ਦੱਸਿਆ ਕਿ ਸਿੱਖਿਆ ਤੇ ਸਿਹਤ ਵਿਭਾਗ ਵਿੱਚ ਇਨਕਲਾਬੀ ਸੁਧਾਰ ਕਰਨ ਦੇ ਨਾਂ 'ਤੇ ਬਣੀ ਪੰਜਾਬ ਸਰਕਾਰ ਵੱਲੋਂ ਸਕੂਲ ਮੁਖੀਆਂ ਸਮੇਤ ਹਜ਼ਾਰਾਂ ਖਾਲੀ ਪੋਸਟਾਂ ਭਰਨ ਦੀ ਬਜਾਏ ਪ੍ਰਮੋਸ਼ਨਾਂ 'ਤੇ ਰੋਕ ਲਗਾ ਦਿੱਤੀ ਹੈ। ਜਦੋਂ ਕਿ ਪਿਛਲੇ ਕਈ ਸਾਲਾਂ ਤੋਂ ਪ੍ਰਮੋਸ਼ਨਾਂ ਲਟਕਣ ਅਤੇ ਪੂਰੀ ਭਰਤੀ ਨਾ ਹੋਣ ਕਾਰਨ ਪੰਜਾਬ ਦੇ ਲੱਖਾਂ ਵਿਦਿਆਰਥੀਆਂ ਨਾਲ ਬੇਇਨਸਾਫੀ ਕੀਤੀ ਜਾ ਰਹੀ ਹੈ। 2018 ਵਿੱਚ ਬਣਾਏ ਗਏ ਅਧਿਆਪਕ ਵਿਰੋਧੀ ਨਿਯਮ ਇਸ ਸਰਕਾਰ ਦੇ ਤੀਜੇ ਸਾਲ ਵਿੱਚ ਵੀ ਵਾਪਸ ਨਹੀਂ ਲਏ ਗਏ। ਪੰਜਾਬ ਦੀ ਸਿੱਖਿਆ ਨੀਤੀ ਜਾਰੀ ਨਹੀਂ ਕੀਤੀ ਗਈ ਜਦੋਂ ਕਿ ਇਸ ਸਬੰਧੀ ਸਿੱਖਿਆ ਮੰਤਰੀਆਂ ਅਤੇ ਉੱਚ ਸਿੱਖਿਆ ਅਧਿਕਾਰੀਆਂ ਨਾਲ ਮੋਰਚੇ ਦੀਆਂ ਹੋਈਆਂ ਮੀਟਿੰਗਾਂ ਵਿੱਚ ਫੈਸਲਾ ਲਿਆ ਗਿਆ ਸੀ। ਇਸੇ ਤਰ੍ਹਾਂ ਅਧਿਆਪਕਾਂ ਦੇ ਭਖਦੇ ਮਸਲਿਆਂ ਸਬੰਧੀ ਲਏ ਗਏ ਫੈਸਲੇ ਲਾਗੂ ਨਹੀਂ ਕੀਤੇ ਗਏ। ਇਥੋਂ ਤੱਕ ਕਿ ਸਰਕਾਰ ਸੀਨੀਅਰ ਲੈਬੋਰਟਰੀ ਅਟੈਂਡੈਂਟ ਦੀ ਪੋਸਟ ਦਾ ਨਾਂ ਬਦਲਣ ਸਬੰਧੀ ਇਕ ਪੱਤਰ ਦੋ ਸਾਲ ਵਿੱਚ ਵੀ ਜਾਰੀ ਨਹੀਂ ਕਰ ਸਕੀ।ਮੀਟਿੰਗ ਵਿੱਚ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਪਰਮੋਸ਼ਨਾਂ ਅਤੇ ਅਧਿਆਪਕਾਂ ਦੇ ਚਿਰਾਂ ਤੋਂ ਲਟਕਦੇ ਮਹੱਤਵਪੂਰਨ ਮਸਲਿਆਂ ਸਬੰਧੀ ਸਾਂਝੇ ਅਧਿਆਪਕ ਮੋਰਚੇ ਦਾ ਵਫਦ 11 ਅਗਸਤ ਨੂੰ ਵੱਡਾ ਡੈਪੂਟੇਸ਼ਨ ਸਿੱਖਿਆ ਮੰਤਰੀ ਨੂੰ ਰੋਸ ਪੱਤਰ ਦੇਵੇਗਾ। ਇਸ ਉਪਰੰਤ ਆਉਣ ਵਾਲੀਆਂ ਜ਼ਿਮਨੀ ਚੋਣਾਂ ਸਮੇਂ ਵੱਡੇ ਪ੍ਰਦਰਸ਼ਨ ਉਲੀਕੇ ਜਾਣਗੇ।ਉਕਤ ਜਾਣਕਾਰੀ ਨਵਪ੍ਰੀਤ ਬੱਲੀ ਨੇ ਸਾਂਝੀ ਕੀਤੀ।

# 9 ਅਗਸਤ ਕਾਰਪੋਰੇਟੋ ਭਾਰਤ ਛੱਡੋ ਦਿਵਸ ਦੇ ਤੌਰ 'ਤੇ ਮਨਾਇਆ ਜਾਵੇਗਾ : ਡਾ: ਅਜਨਾਲਾ. ਸੰਧੂ



**ਜਲੰਧਰ- (ਨ ਜ਼ ਸ)**- ਜਮਹੂਰੀ ਕਿਸਾਨ ਸਭਾ ਪੰਜਾਬ ਦੀ ਸੂਬਾਈ ਮੀਟਿੰਗ ਸਭਾ ਦੇ ਸੂਬਾ ਦਫ਼ਤਰ ਸ਼ਹੀਦ ਸਰਵਣ ਸਿੰਘ ਚੀਮਾ ਭਵਨ ਗੜ੍ਹਾ, ਜਲੰਧਰ ਵਿਖੇ ਡਾਕਟਰ ਸਤਨਾਮ ਸਿੰਘ ਅਜਨਾਲਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਸਭਾ ਦੇ ਜਨਰਲ ਸਕੱਤਰ ਕੁਲਵੰਤ ਸਿੰਘ ਸੰਧੂ ਨੇ ਆਖਿਆ ਕਿ ਪਿਛਲੇ ਦਿਨੀਂ ਪੇਸ਼ ਕੀਤੇ ਕੇਂਦਰੀ ਬਜਟ ਵਿੱਚ ਖੇਤੀ ਸੈਕਟਰ ਨੂੰ ਬਿਲਕੁੱਲ ਹੀ ਅਣਗੌਲਿਆ ਕੀਤਾ ਗਿਆ ਹੈ। ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਵੀ ਖੇਤੀ ਬਜਟ ਵਿੱਚ ਕਟੌਤੀ ਕੀਤੀ ਗਈ ਹੈ। ਜਦੋਂ ਕਿ ਕਾਰਪੋਰੇਟਾਂ ਵੱਲੋਂ ਖੇਤੀ ਵਿੱਚ ਦਖਲ ਵੱਧ ਦਿੱਤਾ ਜਾ ਰਿਹਾ ਹੈ, ਜਿਸ ਨਾਲ ਉਨ੍ਹਾਂ ਦਾ ਮੁਨਾਫ਼ਾ ਤਾਂ ਵਧ ਰਿਹਾ ਹੈ ਪਰ ਦੇਸ਼ ਦੇ ਕਿਸਾਨ ਵਿਹਲੇ ਹੋ ਰਹੇ ਹਨ, ਜਿਸ ਨਾਲ ਬੇਰੁਜ਼ਗਾਰੀ ਵਧੀ ਹੈ। ਉਨ੍ਹਾਂ ਕਿਹਾ ਕਿ ਖੇਤੀ ਦੇ ਧੰਦੇ ਨੂੰ ਬਚਾਉਣ ਲਈ ਸੰਯੁਕਤ ਕਿਸਾਨ ਮੋਰਚੇ ਨੇ ਜੋ ਐਕਸ਼ਨ ਉਲੀਕੇ ਹਨ, ਉਨ੍ਹਾਂ ਦੀ ਤਿਆਰੀ ਜ਼ੋਰ ਸ਼ੋਰ ਨਾਲ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ 9 ਅਗਸਤ ਨੂੰ ਕਾਰਪੋਰੇਟੋ ਭਾਰਤ ਛੱਡੋ ਦਿਵਸ ਦੇ ਤੌਰ 'ਤੇ ਮਨਾਇਆ ਜਾਵੇਗਾ। ਇਸ ਦਿਨ ਤਹਿਸੀਲ ਪੱਧਰ ਤੇ ਕਿਸਾਨਾਂ-ਮਜ਼ਦੂਰਾਂ ਦੇ ਵੱਡੇ ਇਕੱਠ ਕਰਕੇ ਰੋਸ ਮੁਜ਼ਾਹਰੇ ਕੀਤੇ ਜਾਣਗੇ। ਸੂਬਾਈ ਜਥੇਬੰਦਕ ਸਕੱਤਰ ਰਘਵੀਰ ਸਿੰਘ ਬੈਨੀਪਾਲ ਨੇ ਦੱਸਿਆ ਕਿ 15 ਅਗਸਤ ਨੂੰ ਪੱਗੜੀ ਸੰਭਾਲ ਜੱਟਾਂ ਲਹਿਰ ਦੇ ਬਾਨੀ, ਮਹਾਨ ਦੇਸ਼ ਭਗਤ ਚਾਚਾ ਅਜੀਤ ਸਿੰਘ ਦੀ ਬਰਸੀ ਸਾਰੇ ਪੰਜਾਬ ਵਿੱਚ ਇਲਾਕਾ ਪੱਧਰੀ ਮੀਟਿੰਗਾਂ ਕਰਕੇ ਸ਼ਰਧਾ ਤੇ ਸਤਿਕਾਰ ਸਹਿਤ ਮਨਾਈ ਜਾਵੇਗੀ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਸੂਬਾਈ ਪ੍ਰੈਸ ਸਕੱਤਰ ਹਰਨੇਕ ਸਿੰਘ ਗੁੱਜਰਵਾਲ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਪੰਜਾਬ ਸਰਕਾਰ ਤੋਂ ਕਿਸਾਨਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਵਾਉਣ ਅਤੇ ਰਹਿੰਦੀਆਂ ਮੰਗਾਂ ਦੀ ਪ੍ਰਾਪਤੀ ਲਈ 17 ਅਗਸਤ ਨੂੰ ਪੰਜਾਬ ਦੇ ਮੰਤਰੀਆਂ ਦੇ ਘਰਾਂ ਅੱਗੇ ਧਰਨੇ ਲਾਏ ਜਾਣਗੇ। ਜਿਸ ਵਿੱਚ ਜਮਹੂਰੀ ਕਿਸਾਨ ਸਭਾ ਪੰਜਾਬ ਜ਼ੋਰ ਸ਼ੋਰ ਨਾਲ ਸ਼ਾਮਲ ਹੋਵੇਗੀ। ਉਨ੍ਹਾਂ ਕਿਹਾ ਕਿ 28 ਅਗਸਤ ਨੂੰ ਸਹਿਕਾਰੀ ਸੈਕਟਰ ਦੀ ਰਾਖੀ ਅਤੇ ਵੇਰਕਾ ਮਿਲਕ ਪਲਾਂਟ ਨੂੰ ਖਤਮ ਹੋਣ ਤੋਂ ਬਚਾਉਣ ਲਈ ਤਹਿਸੀਲ ਪੱਧਰ ਤੇ ਏ ਆਰ ਦੇ ਦਫ਼ਤਰਾਂ ਅੱਗੇ ਧਰਨੇ ਲਾਏ ਜਾਣਗੇ। ਸੂਬਾਈ ਖਜ਼ਾਨਚੀ ਹਰਪ੍ਰੀਤ ਸਿੰਘ ਬੁਟਾਰੀ ਨੇ ਪਿਛਲੇ ਸਮੇਂ ਦਾ ਆਮਦਨ ਤੇ ਖਰਚ ਦਾ ਹਿਸਾਬ ਪੇਸ਼ ਕੀਤਾ, ਜਿਸ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ।

# ਐੱਨ ਆਈ ਈ ਐੱਲ ਆਈ ਟੀ ਰੋਪੜ ਨੇ ਖੋਜ ਪ੍ਰੋਜੈਕਟਾਂ ਲਈ ਰਿਆਤ ਬਾਹਰਾ ਯੂਨੀਵਰਸਿਟੀ ਨਾਲ ਕੀਤਾ ਸਮਝੌਤਾ



**ਮੁਹਾਲੀ/ਕੁਰਾਲੀ (ਗੁਰਜੀਤ ਬਿੱਲਾ, ਮੋਹਨ ਅਗਰਵਾਲ)**-ਰਿਆਤ ਬਾਹਰਾ ਯੂਨੀਵਰਸਿਟੀ ਨੇ ਖੋਜ ਅਤੇ ਵਿਕਾਸ ਗਤੀਵਿਧੀਆਂ ਨੂੰ ਪੂਰਾ ਕਰਨ ਲਈ ਨੈਸ਼ਨਲ ਇੰਸਟੀਚਿਊਟ ਆਫ ਇਲੈਕਟ੍ਰੋਨਿਕਸ ਐਂਡ ਇਨਫਰਮੇਸ਼ਨ ਟੈਕਨਾਲੋਜੀ (ਐਨ ਆਈ ਈ ਐਲ ਆਈ ਟੀ) ਰੋਪੜ ਨਾਲ ਇੱਕ ਸਮਝੌਤਾ ਪੱਤਰ (ਐਮ ਓ ਯੂ) 'ਤੇ ਹਸਤਾਖਰ ਕੀਤੇ ਹਨ। ਇਸ ਸਮਝੌਤੇ ਨਾਲ ਦੋਵੇਂ ਸੰਸਥਾਵਾਂ ਹੁਣ ਸਾਂਝੇ ਖੋਜ ਪ੍ਰੋਜੈਕਟ ਸ਼ੁਰੂ ਕਰਨਗੀਆਂ।ਐਨ ਆਈ ਈ ਐਲ ਆਈ ਟੀ ਰੋਪੜ ਅਤੇ ਰਿਆਤ ਬਾਹਰਾ ਯੂਨੀਵਰਸਿਟੀ ਸਮਾਜ ਦੇ ਵਿਕਾਸ ਲਈ ਖੋਜ ਅਤੇ ਵਿਕਾਸ ਗਤੀਵਿਧੀਆਂ 'ਤੇ ਮਿਲ ਕੇ ਕੰਮ ਕਰਨਗੇ। ਖੇਤੀਬਾੜੀ ਦੀਆਂ ਲੋੜਾਂ ਅਤੇ ਉਦਯੋਗਾਂ ਲਈ ਐਡਵਾਂਸ ਇੰਟਰਨੈੱਟ ਆਫ਼ ਥਿੰਗਜ਼ ਅਤੇ ਡਾਟਾ ਵਿਗਿਆਨ ਆਧਾਰਤ ਹੱਲ ਵਿਕਸਤ ਕੀਤੇ ਜਾਣਗੇ ਅਤੇ ਅਤਿ ਆਧੁਨਿਕ ਤਕਨੀਕੀ ਹੱਲਾਂ ਦੀ ਸਪਲਾਈ ਕੀਤੀ ਜਾਵੇਗੀ।ਇਸ ਦੇ ਨਾਲ ਐਨ ਆਈ ਈ ਐਲ ਆਈ ਟੀ ਰੋਪੜ ਅਤੇ ਰਿਆਤ ਬਾਹਰਾ ਯੂਨੀਵਰਸਿਟੀ ਪੀ ਐਚ ਡੀ ਐਕਸਚੇਂਜ ਪ੍ਰੋਗਰਾਮਾਂ ਲਈ ਵੀ ਮਿਲ ਕੇ ਕੰਮ ਕਰਨਗੇ।ਇਸ ਦੌਰਾਨ ਡਾ. ਸੰਜੀਵ ਕੁਮਾਰ ਗੁਪਤਾ, ਐਗਜ਼ੀਕਿਊਟਿਵ ਡਾਇਰੈਕਟਰ, ਐਨ ਆਈ ਈ ਐਲ ਆਈ ਟੀ ਰੋਪੜ ਅਤੇ ਆਰ ਬੀ ਯੂ ਦੇ ਵਾਈਸ-ਚਾਂਸਲਰ ਡਾ: ਪਰਵਿੰਦਰ ਸਿੰਘ ਨੇ ਐਮ ਓ ਯੂ 'ਤੇ ਦਸਤਖਤ ਕੀਤੇ।ਪ੍ਰੋ. ਮਨਿੰਦਰ ਵੀ ਮੌਜੂਦ ਸਨ ।ਇਸ ਮੌਕੇ ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਇਸ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਇਹ ਸਮਝੌਤਾ ਖੇਤੀਬਾੜੀ ਅਤੇ ਉਦਯੋਗਿਕ ਖੇਤਰਾਂ ਲਈ ਖੋਜ ਅਤੇ ਵਿਕਾਸ ਪ੍ਰੋਜੈਕਟਾਂ ਲਈ ਬਹੁਤ ਲਾਹੇਵੰਦ ਸਾਬਤ ਹੋਵੇਗਾ।

# ਰਾਹਗਿਰੀ ਪ੍ਰੋਗਰਾਮ ਪ੍ਰੇਮ ਤੇ ਭਾਈਚਾਰਾ ਦੀ ਭਾਵਨਾ ਨੂੰ ਵਧਾਉਂਦਾ : ਨਾਇਬ ਸਿੰਘ ਸੈਨੀ

ਚੰਡੀਗੜ੍ਹ, (ਕ੍ਰਿਸ਼ਨ ਗਰਗ)- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਰਾਹਗਿਰੀ ਪ੍ਰੋਗਰਾਮ ਲੋਕਾਂ ਵਿਚ ਪ੍ਰੇਮ ਅਤੇ ਭਾਈਚਾਰੇ ਦੀ ਭਾਵਨਾ ਨੂੰ ਪ੍ਰੋਤਸਾਹਨ ਦੇਣ ਦੇ ਨਾਲ-ਨਾਲ ਬੱਚਿਆਂ ਨੂੰ ਵੱਖ-ਵੱਖ ਗਤੀਵਿਧੀਆਂ ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਦੇ ਲਈ ਇਕ ਮੰਚ ਪ੍ਰਦਾਨ ਕਰਦਾ ਹੈ। ਉਨ੍ਹਾਂ ਨੇ ਰਾਹਗਿਰੀ ਪ੍ਰੋਗ੍ਰਾਮ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾ ਦੇ ਪ੍ਰੋਗਰਾਮਾਂ ਨਾਲ ਸਰੀਰ ਸਿਹਤਮੰਦ ਰਹਿੰਦਾ ਹੈ, ਮਨੁੱਖ ਵਿਚ ਨਵੀਂ ਊਰਜਾ ਦਾ ਸੰਚਾਰ ਹੁੰਦਾ ਹੈ, ਜਿਸ ਨਾਲ ਵਿਕਾਸ ਨੂੰ ਗਤੀ ਮਿਲਦੀ ਹੈ। ਨਾਇਬ ਸਿੰਘ ਸੈਨੀ ਅੱਜ ਪੰਚਕੂਲਾ ਵਿਚ ਪ੍ਰਬੰਧਿਤ ਰਾਹਗਿਰੀ ਪ੍ਰੋਗਰਾਮ ਵਿਚ ਮੁੱਖ ਮਹਿਮਾਨ ਵਜੋਂ ਹਜ਼ਾਰਾਂ ਦੀ ਗਿਣਤੀ ਵਿਚ ਮੌਜੂਦ ਬੱਚਿਆਂ, ਨੌਜੁਆਨਾਂ, ਖਿਡਾਰੀਆਂ ਅਤੇ ਮਾਣਯੋਗ ਵਿਅਕਤੀਆਂ ਨੂੰ ਸੰਬੋਧਨ ਕਰ ਰਹੇ ਸਨ।ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਜ਼ਿਲ੍ਹਾ ਖੇਡ ਵਿਭਾਗ ਵੱਲੋਂ ਪ੍ਰਬੰਧਿਤ ਸਾਈਕਲ ਰੈਲੀ ਵਿਚ ਖੁਦ ਸਾਈਕਲ ਚਲਾ ਕੇ ਰਾਹਗਿਰੀ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਮੁੱਖ ਮੰਤਰੀ ਸੈਨੀ, ਹਰਿਆਣਾ ਵਿਧਾਨ ਸਭਾ ਸਪੀਕਰ ਗਿਆਨਚੰਦ ਗੁਪਤਾ ਅਤੇ ਮੇਅਰ ਕੁਲਭੂਸ਼ਣ ਗੋਇਲ ਸਾਈਕਲ ਚਲਾ ਕੇ ਪ੍ਰੋਗਰਾਮ ਦੇ ਮੁੱਖ ਦਰਵਾਜ਼ੇ ਤਕ ਪਹੁੰਚੇ, ਜਿੱਥੇ ਕਲਾਕਾਰਾਂ ਨੇ ਰਵਾਇਤੀ ਢੋਲ-ਨਗਾਰਿਆਂ ਅਤੇ ਬੀਨ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਯੱਸ਼ ਗਰਗ, ਪੁਲਸ ਡਿਪਟੀ ਕਮਿਸ਼ਨਰ ਹਿਮਾਦਰੀ ਕੌਸ਼ਿਕ ਅਤੇ ਵਿਸ਼ੇਸ਼ ਅਧਿਕਾਰੀ, ਕਮਿਊਨਿਟੀ ਪੁਲਸਿੰਗ ਅਤੇ ਆਊਟਰੀਚ ਪੰਕਜ ਨੈਨ ਵੀ ਮੌਜੂਦ ਰਹੇ। ਰਾਹਗਿਰੀ ਪ੍ਰੋਗਰਾਮ ਵਿਚ ਭਾਰੀ ਗਿਣਤੀ ਵਿਚ ਮੌਜੂਦ ਹੋਣ 'ਤੇ ਪੰਚਕੂਲਾ ਵਾਸੀਆਂ ਨੂੰ ਸ਼ੁੱਭਕਾਮਨਾਵਾਂ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਰਾਹਗਿਰੀ ਇਕ ਚੰਗਾ ਯਤਨ ਹੈ, ਜਿਸ ਵਿਚ ਵੱਡੀ ਗਿਣਤੀ ਵਿਚ ਬੱਚੇ, ਆਮ ਨਾਗਰਿਕ ਅਤੇ ਮਾਣਯੋਗ ਵਿਅਕਤੀ ਹਿੱਸਾ ਲੈਂਦੇ ਹਨ। ਮੈਨੂੰ ਖੁਸ਼ੀ ਹੈ ਕਿ ਰਾਹਗਿਰੀ ਜਿੱਥੇ ਸਮਾਜ ਵਿਚ ਪ੍ਰੇਮ ਅਤੇ ਭਾਈਚਾਰਾ ਦੀ ਭਾਵਨਾ ਨੂੰ ਵਧਾਉਂਦਾ ਹੈ, ਉੱਥੇ ਸਿਹਤਮੰਦ ਜੀਵਨਸ਼ੈਲੀ ਨੂੰ ਅਪਨਾਉਣ ਦਾ ਸੰਦੇਸ਼ ਵੀ ਦਿੰਦਾ ਹੈ।ਉਨ੍ਹਾਂ ਕਿਹਾ ਕਿ ਅੱਜ ਪ੍ਰੋਗਰਾਮ ਵਿਚ ਸਵੈ ਸਹਾਇਤਾ ਸਮੂਹ ਦੀ ਮਹਿਲਾ ਮੈਂਬਰਾਂ ਵੱਲੋਂ ਸਟਾਲ ਲਗਾ ਕੇ ਉਨ੍ਹਾਂ ਵੱਲੋਂ ਤਿਆਰ ਕੀਤੇ ਗਏ ਉਤਪਾਦਾਂ ਨੂੰ ਵੀ ਪ੍ਰਦਰਸ਼ਤ ਕੀਤਾ। ਸੈਨੀ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਰਾਜ ਵਿਚ ਵਣ ਮਿੱਤਰਾਂ ਦੀ ਨਿਯੁਕਤੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਵਣ ਮਿੱਤਰ ਨੂੰ ਇਕ ਪੌਦਾ ਲਗਾ ਕੇ ਸਰੰਖਣ ਕਰਨ 'ਤੇ ਸਰਕਾਰ ਵੱਲੋਂ 20 ਰੁਪਏ ਪ੍ਰੋਤਸਾਹਨ ਵਜੋਂ ਦਿੱਤੇ ਜਾਂਦੇ ਹਨ। ਇਸੇ ਤਰ੍ਹਾ ਐਨ ਜੀ ਓ, ਧਾਰਮਿਕ ਅਤੇ ਸਮਾਜਿਕ ਸੰਸਥਾ ਜਾਂ ਆਮ ਨਾਗਰਿਕ ਵੱਲੋਂ ਲਗਾਏ ਗਏ ਪੌਦਿਆਂ ਦਾ ਸਰੰਖਣ ਕਰਨ 'ਤੇ ਵਣ ਮਿੱਤਰ ਨੂੰ ਪ੍ਰਤੀ ਪੇੜ 10 ਰੁਪਏ ਪ੍ਰੋਤਸਾਹਨ ਸਵਰੂਪ ਦਿੱਤੇ ਜਾਂਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਹਰਿਆਣਾ ਦੀ ਬੇਟੀ ਮਨੂ ਭਾਕਰ ਅਤੇ ਬੇਟੇ ਸਰਬਜੀਤ ਸਿੰਘ ਨੇ ਪੈਰਿਸ ਵਿਚ ਚੱਲ ਰਹੇ ਓਲੰਪਿਕ ਖੇਡਾਂ ਵਿਚ ਸ਼ੂਟਿੰਗ ਮੁਕਾਬਲੇ ਵਿਚ ਮੈਡਲ 'ਤੇ ਨਿਸ਼ਾਨਾ ਲਗਾ ਕੇ ਹਰਿਆਣਾ ਦਾ ਮਾਣ ਦੇਸ਼ ਤੇ ਵਿਦੇਸ਼ ਵਿਚ ਵਧਾਇਆ ਹੈ।ਰਾਹਗਿਰੀ ਪ੍ਰੋਗਰਾਮ ਵਿਚ ਮੁੱਖ ਮੰਤਰੀ ਸੈਨੀ ਨੇ ਪੰਚਕੂਲਾ ਦੇ ਦੋ ਪ੍ਰਤਿਭਾਸ਼ਾਲੀ ਖਿਡਾਰੀਆਂ ਨੂੰ ਵੀ ਸਨਮਾਨਿਤ ਕਰ ਉਨ੍ਹਾਂ ਦਾ ਹੌਸਲਾ ਵਧਾਇਆ। ਜਤਿਨ ਬਿਸ਼ਨੋਈ ਤਾਇਕਵਾਂਡੋ ਪੈਰਾ ਵਲਡ ਚੈਂਪੀਅਨਸ਼ਿਪ 2023 ਦੇ ਗੋਲਡ ਮੈਡਲਿਸਟ ਹਨ ਜਦੋਂ ਕਿ ਅਰਣਯ ਠਾਕੁਰ ਤਾਇਕਵਾਂਡੋ ਵਲਡ ਚੈਂਪੀਅਨਸ਼ਿਪ 2022 ਵਿਚ ਸਿਲਵਰ ਮੈਡਲ ਜੇਤੂ ਹਨ। ਮੁੱਖ ਮੰਤਰੀ ਨੇ ਦੋਵਾਂ ਖਿਡਾਰੀਆਂ ਨੂੰ ਉਨ੍ਹਾਂ ਦੀ ਇਸ ਉਪਲਬਧੀ 'ਤੇ ਵਧਾਈ ਦਿੱਤੀ ਇਸ ਦੇ ਬਾਅਦ ਮੁੱਖ ਮੰਤਰੀ ਨੇ ਹਰਿਆਣਾ ਯੋਗ ਕਮਿਸ਼ਨ ਸ੍ਰੀ ਪਤੰਜਲੀ ਯੋਗ ਸਮਿਤੀ ਪੰਚਕੂਲਾ ਦੇ ਸੰਯੁਕਤ ਤੱਤਵਧਾਨ ਵਿਚ ਪ੍ਰਬੰਧਿਤ ਯੋਗ ਕੈਂਪ ਵਿਚ ਪਹੁੰਚ ਕੇ ਯੋਗ ਸਾਧਕਾਂ ਦਾ ਉਤਸ਼ਾਹ ਵਧਾਇਆ। ਮੁੱਖ ਮੰਤਰੀ ਨੇ ਰਾਹਗਿਰੀ ਵਿਚ ਵੱਖ-ਵੱਖ ਵਿਭਾਗਾਂ ਵੱਲੋਂ ਲਗਾਏ ਗਏ ਸਟਾਲਾਂ ਦਾ ਅਵਲੋਕਨ ਕੀਤਾ। ਉਨ੍ਹਾਂ ਮਹਿਲਾ ਸਵੈ ਸਹਾਇਤਾ ਸਮੂਹ ਵੱਲੋਂ ਤਿਆਰ ਕੀਤੇ ਗਏ ਉਤਪਾਦਾਂ ਵਿਚ ਡੂੰਘੀ ਦਿਲਚਸਪੀ ਦਿਖਾਉਂਦੇ ਹੋਏ ਵੱਖ-ਵੱਖ ਉਤਪਾਦਾਂ ਬਾਰੇ ਵਿਚ ਜਾਣਕਾਰੀ ਹਾਸਲ ਕੀਤੀ। ਮੁੱਖ ਮੰਤਰੀ ਨੇ ਰਾਹਗਿਰੀ ਦੌਰਾਨ ਬਾਕਸਿੰਗ, ਫੁੱਟਬਾਲ, ਫੇਂਸਿੰਗ, ਹਾਕੀ, ਗਤਕਾ, ਥਾਂਗਤਾ, ਬਾਸਕਿਟਬਾਲ, ਵਾਲੀਬਾਲ, ਜੂਡੋ, ਕੁਸ਼ਤੀ, ਕਬੱਡੀ, ਤਾਇਕਵਾਂਡੋ, ਵੁਸ਼ੂ, ਘੁੜਸਵਾਰੀ ਅਤੇ ਹੋਰ ਪ੍ਰਬੰਧਿਤ ਖੇਡ ਗਤੀਵਿਧੀਆਂ ਵਿਚ ਖਿਡਾਰੀਆਂ ਦੇ ਵਿਚ ਪਹੁੰਚ ਕੇ ਉਨ੍ਹਾਂ ਦਾ ਹੌਸਲਾ ਵਧਾਇਆ।

# ਐਸੋਸੀਏਸ਼ਨ ਆਫ਼ ਇੰਟੀਗ੍ਰੇਟਿਡ ਮੈਡੀਕਲ ਲੈਬੋਰੇਟਰੀ ਦੀ ਵਿਸ਼ੇਸ਼ ਮੀਟਿੰਗ



**ਕਾਲਾ ਸੰਘਿਆਂ, (ਮਨਜੀਤ ਮਾਨ)**- ਐਸੋਸੀਏਸ਼ਨ ਆਫ਼ ਇੰਟੀਗ੍ਰੇਟਿਡ ਮੈਡੀਕਲ ਲੈਬਰੋਟਰੀ ਪ੍ਰੋਫੈਸ਼ਨਲ (ਏ ਆਈ ਐਮ ਐਲ ਪੀ) ਲੈਬਰੋਟਰੀ ਐਸੋਸੀਏਸ਼ਨ ਦੀ ਵਿਸ਼ੇਸ਼ ਮੀਟਿੰਗ ਕਪੂਰਥਲਾ ਦੇ ਨਿੱਜੀ ਹੋਟਲ ਵਿੱਚ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਅਤੇ ਸੀਨੀਅਰ ਆਗੂ ਟਹਿਲ ਸਿੰਘ ਅਤੇ ਸੂਬਾ ਕੈਸ਼ੀਅਰ ਅੰਕਿਤ ਯਾਦਵ ਦੀ ਅਗਵਾਈ ਵਿੱਚ ਕੀਤੀ ਗਈ। ਹਾਜ਼ਰ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਸੂਬਾ ਕੈਸ਼ੀਅਰ ਅੰਕਿਤ ਯਾਦਵ ਅਤੇ ਟਹਿਲ ਸਿੰਘ ਨੇ ਸੂਬੇ ਵਿੱਚ ਜਥੇਬੰਦੀ ਦੀਆਂ ਚਲ ਰਹੀਆਂ ਸਰਗਰਮ ਗਤੀਵਿਧੀਆਂ ਬਾਰੇ ਜਾਣੂ ਕਰਵਾਉਂਦਿਆਂ ਕਿਹਾ ਕਿ ਜਥੇਬੰਦੀ ਦੇ ਆਗੂ ਜਥੇਬੰਦੀ ਦੀਆਂ ਵੱਖ ਵੱਖ ਮੰਗਾਂ ਨੂੰ ਲੈ ਕੇ ਹਮਖਿਆਲੀ ਜਥੇਬੰਦੀਆਂ ਨਾਲ ਮਿਲ ਕੇ ਲਗਾਤਾਰ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਦੇ ਸੰਬੰਧਤ ਅਫਸਰਾਂ ਨਾਲ ਗੱਲਬਾਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਲੈਬੋਰੇਟਰੀ ਭਾਈਚਾਰੇ ਨਾਲ ਮੀਟਿੰਗਾਂ ਕਰਕੇ ਜਥੇਬੰਦੀ ਦੇ ਮੈਂਬਰਸ਼ਿਪ ਫ਼ਾਰਮ ਭਰੇ ਜਾ ਰਹੇ ਹਨ।ਜਥੇਬੰਦੀ ਵੱਲੋਂ ਲੈਬੋਰੇਟਰੀ ਭਾਈਚਾਰੇ ਦੀ ਭਲਾਈ ਲਈ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਨੂੰ ਵੇਖ ਸੁਲਤਾਨਪੁਰ ਲੋਧੀ ਤੋਂ ਸੀਨੀਅਰ ਲੈਬ ਟੈਕਨੀਸ਼ੀਅਨ ਤੇ ਵੱਖ ਵੱਖ ਲੈਬੋਰਟਰੀਆਂ ਦੇ ਮਾਲਕ ਸਰਬਣ ਸਿੰਘ ਜੋਸ਼ੀ ਲੈਬ, ਜਗਦੇਵ ਸਿੰਘ, ਕੁਲਦੀਪ ਸਿੰਘ, ਕੁਲਵੰਤ ਸਿੰਘ ਰਾਘਵਨ, ਪੰਕਜ ਸੇਠੀ, ਗੁਰਪ੍ਰੀਤ ਸਿੰਘ, ਹਰਦੀਪ ਸਿੰਘ, ਗੁਲਵੀਤ ਸਿੰਘ ਹਾਂਡਾ, ਸੰਦੀਪ ਸਿੰਘ, ਰਾਕੇਸ਼ ਕੁਮਾਰ ਆਦਿ ਏ ਆਈ ਐਮ ਐਲ ਪੀ ਜਥੇਬੰਦੀ ਵਿੱਚ ਸ਼ਾਮਲ ਹੋਏ। ਸ਼ਾਮਲ ਹੋਣ ਵਾਲੇ ਸਾਰੇ ਮੈਂਬਰਾਂ ਨੇ ਕਿਹਾ ਕਿ ਇਹ ਜਥੇਬੰਦੀ ਸਾਰੇ ਪੰਜਾਬ ਵਿੱਚ ਲੈਬੋਰੇਟਰੀ ਭਾਈਚਾਰੇ ਦੀ ਭਲਾਈ ਅਤੇ ਹੱਕਾਂ ਲਈ ਕੰਮ ਕਰ ਰਹੀ ਹੈ ਅਤੇ ਕੇਂਦਰ ਤੇ ਸੂਬਾ ਸਰਕਾਰ ਤੋਂ ਲੈਬੋਟਰੀ ਭਾਈਚਾਰੇ ਦੀਆਂ ਵੱਖ ਵੱਖ ਮੰਗਾਂ ਨੂੰ ਲਾਗੂ ਕਰਵਾਉਣ ਲਈ ਲਗਾਤਾਰ ਕੀਤੇ ਜਾ ਰਹੇ ਯਤਨਾਂ ਨੂੰ ਵੇਖਦਿਆਂ ਅਸੀਂ ਜਥੇਬੰਦੀ ਵਿੱਚ ਸ਼ਾਮਲ ਹੋਏ ਹਾਂ ਅਤੇ ਅਸੀਂ ਬਿਨਾਂ ਕਿਸੇ ਸ਼ਰਤ ਹਰ ਪੱਖੋਂ ਏ ਆਈ ਐਮ ਐਲ ਪੀ ਜਥੇਬੰਦੀ ਨਾਲ ਪੂਰਨ ਸਹਿਯੋਗ ਕਰਾਂਗੇ। ਇਸ ਮੌਕੇ ਸੀਨੀਅਰ ਆਗੂ ਸੁਰਜੀਤ ਸਹੋਤਾ, ਗੁਰਿੰਦਰ ਸਿੰਘ ਜੱਸਲ, ਬਲਵਿੰਦਰ ਸਿੰਘ ਫੱਤੂ ਢੀਂਗਾ, ਸੁਖਵਿੰਦਰ ਸਿੰਘ ਸਿੱਧੂ, ਗਰੀਸ਼ ਕੁਮਾਰ, ਗੋਕਲ ਕੁਮਾਰ ਆਦਿ ਹਾਜ਼ਰ ਸਨ।

# ਅਲਾਇੰਸ ਕਲੱਬ ਗ੍ਰੇਟਰ ਨੇ ਭਾਰਤ ਇਨਕਲੇਵ ਪਿਪਲਾਂਵਾਲਾ ਵਿਖੇ ਬੂਟੇ ਲਗਾਏ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**— ਅਲਾਇੰਸ ਕਲੱਬ ਹੁਸ਼ਿਆਰਪੁਰ ਗ੍ਰੇਟਰ ਵੱਲੋਂ ਹਰਿਆਲੀ ਮੱਸਿਆ ਦੇ ਮੌਕੇ 'ਤੇ ਵਾਤਾਵਰਣ ਦੀ ਸੰਭਾਲ ਨੂੰ ਧਿਆਨ ਵਿੱਚ ਰੱਖਦੇ ਹੋਏ ਭਾਰਤ ਇਨਕਲੇਵ ਪਿਪਲਾਂਵਾਲਾ ਵਿਖੇ ਬੂਟੇ ਲਗਾਏ ਗਏ। ਇਸ ਮੌਕੇ ਐਲੀ ਰਮੇਸ਼ ਕੁਮਾਰ ਅਤੇ ਐਲੀ ਅਸ਼ੋਕ ਪੁਰੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਸ ਪ੍ਰੋਜੈਕਟ ਦੇ ਚੇਅਰਮੈਨ ਐਲੀ ਸੋਮੇਸ਼ ਕੁਮਾਰ ਸਨ। ਇਸ ਮੌਕੇ ਅੰਬ ਅਤੇ ਨਿੰਮ ਦੇ ਬੂਟੇ ਲਗਾਏ ਗਏ ਅਤੇ ਮੁਹੱਲਾ ਭਾਰਤ ਇਨਕਲੇਵ ਦੇ ਵਿਕਰਮ ਸਿੰਘ, ਰਮੇਸ਼ ਕੁਮਾਰ, ਸੋਨੂੰ, ਸੁਰਿੰਦਰ ਅਤੇ ਰੋਹਿਤ ਨੇ ਬੂਟਿਆਂ ਦੀ ਦੇਖਭਾਲ ਕਰਨ ਦਾ ਸੰਕਲਪ ਲਿਆ। ਇਸ ਮੌਕੇ ਐਲੀ ਅਸ਼ੋਕ ਪੁਰੀ ਨੇ ਕਿਹਾ ਕਿ ਹਿੰਦੂ ਸੰਸਕ੍ਰਿਤੀ ਵਿੱਚ ਸਾਵਨ ਮਹੀਨੇ ਦੀ ਮੱਸਿਆ ਨੂੰ ਹਰਿਆਲੀ ਮੱਸਿਆ ਵਜੋਂ ਮਨਾਇਆ ਜਾਂਦਾ ਹੈ, ਇਸ ਲਈ ਆਪਣੀਆਂ ਰਵਾਇਤਾਂ ਨੂੰ ਜਿਉਂਦਾ ਰੱਖਣ ਲਈ ਸਾਰੇ ਭਾਰਤੀਆਂ ਨੂੰ ਹਰਿਆਲੀ ਮੱਸਿਆ 'ਤੇ ਬੂਟੇ ਲਗਾਉਣੇ ਚਾਹੀਦੇ ਹਨ। ਉਨ੍ਹਾਂ ਸਾਰੀਆਂ ਸਮਾਜ ਸੇਵੀ ਜੱਥੇਬੰਦੀਆਂ ਨੂੰ ਇਸ ਕੰਮ ਲਈ ਅੱਗੇ ਆਉਣ ਦੀ ਅਪੀਲ ਕਰਦਿਆਂ ਕਿਹਾ ਕਿ ਬੂਟੇ ਲਗਾਉਣ ਤੋਂ ਬਾਅਦ ਉਨ੍ਹਾਂ ਦੀ ਦੇਖਭਾਲ ਵੀ ਕੀਤੀ ਜਾਵੇ ਤਾਂ ਜੋ ਪੌਦੇ ਵੱਡੇ ਹੋ ਕੇ ਸਾਨੂੰ ਸ਼ੁੱਧ ਵਾਤਾਵਰਣ, ਫਲ ਅਤੇ ਫੁੱਲ ਮੁਹੱਈਆ ਕਰਵਾ ਸਕਣ।

# ਆਪ ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਅਣਗੌਲਿਆਂ ਕੀਤਾ ਜਾ ਰਿਹੈ : ਆਗੂ



**ਕਾਲਾ ਸੰਘਿਆਂ (ਮਨਜੀਤ ਮਾਨ)** ਪੈਨਸ਼ਨਰਜ਼ ਐਸੋਸੀਏਸ਼ਨ ਸ਼ਹਿਰੀ ਮੰਡਲ, ਕਪੂਰਥਲਾ ਦੀ ਮੀਟਿੰਗ ਮੰਡਲ ਪ੍ਰਧਾਨ ਰੇਸ਼ਮ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਬਲਦੇਵ ਰਾਜ ਮੰਡਲ ਸਕੱਤਰ, ਗੱਜਣ ਸਿੰਘ, ਸੀਨੀ: ਮੀਤ ਪ੍ਰਧਾਨ, ਅਮਰਦੀਪ ਸਿੰਘ, ਬਲਵਿੰਦਰ ਸਿੰਘ ਕੰਗ, ਮੁਖਤਾਰ ਸਿੰਘ ਸੁਪਰਡੈਂਟ, ਬਲਦੇਵ ਸਿੰਘ ਐਮ ਸੀ ਤੇ ਸੁਰਜੀਤ ਸਿੰਘ ਟੁਰਨਾ ਆਦਿ ਨੇ ਪੰਜਾਬ ਸਰਕਾਰ ਵਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਅਣਗੌਲਿਆਂ ਕਰਨ ਅਤੇ ਮੀਟਿੰਗਾਂ ਦਾ ਸਮਾਂ ਦੇ ਕੇ ਵਾਰ-ਵਾਰ ਮੀਟਿੰਗਾਂ ਰੱਦ ਕਰਨ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪਿਆਰਾ ਸਿੰਘ ਚੰਦੀ, ਸਰਕਲ ਸਕੱਤਰ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਵਿਧਾਨ ਸਭਾ ਪੱਛਮੀ ਹਲਕਾ, ਜਲੰਧਰ ਦੀ ਜ਼ਿਮਨੀ ਚੋਣ ਤੋਂ ਪਹਿਲਾਂ 1 ਜੁਲਾਈ ਦੀ ਮੀਟਿੰਗ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ 7 ਲੱਖ ਦੇ ਕਰੀਬ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਵਾਅਦਾ ਕੀਤਾ ਸੀ ਕਿ 25 ਜੁਲਾਈ ਨੂੰ ਮੀਟਿੰਗ ਕਰਕੇ ਉਨ੍ਹਾਂ ਦੀਆਂ ਮੰਗਾਂ ਨੂੰ ਲਾਗੂ ਕੀਤਾ ਜਾਵੇਗਾ। ਪਰ ਬੜੇ ਹੀ ਅਫ਼ਸੋਸ ਵਾਲੀ ਗੱਲ ਹੈ ਕਿ ਪੰਜਾਬ ਸਰਕਾਰ ਵਲੋਂ 25 ਜੁਲਾਈ ਦੀ ਹੋਣ ਵਾਲੀ ਮੀਟਿੰਗ ਇਕ ਦਿਨ ਪਹਿਲਾਂ ਰੱਦ ਕਰ ਦਿੱਤੀ ਅਤੇ ਇਸੇ ਹੀ ਤਰ੍ਹਾਂ ਬਾਅਦ ਵਿੱਚ 2 ਅਗਸਤ ਨੂੰ ਸਾਂਝੇ ਫਰੰਟ ਨਾਲ ਹੋਣ ਵਾਲੀ ਮੀਟਿੰਗ ਐਨ ਮੌਕੇ ਤੋਂ ਕੁਝ ਘੰਟੇ ਪਹਿਲਾਂ ਪੰਜਾਬ ਸਰਕਾਰ ਨੇ ਰੱਦ ਕਰ ਦਿੱਤੀ। ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝੇ ਫਰੰਟ ਨੂੰ ਦਿੱਤੀਆਂ ਗਈਆਂ ਮੀਟਿੰਗਾਂ ਨੂੰ ਵਾਰ-ਵਾਰ ਰੱਦ ਕਰਨ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਸਲੇ ਹੱਲ ਕਰਨ ਲਈ ਬਿਲਕੁਲ ਹੀ ਸੰਜੀਦਾ ਨਹੀਂ, ਕੇਵਲ ਲਾਰੇ-ਲੱਪੇ ਲਾ ਕੇ ਡੰਗ ਟਪਾਉਣਾ ਚਾਹੁੰਦੀ ਹੈ। ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿੱਚ ਇਸ ਪ੍ਰਤੀ ਬਹੁਤ ਹੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪੰਜਾਬ ਸਰਕਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਵਿਸ਼ਵਾਸ ਗਵਾ ਚੁੱਕੀ ਹੈ। ਮੀਟਿੰਗ ਵਿੱਚ ਹਾਜ਼ਰ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੁੱਖ ਮੰਗਾਂ ਤੁਰੰਤ ਲਾਗੂ ਕੀਤੀਆਂ ਜਾਣ ਜਿਵੇਂ ਕਿ ਡੀ ਏ ਦੀਆਂ ਬਕਾਇਆ ਕਿਸ਼ਤਾਂ ਦੀ ਰਕਮ 12% ਰਲੀਜ਼ ਕੀਤੀ ਜਾਵੇ, ਪੈਨਸ਼ਨਰਾਂ ਨੂੰ 2-59% ਦਾ ਫੈਕਟਰ ਦਿੱਤਾ ਜਾਵੇ ਅਤੇ 1 ਜਨਵਰੀ 2016 ਤੋਂ 30 ਜੂਨ 2021 ਤੱਕ ਦੀ ਬਕਾਇਆ ਰਕਮ ਪੈਨਸ਼ਨਰਾਂ ਨੂੰ ਇਕਮੁਸ਼ਤ ਦਿੱਤੀ ਜਾਵੇ ਅਤੇ ਬਾਕੀ ਦੀਆਂ ਮੰਗਾਂ ਦਾ ਨਿਪਟਾਰਾ ਤੁਰੰਤ ਮੀਟਿੰਗ ਦੇ ਕੇ ਆਪਸੀ ਗੱਲਬਾਤ ਰਾਹੀਂ ਲਈ ਕੀਤਾ ਜਾਵੇ। ਜੇਕਰ ਪੰਜਾਬ ਸਰਕਾਰ ਨੇ ਅਜਿਹਾ ਨਾ ਕੀਤਾ ਤਾਂ ਮੁਲਾਜ਼ਮ ਅਤੇ ਪੈਨਸ਼ਨਰਜ਼ ਪੰਜਾਬ ਸਰਕਾਰ ਦੇ ਵਿਰੁੱਧ ਤਿੱਖਾ ਸੰਘਰਸ਼ ਵਿੱਢਣ ਲਈ ਮਜਬੂਰ ਹੋਣਗੇ, ਮੀਟਿੰਗ ਵਿੱਚ ਸੂਰਤ ਸਿੰਘ, ਬਲਜੀਤ ਸਿੰਘ, ਰੇਸ਼ਮ ਸਿੰਘ ਤੂਤਾਂਵਾਲਾ ਅਤੇ ਕਰਮ ਸਿੰਘ ਟੁਰਨਾ ਆਦਿ ਵੀ ਸ਼ਾਮਲ ਸਨ।

# ਅਜੇ ਭ੍ਰਿਸ਼ਟਾਚਾਰ ਖਤਮ ਨਹੀਂ ਹੋਇਆ, ਚੰਦ ਪੈਸਿਆਂ ਪਿੱਛੇ ਹੋ ਜਾਂਦੀ ਮਾੜੀ ਨੀਅਤ



**ਅੱਪਰਾ (ਨਿਰਮਲ ਗੁੜਾ)**-ਮਾਣਯੋਗ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਆਪ ਦੀ ਸਰਕਾਰ ਬਣਨ ਉਪਰੰਤ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਦੇ ਮਕਸਦ ਨਾਲ ਪ੍ਰਸ਼ਾਸਨ ਨੂੰ ਸਖਤ ਹਦਾਇਤਾਂ ਕੀਤੀਆਂ ਸਨ ਤਾਂ ਕਿ ਭ੍ਰਿਸ਼ਟਾਚਾਰ ਮੁਕਤ ਅਤੇ ਰੰਗਲਾ ਪੰਜਾਬ ਸਿਰਜ ਸਕੇ, ਪਰ ਕੁਝ ਕੁ ਕਾਲੀਆਂ ਭੇਡਾਂ ਜੋ ਪੂਰੇ ਪੁਲਸ ਪ੍ਰਸ਼ਾਸਨ ਬਦਨਾਮ ਕਰਨ ਤੋਂ ਗੁਰੇਜ਼ ਨਹੀਂ ਕਰਦੀਆਂ। ਕੁਝ ਇਸ ਤਰ੍ਹਾਂ ਦਾ ਤਾਜ਼ਾ ਮਾਮਲਾ ਸਾਹਮਣੇ ਆਇਆ ਹੈ ਕਿ ਇਕ ਚੌਕੀ ਇੰਚਾਰਜ ਵਲੋਂ ਆਮ ਲੋਕਾਂ ਨੂੰ ਇਨਸਾਫ ਦੇਣ ਦੀ ਥਾਂ ਖੱਜਲ ਖੁਆਰ ਕੀਤਾ ਜਾ ਰਿਹਾ ਹੈ।ਪੀੜਤ ਹਰਜਿੰਦਰ ਕੁਮਾਰ ਉਰਫ ਜਿੰਦੀ ਪੇਂਟਰ ਪੁੱਤਰ ਸਵਰਗੀ ਨਾਜਰ ਰਾਮ ਵਾਸੀ ਪਿੰਡ ਵਿਰਕ ਨੇ ਦੱਸਿਆ ਕਿ ਕਰੀਬ ਦੋ ਸਾਲ ਪਹਿਲਾਂ ਆਪਣੇ ਪਿੰਡ ਦੀ ਲੜਕੀ ਜੋ ਕਿ ਪਿੰਡ ਕੋਟਗਰੇਵਾਲ ਵਿਆਹੀ ਹੋਈ ਹੈ, ਜਿਸ ਨੇ ਕਰੀਬ ਦੋ ਸਾਲ ਪਹਿਲਾਂ 7000 ਰੁਪਏ ਉਧਾਰੇ ਲਏ ਸਨ, ਥੋੜ੍ਹੇ ਥੋੜ੍ਹੇ ਕਰਕੇ 5000 ਵਾਪਸ ਕਰ ਦਿੱਤਾ। ਆਖਰ 2000 ਪਿੱਛੇ ਝਗੜਾ ਹੋ ਗਿਆ।ਇਸ ਸੰਬੰਧੀ 15 ਅਪ੍ਰੈਲ ਨੂੰ ਪੁਲਸ ਚੌਕੀ ਦੁਸਾਂਝ ਕਲਾਂ ਵਿਖੇ ਲਿਖਤੀ ਦਰਖਾਸਤ ਦਿੱਤੀ ਜਿਸ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ।ਇਨਸਾਫ ਨਾ ਮਿਲਣ 'ਤੇ 20 ਮਈ ਨੂੰ ਮੁੱਖ ਮੰਤਰੀ ਦੇ ਨਾਂਅ ਅਤੇ ਡੀ ਜੀ ਪੀ ਪੰਜਾਬ ਪੁਲਸ ਨੂੰ ਲਿਖਤੀ ਸ਼ਿਕਾਇਤ ਕੀਤੀ ਗਈ, ਫਿਰ 3 ਜੁਲਾਈ ਨੂੰ ਥਾਣਾ ਗੁਰਾਇਆ ਵਿਖੇ ਦਰਖਾਸਤ ਦਿਤੀ, ਜੋ ਮੁੜ ਪੁਲਸ ਚੌਕੀ ਦੁਸਾਂਝ ਕਲਾਂ ਵਿਖੇ ਮਾਰਕ ਹੋ ਕੇ ਆਈ ਅਤੇ ਚੌਕੀ ਇੰਚਾਰਜ ਏ ਐਸ ਆਈ ਉਮੇਸ਼ ਕੁਮਾਰ ਨੇ ਦੋਵੇਂ ਧਿਰਾਂ ਨੂੰ ਬੁਲਾਇਆ, ਜਿਸ ਦੌਰਾਨ ਉਸ ਔਰਤ ਨੇ ਮੰਨਿਆ ਕਿ 10 ਦਿਨ ਵਿੱਚ ਪੈਸੇ ਦੇ ਦਿਆਂਗੀ। ਉਸ ਨੇ ਕੀਤੇ ਬਾਅਦੇ ਮੁਤਾਬਕ 2000 ਰਪਏ ਪੁਲਸ ਚੌਕੀ ਦੁਸਾਂਝ ਵਿਖੇ ਏ ਐਸ ਆਈ ਉਮੇਸ਼ ਕੁਮਾਰ ਨੂੰ ਦੇ ਕੇ ਕਿਹਾ ਕਿ ਜਿੰਦੀ ਪੇਂਟਰ ਨੂੰ ਦੇ ਦਿਓ। ਜਿੰਦੀ ਪੇਂਟਰ ਵਲੋਂ ਫੋਨ ਕਰਨ 'ਤੇ ਏ ਐਸ ਆਈ ਨੇ ਕਿਹਾ ਕਿ ਬੀਬੀ ਪੈਸੇ ਦੇ ਗਈ, ਕਿਸੇ ਦਿਨ ਲੈ ਜਾਵੀਂ। ਜਦੋਂ ਵਾਰ ਵਾਰ ਗਿਆ ਤਾਂ ਏ ਐਸ ਆਈ ਮਿਲਿਆ ਨਹੀਂ। ਕਰੀਬ 6-7 ਵਾਰ ਚੌਕੀ ਜਾ ਕੇ ਪੈਸਿਆਂ ਦੀ ਮੰਗ ਕਰਨ 'ਤੇ ਏ ਐਸ ਆਈ ਵਲੋਂ ਬਹਾਨੇ ਬਣਾਏ ਗਏ। ਕਰੀਬ 8-9 ਵਾਰ ਫੋਨ ਕਰਨ 'ਤੇ ਵੀ ਪੈਸੇ ਦੇਣ ਲਈ ਉਮੇਸ਼ ਕੁਮਾਰ ਲਾਰੇ ਲਗਾਉਂਦਾ ਰਿਹਾ। ਆਖਰ ਜਿੰਦੀ ਪੇਂਟਰ ਜਦੋਂ ਪਤਵੰਤੇ ਸੱਜਣਾਂ ਨੂੰ ਨਾਲ ਲੈ ਕੇ ਪੈਸੇ ਲੈਣ ਵਾਸਤੇ ਚੌਕੀ ਦੁਸਾਂਝ ਕਲਾਂ ਪੁੱਜਾ ਤਾਂ ਏ ਐਸ ਆਈ ਉਮੇਸ਼ ਕੁਮਾਰ ਕੋਰਟ ਵਿੱਚ ਗਏ ਹੋਏ ਸਨ। ਫੋਨ ਕਰਨ 'ਤੇ ਉਨ੍ਹਾਂ ਕਿਹਾ ਕਿ ਮੈਂ ਹੁਣੇ ਹੀ ਗੂਗਲ ਪੇਅ ਕਰ ਦਿੰਦਾ ਹਾਂ ਪਰ ਫਿਰ ਵੀ ਕੀਤੇ ਨਹੀਂ। ਕੁਝ ਦੇਰ ਬਾਅਦ ਡਰਾਉਣ ਵਾਲੇ ਲਹਿਜੇ ਵਿੱਚ ਫੋਨ ਆਇਆ ਕਿ 4 ਵਜੇ ਪੈਸੇ ਲੈ ਜਾਵੀਂ। ਜਦੋਂ ਜਿੰਦੀ ਪਤਵੰਤੇ ਸੱਜਣਾਂ ਨੂੰ ਨਾਲ ਲੈ ਕੇ ਪੈਸੇ ਲੈਣ ਗਿਆ ਤਾਂ ਉਮੇਸ਼ ਕੁਮਾਰ ਨੇ ਕਿਹਾ ਕਿ ਉਹ ਔਰਤ ਪੈਸੇ ਦੇ ਕੇ ਹੀ ਨਹੀਂ ਗਈ। ਪਤਵੰਤੇ ਸੱਜਣਾਂ ਜਦੋਂ ਕੋਟਗਰੇਵਾਲ ਦੇ ਸਰਪੰਚ ਕੋਲ ਉਕਤ ਔਰਤ ਨੂੰ ਬੁਲਾ ਕੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਕੀਤੇ ਬਾਅਦੇ ਮੁਤਾਬਕ ਪੈਸੇ ਚੌਕੀ ਇੰਚਾਰਜ ਨੂੰ ਦੇ ਦਿੱਤੇ ਸਨ, ਪਰ 3 ਅਗਸਤ ਨੂੰ ਏ ਐਸ ਆਈ ਇਹ ਕਹਿ ਕਿ ਪੈਸੇ ਵਾਪਸ ਕਰ ਗਿਆ ਕਿ ਉਨ੍ਹਾਂ ਨੂੰ ਦੱਸੀ ਨਾ ਕਿ ਤੈਂ ਪੈਸੇ ਮੈਨੂੰ ਦਿੱਤੇ ਸਨ। ਪੀੜਤ ਨੇ ਸਰਕਾਰ ਅਤੇ ਉਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਂਦਿਆਂ ਕਿਹਾ ਕਿ ਉਹ ਪੈਸੇ ਭਾਵੇਂ ਕਿ ਕਾਫੀ ਸਮੇਂ ਬਾਅਦ ਮਿਲ ਨੂੰ ਗਏ ਪਰ ਇਨ੍ਹਾਂ ਪੈਸਿਆਂ ਲਈ ਅਤੇ ਇਨਸਾਫ ਲਈ ਜੋ ਮਾਨਸਿਕ ਅਤੇ ਅਰਥਿਕ ਪੀੜ ਸਹਿਣੀ ਪਈ ਉਸ ਦਾ ਜ਼ਿੰਮੇਵਾਰ ਏ ਐਸ ਆਈ ਉਮੇਸ਼ ਕੁਮਾਰ ਹੈ। ਪੀੜਤ ਨੇ ਸਰਕਾਰ ਅਤੇ ਸੀਨੀਅਰ ਅਫਤਰਾਂ ਪਾਸੋਂ ਮੰਗ ਕੀਤੀ ਕਿ ਇਸ ਅਫਸਰ 'ਤੇ ਸਖਤ ਕਾਰਵਾਈ ਹੋਵੇ ।

# ਪੰਜਾਬ ਪੈਨਸ਼ਨਰਜ਼ ਮਹਾਂਸੰਘ ਦੇ ਮੈਂਬਰਾਂ ਦੀ ਮੀਟਿੰਗ

**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**- ਪੰਜਾਬ ਪੈਨਸ਼ਨਰਜ਼ ਮਹਾਂਸੰਘ ਦੇ ਮੈਂਬਰਾਂ ਦੀ ਮੀਟਿੰਗ ਸੰਘ ਦੇ ਪ੍ਰਧਾਨ ਲੈਕਚਰਾਰ ਧਰਮ ਪਾਲ ਸੋਖਲ ਦੀ ਪ੍ਰਧਾਨਗੀ ਹੇਠ ਹੋਈ । ਸੰਘ ਮੈਂਬਰ ਲੈਕਚਰਾਰ ਲਛਮਣ ਸਿੰਘ ਅਤੇ ਪਵਨ ਕੁਮਾਰ ਨੇ ਦੱਸਿਆ ਕਿ ਮੀਟਿੰਗ ਦੌਰਾਨ ਸਮੂਹ ਮੈਂਬਰਾਂ ਨੇ ਮੁੱਖ ਮੰਤਰੀ ਦੀਆਂ ਡੰਗ ਟਪਾਊ ਨੀਤੀਆਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ । ਬੁਲਾਰਿਆਂ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੰਗਾਂ ਸਬੰਧੀ ਮੁੱਖ ਮੰਤਰੀ ਵਲੋਂ ਸਾਂਝੇ ਫਰੰਟ ਨਾਲ ਜੋ ਮੀਟਿੰਗ ਰੱਖੀ ਸੀ, ਉਸ ਨੂੰ ਵਾਰ ਵਾਰ ਸਮਾਂ ਬਦਲ ਕੇ ਸੂਬੇ ਦੇ 7 ਲੱਖ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਧੋਖਾ ਕੀਤਾ ਜਾ ਰਿਹਾ ਹੈ ।

ਉਨ੍ਹਾਂ ਕਿਹਾ ਕਿ ਸਰਕਾਰ ਦੀ ਟਾਲ ਮਟੋਲ ਦੀ ਨੀਤੀ ਕਾਰਨ 35 ਹਜ਼ਾਰ ਦੇ ਕਰੀਬ ਪੈਨਸ਼ਨਰ ਆਪਣੀਆਂ ਹੱਕੀ ਮੰਗਾਂ ਦਾ ਲਾਭ ਉਡੀਕਦਿਆਂ ਪ੍ਰਲੋਕ ਸਿਧਾਰ ਗਏ ਹਨ।ਉਨ੍ਹਾਂ ਸਾਂਝੇ ਫਰੰਟ ਵਲੋਂ ਮੰਗਾਂ ਮਨਵਾਉਣ, ਸਰਕਾਰ 'ਤੇ ਦਬਾਅ ਬਣਾਉਣ ਲਈ ਜੋ ਵੀ ਆਦੇਸ਼ ਆਵੇਗਾ, ਉਸ ਨੂੰ ਸਰਬਸੰਮਤੀ ਨਾਲ ਪ੍ਰਵਾਨ ਕਰਕੇ ਸੰਘਰਸ਼ ਵਿਚ ਵੱਡੇ ਪੱਧਰ 'ਤੇ ਸ਼ਮੂਲੀਅਤ ਕੀਤੀ ਜਾਵੇਗੀ। ਇਸ ਮੌਕੇ ਹਰਚੰਦ ਸਿੰਘ, ਸੁਰਿੰਦਰਜੀਤ ਵਰਮਾ, ਸੁਰਿੰਦਰਪਾਲ ਸਿੰਘ, ਸੁਰਜੀਤ ਸਿੰਘ, ਦਰਸ਼ਨ ਵਰਮਾ, ਗੁਰਦਿਆਲ ਸਿੰਘ, ਗੁਰਨਾਮ ਸਿੰਘ, ਕੈਪਟਨ ਗੁਰਦੇਵ ਸਿੰਘ ਅਤੇ ਸੁਰਜੀਤ ਸਿੰਘ ਰੱਤੋ ਆਦਿ ਹਾਜ਼ਰ ਸਨ ।

# ਮਿੱਡ ਡੇ ਮੀਲ ਵਰਕਰਾਂ ਵੱਲੋਂ ਜ਼ਿਲ੍ਹਾ ਪੱਧਰੀ ਰੈਲੀ



**ਹੁਸ਼ਿਆਰਪੁਰ (ਬਲਵੀਰ ਸੈਣੀ, ਓ ਪੀ ਰਾਣਾ)**- ਸਕੂਲਾਂ ਅੰਦਰ ਵਿਦਿਆਰਥੀਆਂ ਲਈ ਖਾਣਾ ਖਾਣਾ ਬਣਾਉਣ ਵਾਲੀਆਂ ਕੁੱਕ ਬੀਬੀਆਂ ਦੀ ਜਥੇਬੰਦੀ ਮਿਡ ਡੇ ਮੀਲ ਵਰਕਰਜ਼ ਯੂਨੀਅਨ ਪੰਜਾਬ ਵਲੋਂ ਆਪਣੀਆਂ ਮੰਗਾਂ ਸਬੰਧੀ ਕੀਤੇ ਜਾ ਰਹੇ ਸੰਘਰਸ਼ ਨੂੰ ਹੋਰ ਵੀ ਤੇਜ਼ ਕਰਦਿਆਂ ਸੂਬਾ ਕਮੇਟੀ ਦੇ ਫੈਸਲੇ ਤਹਿਤ ਜ਼ਿਲ੍ਹਾ ਕੰਪਲੈਕਸ ਹੁਸ਼ਿਆਰਪੁਰ ਵਿਖੇ ਜਥੇਬੰਦੀ ਦੀ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਕੌਰ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਰੋਸ ਰੈਲੀ ਕੀਤੀ ਗਈ, ਜਿਸ ਵਿੱਚ ਜ਼ਿਲ੍ਹੇ ਭਰ ਤੋਂ ਵਰਕਰਾਂ ਵਲੋਂ ਭਾਰੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਧਰਨਾਕਾਰੀਆਂ ਵਲੋਂ ਪੰਜਾਬ ਸਰਕਾਰ, ਮੁੱਖ ਮੰਤਰੀ, ਵਿੱਤ ਮੰਤਰੀ ਅਤੇ ਵਿੱਦਿਆ ਮੰਤਰੀ ਖਿਲਾਫ ਜਮ ਕੇ ਨਾਅਰੇਬਾਜ਼ੀ ਕੀਤੀ ਗਈ। ਰੈਲੀ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੀ ਸੂਬਾ ਜਨਰਲ ਸਕੱਤਰ ਕਮਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਵਲੋਂ ਤਾਂ ਅਜੇ ਤੱਕ ਜਥੇਬੰਦੀ ਨੂੰ ਕੋਈ ਵੀ ਮੀਟਿੰਗ ਦਾ ਸਮਾਂ ਨਹੀਂ ਦਿੱਤਾ ਗਿਆ ਅਤੇ ਵਿੱਦਿਆ ਮੰਤਰੀ ਵਲੋਂ ਵੀ ਮੀਟਿੰਗਾਂ ਵਿੱਚ ਮੰਨੀਆਂ ਮੰਗਾਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ , ਜਿਸ ਕਾਰਨ ਜਥੇਬੰਦੀ ਵਲੋਂ ਆਉਣ ਵਾਲੇ ਸਮੇਂ ਵਿਚ ਤਿੱਖਾ ਸੰਘਰਸ਼ ਉਲੀਕਿਆ ਜਾਵੇਗਾ। ਇਸ ਰੈਲੀ ਨੂੰ ਸੰਬੋਧਨ ਕਰਦਿਆਂ ਪ.ਸ.ਸ.ਫ. ਦੇ ਜ਼ਿਲ੍ਹਾ ਪ੍ਰਧਾਨ ਮੱਖਣ ਸਿੰਘ ਵਾਹਿਦਪੁਰੀ, ਜਨਰਲ ਸਕੱਤਰ ਇੰਦਰਜੀਤ ਵਿਰਦੀ, ਜੀ.ਟੀ.ਯੂ. ਦੇ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ ਪ੍ਰੈਸ ਸਕੱਤਰ ਵਿਕਾਸ ਸ਼ਰਮਾ, ਪੈਨਸ਼ਨਰ ਆਗੂ ਮਨਜੀਤ ਸਿੰਘ ਬਾਜਵਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਜਥੇਬੰਦੀਆਂ ਨੂੰ ਮੀਟਿੰਗਾਂ ਦੇ ਕੇ ਕੈਂਸਲ ਕੀਤੀਆਂ ਜਾ ਰਹੀਆਂ ਹਨ, ਜਿਸ ਤੋਂ ਇਹ ਸਪੱਸ਼ਟ ਹੈ ਕਿ ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਤੀ ਸੰਜੀਦਾ ਨਹੀਂ ਹੈ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਭਵਿੱਖ ਵਿੱਚ ਹੋਣ ਜਾ ਰਹੀਆਂ ਚਾਰ ਵਿਧਾਨ ਸਭਾ ਚੋਣਾਂ ਮੌਕੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਹਰਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਇਸ ਰੈਲੀ ਨੂੰ ਸੰਬੋਧਨ ਕਰਦਿਆਂ ਬਲਜਿੰਦਰ ਕੌਰ ਮਾਹਿਲਪੁਰ, ਅਮਰਜੀਤ ਕੌਰ ਚੱਬੇਵਾਲ, ਸੀਮਾ ਰਾਣੀ ਹੁਸ਼ਿਆਰਪੁਰ, ਰਣਜੀਤ ਕੌਰ ਤਲਵਾੜਾ, ਜਤਿੰਦਰ ਕੌਰ ਬੁੱਲ੍ਹੋਵਾਲ, ਮਨਜੀਤ ਕੌਰ ਗੜ੍ਹਸ਼ੰਕਰ, ਇੰਦਰਜੀਤ ਕੌਰ ਭੂੰਗਾ, ਸੁਰਿੰਦਰ ਕੌਰ ਮਾਹਿਲਪੁਰ ਨੇ ਸਰਕਾਰ ਤੋਂ ਮੰਗ ਕੀਤੀ ਕਿ ਮਿਡ ਡੇ ਮੀਲ ਵਰਕਰਾਂ ਨੂੰ ਪੂਰੇ ਸਕੇਲਾਂ 'ਤੇ ਰੈਗੂਲਰ ਕੀਤਾ ਜਾਵੇ, ਜਦੋਂ ਤੱਕ ਰੈਗੂਲਰ ਨਹੀਂ ਕੀਤਾ ਜਾਂਦਾ ਉਦੋਂ ਤੱਕ ਇਨ੍ਹਾਂ ਵਰਕਰਾਂ ਨੂੰ ਸਕਿੱਲਡ ਵਰਕਰ ਮੰਨਦਿਆਂ ਘੱਟੋ-ਘੱਟ ਉਜਰਤ ਦੇ ਘੇਰੇ ਅੰਦਰ ਲਿਆਂਦਾ ਜਾਵੇ, ਵਰਕਰਾਂ ਨੂੰ ਗਰਮ ਅਤੇ ਸਰਦ ਰੁੱਤ ਦੀਆਂ ਵਰਦੀਆਂ ਸਮੇਂ ਸਿਰ ਦਿੱਤੀਆਂ ਜਾਣ, ਜਿਨ੍ਹਾਂ ਸਕੂਲਾਂ ਵਿਚ ਵੱਧ ਬੱਚੇ ਹਨ ਉੱਥੇ ਹੋਰ ਵਰਕਰਾਂ ਰੱਖੀਆਂ ਜਾਣ ਅਤੇ ਹਟਾਈਆਂ ਵਰਕਰਾਂ ਨੂੰ ਮੁੜ ਰੱਖਿਆ ਜਾਵੇ, ਬੱਚਿਆਂ ਦੇ ਖਾਣੇ ਲਈ ਵਰਤੇ ਬਰਤਨਾਂ ਦੀ ਸਫਾਈ ਲਈ ਹੈਲਪਰ ਰੱਖੀ ਜਾਵੇ, ਹਰੇਕ ਮਿਡ ਡੇ ਮੀਲ ਵਰਕਰ ਦਾ ਮੁਫ਼ਤ ਬੀਮਾ ਕੀਤਾ ਜਾਵੇ, ਵਰਕਰਾਂ ਕੋਲੋਂ ਮਿਡ ਡੇ ਮੀਲ ਤੋਂ ਬਿਨਾਂ ਹੋਰ ਕੋਈ ਕੰਮ ਨਾ ਲਿਆ ਜਾਵੇ, ਮਿਡ ਡੇ ਮੀਲ ਵਰਕਰ ਨਾਲ ਕੋਈ ਹਾਦਸਾ ਵਾਪਰ ਜਾਂਦਾ ਹੈ ਜਾਂ ਉਸ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੀ ਨੌਕਰੀ ਲਈ ਉਸ ਦੇ ਪਰਵਾਰਕ ਮੈਂਬਰ ਨੂੰ ਪਹਿਲ ਦਿੱਤੀ ਜਾਵੇ। ਰੈਲੀ ਉਪਰੰਤ ਧਰਨਾਕਾਰੀਆਂ ਵਲੋਂ ਕੈਬਨਿਟ ਮੰਤਰੀ ਜਿੰਪਾ ਦੀ ਰਿਹਾਇਸ਼ ਵੱਲ ਮਾਰਚ ਕੀਤਾ ਗਿਆ ਅਤੇ ਸ਼ਿਮਲਾ ਪਹਾੜੀ ਚੌਕ ਨੂੰ ਜਾਮ ਕੀਤਾ ਗਿਆ। ਇਸ ਮੌਕੇ ਸਰਕਾਰ ਖਿਲਾਫ ਜਮ ਕੇ ਨਾਅਰੇਬਾਜੀ ਕੀਤੀ ਗਈ।ਇਸ ਮੌਕੇ ਨਾਇਬ ਤਹਿਸੀਲਦਾਰ ਹਰਸ਼ਵੀਰ ਗੋਇਲ ਨੇ ਮੰਗ ਪੱਤਰ ਪ੍ਰਾਪਤ ਕਰਕੇ ਮੁੱਖ ਮੰਤਰੀ ਤੱਕ ਪਹੁੰਚਾਉਣ ਦਾ ਵਾਅਦਾ ਕੀਤਾ।

# ਵੀ ਆਈ ਪੀ ਲਗੇਜ ਸਟੋਰ ਦਾ ਗੁਰਪ੍ਰੀਤ ਘੁੱਗੀ ਨੇ ਕੀਤਾ



**ਮੁਹਾਲੀ (ਗੁਰਜੀਤ ਬਿੱਲਾ)**-ਬਾਲੀਵੁੱਡ-ਪੋਲੀਵੁੱਡ ਅਦਾਕਾਰ ਅਤੇ ਕਾਮੇਡੀਅਨ ਗੁਰਪ੍ਰੀਤ ਘੁੱਗੀ ਨੇ ਏਅਪੋਰਟ ਰੋਡ 'ਤੇ ਸੈਕਟਰ 79 ਵਿੱਚ ਵੀ ਆਈ ਪੀ ਲਗੇਜ ਸਟੋਰ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਸਪੇਸ, ਲੋਕੇਸ਼ਨ ਅਤੇ ਇਨਫ੍ਰਾਸਟਰਕਚਰ ਦੇ ਲਿਹਾਜ਼ ਨਾਲ ਮੁਹਾਲੀ ਨੇ ਇੱਕ ਸ਼ਾਨਦਾਰ ਆਉਣ ਵਾਲੀ ਮਾਰਕੀਟ ਵਜੋਂ ਆਪਣੀ ਪਹਿਚਾਣ ਵਿਕਸਿਤ ਕਰ ਲਈ ਹੈ।ਵੀ ਆਈ ਪੀ ਲਗੇਜ ਸਟੋਰ ਦੇ ਮਾਲਕ ਵਿਵੇਕ ਜੌਲੀ ਨੇ ਦੱਸਿਆ ਕਿ ਦੇਸ਼ ਵਿੱਚ ਟੂਰਿਜ਼ਮ ਉਦਯੋਗ ਕਾਫੀ ਉਤਸ਼ਾਹ ਵਿੱਚ ਹੈ ਅਤੇ ਹੁਣ ਸੈਲਾਨੀ ਕਿਸੇ ਖਾਸ ਸਮੇਂ ਜਾਂ ਛੁੱਟੀਆਂ ਦੇ ਮੌਸਮ ਵਿੱਚ ਹੀ ਨਹੀਂ ਘੁੰਮਣ ਜਾਂਦੇ, ਸਗੋਂ ਹੁਣ ਸਾਲ ਭਰ ਟੂਰਿਜ਼ਮ ਦਾ ਦੌਰ ਹੈ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨੇ ਇਸ ਖੇਤਰ ਵਿੱਚ ਇਹ ਆਊਟਲੈਟ ਖੋਲ੍ਹਿਆ ਹੈ ਜੋ ਮੋਹਾਲੀ ਕਲਸਟਰ ਵਿੱਚ ਸਭ ਤੋਂ ਵੱਡਾ ਆਊਟਲੈਟ ਹੈ। ਇੱਥੇ ਇੱਕ ਹੀ ਛੱਤ ਹੇਠ ਸੈਲਾਨੀਆਂ ਅਤੇ ਹੋਰ ਗਾਹਕਾਂ ਲਈ ਪੂਰੀ ਰੇਂਜ ਅਤੇ ਵੱਧ ਤੋਂ ਵੱਧ ਵਰਾਇਟੀ ਉਪਲਬਧ ਹੈ। ਏਅਰਪੋਰਟ ਰੋਡ 'ਤੇ ਹੋਣ ਕਾਰਨ ਇਹ ਸਟੋਰ ਸੈਲਾਨੀਆਂ ਲਈ ਇੱਕ ਆਕਰਸ਼ਣ ਦਾ ਕੇਂਦਰ ਬਣੇਗਾ।ਇਸ ਮੌਕੇ ਸਮਾਜ ਸੇਵੀ ਅਤੇ ਮਸ਼ਹੂਰ ਵਪਾਰੀ ਕਰਨ ਗਿਲਹੋਤਰਾ, ਫੋਸਵਾਕ, ਚੰਡੀਗੜ੍ਹ ਦੇ ਪ੍ਰਧਾਨ ਬਲਜਿੰਦਰ ਸਿੰਘ ਬਿੱਟੂ, ਸਮਾਜ ਸੇਵੀ ਸੰਜੇ ਪਾਹਵਾ ਦੇ ਨਾਲ-ਨਾਲ ਵੀ ਆਈ ਪੀ ਲਗੇਜ ਕੰਪਨੀ ਦੇ ਆਰ ਐਮ ਨਾਰਥ ਅਜੇ ਤ੍ਰਿਪਾਠੀ, ਬ੍ਰਾਂਚ ਕਮਰਸ਼ੀਅਲ ਲਵਲੀਨ ਸਿਆਲ, ਸੀ ਪੀ ਸੀ ਅਤੇ ਸੀ ਐਸ ਡੀ ਹੈਡ ਸੰਜੀਵ ਬੈਨਰਜੀ, ਬ੍ਰਾਂਚ ਮੈਨੇਜਰ ਅਪਰ ਨਾਰਥ ਅਮੋਲ ਕੁਲਕਰਨੀ, ਮੈਨੇਜਰ ਅਰਵਿੰਦ ਬਿਸ਼ਨੋਈ, ਏ ਐਸ ਐਮ ਮਯੰਕ ਅਤੇ ਏ ਐਸ ਸੀ ਮੋਹਿਤ ਅਤੇ ਪੁਰਸ਼ੋਤਮ ਆਦਿ ਵੀ ਇਸ ਮੌਕੇ 'ਤੇ ਹਾਜ਼ਰ ਸਨ।

# ਡਾ. ਹਰੀ ਸਿੰਘ ਨੂੰ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ ਭੇਟ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਹੁਸ਼ਿਆਰਪੁਰ ਦੇ ਉਘੇ ਸਮਾਜ ਸੇਵੀ ਡਾ. ਹਰੀ ਸਿੰਘ ਸਾਦਾ ਰਾਈਆਂ ਡੁਬਈ ਵਾਲੇ ਪ੍ਰਧਾਨ ਵੈਦ ਮੰਡਲ ਦੀ ਅੰਤਿਮ ਅਰਦਾਸ ਮੌਕੇ ਸ਼ਿਵਾਲਿਕ ਐਵੇਨਿਓ ਹੁਸ਼ਿਆਰਪੁਰ ਵਿਖੇ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸ਼ਖਸੀਅਤਾਂ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ।ਸ੍ਰੀ ਸੁਖਮਨੀ ਸਾਹਿਬ ਦੇ ਪਾਠ ਤੋਂ ਉਪਰੰਤ ਰਾਗੀ ਜਥਿਆਂ ਨੇ ਬੈਰਾਗਮਈ ਕੀਰਤਨ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਸ਼ਰਧਾਂਜਲੀ ਸਮਾਗਮ ਵਿਚ ਪਹੁੰਚੇ ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ (ਰਜਿ.) ਭਾਰਤ, ਇੰਟਰਨੈਸ਼ਨਲ ਪੰਜਾਬੀ ਗਾਇਕ ਫਿਰੋਜ਼ ਖਾਨ, ਸੰਤ ਧਰਮਪਾਲ ਸ਼ੇਰਗੜ੍ਹ, ਸੰਤ ਜਗੀਰ ਸਿੰਘ ਸਰਬੱਤ ਦਾ ਭਲਾ ਆਸ਼ਰਮ ਨੰਦਾਚੌਰ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ, ਮੋਹਨ ਲਾਲ ਭਟੋਆ ਪੰਜਾਬ ਪ੍ਰਧਾਨ ਗੁਰੂ ਰਵਿਦਾਸ ਫੋਰਸ ਨੇ ਸ਼ਰਧਾ ਸੁਮਨ ਭੇਟ ਕਰਦਿਆਂ ਕਿਹਾ ਕਿ ਡਾ. ਹਰੀ ਸਿੰਘ ਦੇ ਅਚਾਨਕ ਅਕਾਲ ਚਲਾਣੇ ਨਾਲ ਪਰਵਾਰ ਅਤੇ ਸਮੁੱਚੇ ਸਮਾਜ ਨੂੰ ਬਹੁਤ ਵੱਡਾ ਘਾਟਾ ਪਿਆ ਹੈ।ਡਾ. ਹਰੀ ਸਿੰਘ ਬਹੁਜਨ ਸਮਾਜ ਦੇ ਬਹੁਤ ਮਹਾਨ ਸਮਾਜ ਸੇਵਕ ਸਨ ਜਿਨ੍ਹਾਂ ਨੇ ਗਰੀਬ ਬੱਚਿਆਂ ਦੀ ਪੜ੍ਹਾਈ ਲਈ, ਗਰੀਬ ਬੱਚੀਆਂ ਦੇ ਵਿਆਹਾਂ ਲਈ ਕੰਨਿਆਂ ਦਾਨ ਟਰੱਸਟ ਬਣਾ ਕੇ ਬਹੁਤ ਸਹਾਇਤਾ ਕੀਤੀ ਅਤੇ ਲੋੜਵੰਦ ਗਰੀਬ ਪਰਵਾਰਾਂ ਦੀਆਂ ਲੜਕੀਆਂ ਦੇ ਵਿਆਹ ਕਾਰਜਾਂ ਵਿਚ ਵੱਡਾ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਡਾ. ਹਰੀ ਸਿੰਘ ਨੇ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਪ੍ਰਦਾਨ ਕਰਾਕੇ ਸਫਲ ਬਣਾਇਆ ਹੈ ਇਸੇ ਤਰਾਂ ਸਮਾਜ ਦੇ ਹਰ ਵਿਅਕਤੀ ਨੂੰ ਆਪਣੇ ਬੱਚਿਆਂ ਨੂੰ ਸਿੱਖਿਅਤ ਬਣਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ, ਇਹੀ ਵੈਦ ਹਰੀ ਸਿੰਘ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਉਨ੍ਹਾਂ ਕਿਹਾ ਕਿ ਉਹ ਪਰਵਾਰ ਨਾਲ ਹਰ ਸਮੇਂ ਖੜ੍ਹੇ ਰਹਿਣਗੇ। ਇਸ ਮੌਕੇ ਪ੍ਰਦੀਪ ਸੈਣੀ (ਪੀ ਏ ਡਾ. ਰਵਜੋਤ ਸਿੰਘ ਵਿਧਾਇਕ), ਕੁਲਦੀਪ ਚੁੰਬਰ ਕੈਨੇਡਾ, ਓਂਕਾਰ ਸਿੰਘ ਚਕੋਵਾਲ ਸੇਖਾਂ, ਮਾਸਟਰ ਸੁਰਜੀਤ ਰਾਜਾ, ਮਾਸਟਰ ਸੋਮ ਲਾਲ ਸਟੇਟ ਐਵਾਰਡੀ, ਵੈਦ ਜਸਵੀਰ ਸਿੰਘ ਸੌਂਧ, ਵੈਦ ਤਰਸੇਮ ਸਿੰਘ ਸੰਧਰ, ਵੈਦ ਸਤਵੰਤ ਸਿੰਘ ਹੀਰ ਜ਼ਿਲ੍ਹਾ ਵੈਦ ਮੰਡਲ, ਗੁਰਮੁੱਖ ਸਿੰਘ ਡੀ ਐਸ ਪੀ, ਸਤਪਾਲ ਸਿੰਘ ਕਲੇਰ ਸੁਪਰਡੈਂਟ, ਪ੍ਰੋਫੈਸਰ ਬਲਵਿੰਦਰ ਸਿੰਘ, ਸਤਪਾਲ ਮਹੇ, ਬਲਵਿੰਦਰ ਬਿੱਟੂ ਮਿਸ਼ਨਰੀ ਗਾਇਕ, ਮਨਜੀਤ ਸੋਨੂੰ, ਪ੍ਰਿਆ ਬੰਗਾ, ਬਬਲੀ ਵਿਰਦੀ, ਜਰਨੈਲ ਨੰਗਲ ਫਗਵਾੜਾ, ਵੈਦ ਸੋਮ ਪ੍ਰਕਾਸ਼ ਜਲਭੇ, ਵੈਦ ਰਵਿਕਾਂਤ ਖੋਲੀਆ, ਵੈਦ ਵਿਨੋਦ ਸ਼ਰਮਾ, ਵੈਦ ਹੁਸਨ ਲਾਲ ਤੋਂ ਇਲਾਵਾ ਡਾ. ਹਰੀ ਸਿੰਘ ਦੇ ਪਰਵਾਰਕ ਮੈਂਬਰ ਪਿਤਾ ਕੇਹਰ ਸਿੰਘ, ਮਾਤਾ ਮਹਿੰਦਰ ਕੌਰ, ਪਤਨੀ ਸੰਗੀਤਾ ਰਾਣੀ, ਬੇਟੇ ਗੁਰਪ੍ਰੀਤ ਸੌਰਵ, ਪ੍ਰਭਜੋਤ ਸਿੰਘ, ਬੇਟੀ ਲਵਪ੍ਰੀਤ ਕੌਰ ਵੀ ਹਾਜ਼ਰ ਸਨ। ਸਟੇਜ ਸਕੱਤਰ ਦੀ ਸੇਵਾ ਦਿਨੇਸ਼ ਸ਼ਾਮ ਚੌਰਾਸੀ ਨੇ ਨਿਭਾਈ।

# ਸੰਤ ਸੀਚੇਵਾਲ ਨੇ ਪਿੰਡ ਸਰਾਏ ਖ਼ਾਮ ਤੇ ਮੁਰੀਦਵਾਲ ਨੂੰ ਦਿੱਤੇ ਪਾਣੀ ਵਾਲੇ ਟੈਂਕਰ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਅਜ ਪਿੰਡ ਮੁਰੀਦਵਾਲ ਤੇ ਸਰਾਏ ਖ਼ਾਮ ਪਿੰਡਾਂ ਨੂੰ ਪਾਣੀ ਵਾਲੇ ਟੈਂਕਰ ਦਿੱਤੇ। ਉਨ੍ਹਾਂ ਆਪਣੇ ਅਖਤਿਆਰੀ ਫੰਡ ਵਿੱਚੋਂ 2 ਕਰੋੜ ਦੇ ਕਰੀਬ ਦੀ ਰਕਮ ਦੀ ਵਰਤੋਂ ਕਰਕੇ ਇਨ੍ਹਾਂ ਹੁਣ ਤੱਕ 60 ਦੇ ਕਰੀਬ ਪਿੰਡਾਂ ਤੇ ਸ਼ਹਿਰਾਂ ਨੂੰ ਇਹ ਪਾਣੀ ਵਾਲੇ ਟੈਂਕਰ ਮੁਹੱਈਆ ਕਰਵਾਏ। ਇਨ੍ਹਾਂ ਟੈਂਕਰਾਂ ਵਿੱਚ 42 ਟੈਂਕਰ 5000 ਲੀਟਰ ਦੀ ਸਮਰੱਥਾ ਵਾਲੇ ਹਨ ਜਦਕਿ 10 ਟੈਂਕਰ 3000 ਲੀਟਰ ਦੀ ਸਮਰੱਥਾ ਵਾਲੇ ਹਨ। ਸੰਤ ਸੀਚੇਵਾਲ ਨੇ ਦੱਸਿਆ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ ਉਨ੍ਹਾਂ ਪਿੰਡਾਂ ਨੂੰ ਪਹਿਲ ਦੇ ਅਧਾਰ 'ਤੇ ਪਾਣੀ ਵਾਲੇ ਟੈਂਕਰ ਮੁਹੱਈਆ ਕਰਵਾਏ ਗਏ ਹਨ ਜਿਨ੍ਹਾਂ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦੀ ਸਮੱਸਿਆਂ ਖੜ੍ਹ ਗਈ ਸੀ ਜਾਂ ਉਨ੍ਹਾਂ ਦੇ ਪਿੰਡਾਂ ਦਾ ਪਾਣੀ ਸਾਫ ਨਹੀਂ ਸੀ। ਸਭ ਤੋਂ ਵੱਧ ਪਾਣੀ ਦੇ ਟੈਂਕਰ ਜ਼ਿਲ੍ਹਾ ਜਲੰਧਰ ਦੇ ਪਿੰਡਾਂ ਤੇ ਕਸਬਿਆਂ ਨੂੰ ਵੰਡੇ ਗਏ ਜਿਨ੍ਹਾਂ ਦੀ ਗਿਣਤੀ 32 ਦੇ ਕਰੀਬ ਹੈ ਜਦਕਿ ਹੁਸ਼ਿਆਰਪੁਰ ਨੂੰ 14, ਕਪੂਰਥਲਾ ਨੂੰ 8 ਤੇ ਮੋਗਾ ਜ਼ਿਲ੍ਹੇ ਨੂੰ 1 ਟੈਂਕਰ ਦਿੱਤਾ ਗਿਆ ਹੈ। ਅਜੇ ਵੀ ਕਈ ਪੰਚਾਇਤਾਂ ਇਨ੍ਹਾਂ ਪਾਣੀ ਵਾਲੀ ਵਾਲੇ ਟੈਂਕਰਾਂ ਦੀਆਂ ਮੰਗ ਕਰ ਰਹੀਆਂ ਹਨ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰਜੀਤ ਸਿੰਘ ਸ਼ੈਂਟੀ, ਦਿਆ ਸਿੰਘ, ਸੁਰਜੀਤ ਸਿੰਘ ਧਾਲੀਵਾਲ, ਹਰੀ ਸਿੰਘ ਸਾਬਕਾ ਮੈਂਬਰ ਪੰਚਾਇਤ, ਜਸਵੀਰ ਸਿੰਘ ਮਾੜੂ ਸਰਪੰਚ ਸਰਾਏ ਖ਼ਾਮ, ਜਰਨੈਲ ਸਿੰਘ ਮੈਂਬਰ ਪੰਚਾਇਤ, ਤੀਰਥ ਸਿੰਘ ਮੈਂਬਰ ਪੰਚਾਇਤ, ਜਸਪਾਲ ਸਿੰਘ ਮੈਂਬਰ ਪੰਚਾਇਤ, ਬਲਵਿੰਦਰ ਸਿੰਘ ਧਾਲੀਵਾਲ ਸਮਾਜ ਸੇਵੀ, ਢਾਡੀ ਜਰਨੈਲ ਸਿੰਘ ਬੈਂਸ, ਦਲਵੀਰ ਸਿੰਘ, ਅਮਰੀਕ ਸਿੰਘ ਮੀਕਾ, ਪਰਮਿੰਦਰ ਸਿੰਘ ਧਾਲੀਵਾਲ, ਹਰਪਿੰਦਰ ਸਿੰਘ, ਜਗਵਿੰਦਰ ਸਿੰਘ, ਮਨਪ੍ਰੀਤ ਸਿੰਘ, ਕਮਲਪ੍ਰੀਤ ਸਿੰਘ ਲਮਸਰ, ਦਿਲਪ੍ਰੀਤ ਸਿੰਘ, ਸੰਤ ਸਿੰਘ ਸੰਧੂ ਆਦਿ ਹਾਜ਼ਰ ਸਨ। ਵਾਤਾਵਰਣ ਪ੍ਰੇਮੀ ਦੇ ਤੌਰ 'ਤੇ ਜਾਣੇ ਜਾਂਦੇ ਸੰਤ ਸੀਚੇਵਾਲ ਨੇ ਆਪਣੇ ਅਖਤਿਆਰੀ ਫੰਡ ਦਾ ਵੱਡਾ ਹਿੱਸਾ ਪਾਣੀਆਂ ਦੀ ਸਾਂਭ ਸੰਭਾਲ 'ਤੇ ਖਰਚਿਆ ਹੈ। ਸਿੰਬਲੀ ਪਿੰਡ ਵਿੱਚ ਬਿਸ ਦੁਆਬ ਨਹਿਰ ਤੇ ਚਿੱਟੀ ਵੇਈਂ ਵਿੱਚ ਸਾਫ ਪਾਣੀ ਛੱਡਣ ਲਈ ਬਣਾਏ ਗਏ ਰੈਗੂਲੇਟਰ 'ਤੇ 1 ਕਰੋੜ 19 ਲੱਖ ਰੁਪਏ ਖਰਚੇ ਗਏ ਹਨ। ਇਸੇ ਤਰ੍ਹਾਂ ਪਿੰਡਾਂ ਵਿੱਚ ਸੀਚੇਵਾਲ ਮਾਡਲ ਤਹਿਤ ਗੰਦੇ ਪਾਣੀ ਦੇ ਨਿਕਾਸ ਲਈ ਦੇਸੀ ਤਕਨੀਕ ਨਾਲ ਬਣਾਏ ਗਏ ਟਰੀਟਮੈਂਟ ਪਲਾਂਟਾਂ 'ਤੇ ਵੀ ਲੱਖਾਂ ਰੁਪੈ ਦੀ ਗ੍ਰਾਂਟ ਉਨ੍ਹਾਂ ਵੱਲੋਂ ਦਿੱਤੀ ਗਈ ਹੈ। ਪੰਜਾਬ ਦੇ ਇਤਿਹਾਸਕ ਪਿੰਡ ਡੱਲਾ ਸਾਹਿਬ ਅਤੇ ਜ਼ਿਲ੍ਹਾ ਮੋਗਾ ਦੇ ਪਿੰਡ ਲੋਪੋਂ ਨੂੰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਗੋਦ ਲਿਆ ਹੈ। ਇਨ੍ਹਾਂ ਪਿੰਡਾਂ ਦੇ ਵਿਕਾਸ ਲਈ 1 ਕਰੋੜ ਦੇ ਕਰੀਬ ਰਾਸ਼ੀ ਉਨ੍ਹਾਂ ਵੱਲੋਂ ਜਾਰੀ ਕੀਤੀ ਜਾ ਚੁੱਕੀ ਹੈ।

# ਡੀ ਏ ਪੀ ਘੁਟਾਲੇ ਦੀ ਜਾਂਚ ਸੀ ਬੀ ਆਈ ਤੋਂ ਕਰਵਾਉਣ ਨੂੰ ਲੈ ਕੇ ਰੋਸ ਮੁਜ਼ਾਹਰਾ



**ਮੇਹਟੀਆਣਾ** (**ਜਗਤਾਰ ਸਿੰਘ ਭੁੰਗਰਨੀ**) ਮਿਹਨਤੀ ਅਤੇ ਲਗਨ ਨਾਲ ਕੰਮ ਕਰਨ ਵਾਲੇ ਕਿਸਾਨ ਦੀ ਮਾੜੀ ਹਾਲਤ ਲਈ ਸਰਕਾਰਾਂ ਦੀ ਕਿਸਾਨਾਂ ਪ੍ਰਤੀ ਘਟੀਆ ਸੋਚ ਜਿੰਮੇਵਾਰ ਹੈ, ਕਿਸਾਨਾਂ ਨੂੰ ਸਰਕਾਰਾਂ ਨੇ ਜਿਸ ਚੀਜ ਦੀ ਪੈਦਾਵਰ ਵਧਾਉਣ ਦਾ ਟੀਚਾ ਦਿੱਤਾ ਉਨ੍ਹਾਂ ਨੇ ਉਸ ਤੋਂ ਵਾਧੂ ਕੰਮ ਕਰਕੇ ਦੇਸ਼ ਨੂੰ ਵਿਖਾਇਆ।ਪਰ ਸਾਰੀਆਂ ਸਰਕਾਰਾਂ ਨੇ ਕਿਸਾਨਾ ਨੂੰ ਹਮੇਸ਼ਾਂ ਗੁੰਮਰਾਹ ਕਰਨ ਤੋਂ ਸਿਵਾ ਕੁਝ ਨਹੀਂ ਦਿੱਤਾ।ਪੰਜਾਬ ਸਰਕਾਰ ਦੀ ਅਗਵਾਈ ਵਿਚ ਡੀ ਏ ਪੀ ਖਾਦ ਦੇ ਸੈਂਪਲਾਂ ਦੇ ਫੈਲ੍ਹ ਹੋਣ ਨੂੰ ਲੈ ਕੇ ਲੇਬਰ ਪਾਰਟੀ ਦੀ ਅਗਵਾਈ 'ਚ ਅੱਡਾ ਹੰਦੋਵਾਲ ਵਿਖੇ ਕਿਸਾਨਾ ਨੂੰ ਨਾਲ ਲੈ ਕੇ ਜੈ ਗੋਪਾਲ ਧੀਮਾਨ, ਦਵਿੰਦਰ ਸਿੰਘ ਥਿੰਦ ਅਤੇ ਅਮਨਦੀਪ ਸਿੰਘ ਦੀ ਅਗਵਾਈ ਵਿਚ ਇਸ ਖਾਦ ਘੁਟਾਲੇ ਦੀ ਜਾਂਚ ਸੀ ਬੀ ਆਈ ਤੋਂ ਕਰਵਾਉਣ ਨੂੰ ਲੈ ਕੇ ਮੁਜਾਹਰਾ ਕੀਤਾ।

ਧੀਮਾਨ ਨੇ ਕਿਹਾ ਕਿ ਇਸ ਗੈਰ ਮਿਆਰੀ ਡੀ ਏ ਪੀ ਖਾਦ ਨੇ ਕਿਸਾਨਾ ਦੀ ਉਪਜ ਵਿਚ ਭਾਰੀ ਨੁਕਸਾਨ ਕੀਤਾ ਹੋਵੇਗਾ ਤੇ ਇਸ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਪੂਰੀ ਤਰ੍ਹਾਂ ਜੁੰਮੇਵਾਰ ਹੈ।ਕਿਸਾਨ ਕਦੇ ਗੈਰ ਮਿਆਰੀ ਬੀਜਾਂ ਦਾ ਸ਼ਿਕਾਰ ਹੁੰਦਾ ਹੈ ਤੇ ਕਦੇ ਗੇਰ ਮਿਆਰੀ ਕੀਟਨਾਸ਼ਕਾਂ ਦਾ ਅਤੇ ਮਿਆਦ ਪੁੱਗ ਚੁੱਕੇ ਕੀਟਨਾਸ਼ਕਾਂ ਦਾ।ਕਿਸਾਨ ਦੀ ਮਿਹਨਤ 'ਤੇ ਇਹ ਇਕ ਵੱਡਾ ਕੁਲਹਾੜਾ ਚਲਾਇਆ ਜਾ ਰਿਹਾ। ਜਿਸ ਕਰਕੇ ਪੰਜਾਬ ਦਾ ਕਿਸਾਨ ਘਾਟੇ ਵਿਚ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਖੇਤੀਬਾੜੀ ਉਚ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਇਹ ਚਲ ਰਹੇ ਗੋਰਖ ਧੰਦੇ ਕਿਸਾਨੀ ਨੂੰ ਪੂਰੀ ਤਰ੍ਹਾਂ ਤਬਾਹ ਕਰ ਰਹੇ ਹਨ। ਧੀਮਾਨ ਨੇ ਕਿਹਾ ਕਿ ਗੈਰ ਮਿਆਰੀ ਖਾਦਾਂ ਅਤੇ ਕੀਟਨਾਸ਼ਕ ਅਤੇ ਮਿਆਦ ਪੁੱਗ ਚੁੱਕੀ ਕੀਟਨਾਸ਼ਕ ਸਮੁਚੇ ਦੇਸ਼ ਲਈ ਐਟਮ ਬੰਬ ਹਨ।ਏਹੀ ਕੀਟਨਾਸ਼ਕਾਂ ਨੇ ਪੰਜਾਬ ਨੂੰ ਕੈਂਸਰ ਹੱਬ ਬਣਾਇਆ ਹੈ, ਬੜੀ ਸ਼ਰਮ ਦੀ ਗੱਲ ਹੈ ਕਿ ਪੰਜਾਬ ਕੈਂਸਰ ਟ੍ਰੇਨ ਚੱਲ ਰਹੀ ਹੈ।ਧੀਮਾਨ ਨੇ ਕਿਹਾ ਕਿ ਅਸਲ ਵਿਚ ਕਿਸਾਨ ਦੀ ਅਵਾਜ ਸੁਣੀ ਹੀ ਨਹੀਂ ਜਾ ਰਹੀ।ਅੱਜ ਕਿਸਾਨ ਅਪਣੇ ਜਾਇਜ ਅਧਿਕਾਰਾਂ ਲਈ ਅਵਾਜ ਬੁਲੰਦ ਕਰ ਰਿਹਾ ਹੈ ਜੋ ਕਿ ਸਰਕਾਰਾਂ ਲਈ ਬੜੇ ਸ਼ਰਮ ਦੀ ਗੱਲ ਹੈ।ਉਨ੍ਹਾਂ ਕਿਸਾਨ ਜਥੇਬੰਦੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਘੁਟਾਲੇ ਦੇ ਵਿਰੁਧ ਲਾਮਬੰਦ ਹੋਣ।ਧੀਮਾਨ ਨੇ ਦੱਸਿਆ ਕਿ ਉਹ ਕਿਸਾਨਾ ਨੂੰ ਇਸ ਖਾਦ ਘੁਟਾਲੇ ਦੇ ਵਿਰੁੱਧ ਲਾਮਬੰਦ ਕਰਨਗੇ ਤੇ ਸੀ ਬੀ ਆਈ ਦੀ ਜਾਂਚ ਲਈ ਅੰਦੋਲਨ ਕਰਨਗੇ।ਇਸ ਮੌਕੇ ਸਿਮਰਨਜੀਤ ਸਿੰਘ, ਜਸਵੀਰ ਸਿੰਘ, ਬਲਜੀਤ ਸਿੰਘ, ਵੀਰ ਸਿੰਘ, ਜ਼ਸਪ੍ਰੀਤ ਸਿੰਘ, ਗੁਰਮੱਖ ਸਿੰਘ, ਗੁਰਨੇਕ ਸਿੰਘ,ਉਂਕਾਰ ਸਿੰਘ, ਹਰਮਿੰਦਰ ਸਿੰਘ, ਮਨਯੋਤ ਸਿੰਘ, ਪ੍ਰੇਮ ਸਿੰਘ, ਦੀਪਕ ਅਤੇ ਤਰਲੋਕ ਸਿੰਘ ਆਦਿ ਹਾਜਰ ਸਨ।

# 'ਗਲਤ ਸਾਈਡ ਤੋਂ ਆਉਂਦੇ ਟਰੱਕਾਂ ਕਾਰਨ ਕਦੇ ਵੀ ਵਾਪਰ ਸਕਦਾ ਵੱਡਾ ਹਾਦਸਾ'

**ਬਲਾਚੌਰ** (**ਜਸਵਿੰਦਰ ਬੈਂਸ**) ਚੰਡੀਗੜ੍ਹ-ਰੂਪਨਗਰ ਤੋਂ ਜਲੰਧਰ ਸਾਈਡ ਵੱਲ ਨੂੰ ਆਉਣ ਵਾਲੇ ਭਾਰੀ ਟਰੱਕ ਟਰਾਲੇ ਸੋਨੀ ਪੰਪ ਤੋਂ ਹੁੰਦੇ ਹੋਏ ਨਾਲ ਨਾਲ ਲਗਦੇ ਸਰਵਿਸ ਰੋਡ 'ਤੇ ਰੌਂਗ ਸਾਈਡ ਹੁੰਦੇ ਹੋਏ ਢਾਬਿਆਂ 'ਤੇ ਰੋਟੀ ਪਾਣੀ ਖਾਣ ਤੋਂ ਬਾਅਦ ਸੋਨੀ ਪੰਪ ਦੇ ਨਾਲ ਰੌਂਗ ਸਾਈਡ ਹੁੰਦੇ ਹੋਏ ਸਰਵਿਸ ਲੇਨ ਦੇ ਨਾਲ ਕੰਗਣਾ ਪੁਲ ਤੋਂ ਹੁੰਦੇ ਹੋਏ ਜਲੰਧਰ ਸਾਈਡ ਨੂੰ ਜਾ ਰਹੇ ਹਨ।ਕੰਗਣਾ ਪੁੱਲ ਦੇ ਥੱਲ੍ਹੇ ਕਦੇ ਵੀ ਕੋਈ ਵੱਡਾ ਹਾਦਸਾ ਹੋ ਸਕਦਾ ਹੈ।ਕੰਗਣਾ ਪੁਲ ਦੇ ਨਾਲ ਜੋ ਚੰਡੀਗੜ੍ਹ ਨੂੰ ਸਰਵਿਸ ਲਾਈਨ ਹੈ।ਸਰਵਿਸ ਲਾਇਨ ਹਮੇਸ਼ਾ ਗੱਡੀਆਂ ਨਾਲ ਭਰੀ ਰਹਿੰਦੀ ਹੈ।ਆਉਣ ਜਾਉਣ ਵਾਲੇ ਰਾਹਗੀਰਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।ਇਸ ਤੋਂ ਪਹਿਲਾਂ ਕਈ ਵਾਰ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ।ਪਹਿਲਾਂ ਵੀ ਮੇਜਰ ਐਕਸੀਡੈਂਟ ਹੋ ਚੁੱਕੇ ਹਨ ਅਤੇ ਕਈ ਕੀਮਤੀ ਜਾਨਾ ਜਾ ਚੁਕੀਆਂ ਹਨ।ਖਾਸ ਤੌਰ 'ਤੇ ਮੇਨ ਕੰਗਣਾ ਪੁਲ ਚੌਂਕ 'ਚ ਦੋਨੋਂ ਸਾਈਡ 'ਤੇ ਜੋ ਬੱਸਾਂ ਵਿੱਚ ਆਉਣ ਜਾਣ ਵਾਸਤੇ ਖਾਸ ਤੌਰ ਲੇਡੀਜ਼ ਸਵਾਰੀਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂਕਿ ਉਹਨਾਂ ਵਾਸਤੇ ਕੋਈ ਵੀ ਬਾਸ਼ਰੂਮ ਵਗੈਰਾ ਦਾ ਕੋਈ ਵੀ ਪ੍ਰਬੰਧ ਨਹੀਂ ਹੈ ਤੇ ਨਾ ਹੀ ਬੈਠਣਯੋਗ ਕੋਈ ਜਗ੍ਹਾ ਹੈ।

ਜ਼ਿਆਦਾਤਰ ਲੇਡੀਜ਼ ਸਵਾਰੀਆਂ ਨੂੰ ਤਾਂ ਬਹੁਤ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ ਬਾਰਿਸ਼ ਵਿੱਚ ਸਵਾਰੀਆਂ ਨੂੰ ਖੜਨ ਵਾਸਤੇ ਕੋਈ ਸ਼ੈਡ ਵਗੈਰਾ ਦੀ ਸਹੂਲਤ ਨਹੀਂ ਹੈ।ਰੋਪੜ ਤੋਂ ਫਗਵਾੜੇ ਤੱਕ ਚਾਰ ਮਾਰਗੀ ਸੜਕ ਬਣਾਈ ਗਈ ਹੈ।ਲੇਕਿਨ ਬਲਾਚੌਰ ਵਿੱਚ ਤਿੰਨ ਮਾਰਗੀ ਰਹਿ ਗਈ ਹੈ। ਜੋ ਕਿ ਬਲਾਚੌਰ ਦਾ ਪੁਲ ਹੈ।ਇਹ ਸਿਰਫ ਸਿੰਗਲ ਪੁੱਲ ਹੀ ਬਣਾਇਆ ਗਿਆ ਹੈ। ਇਸ ਪੁਲ ਦੇ ਥੱਲੇ ਤੋਂ ਟਰੱਕ, ਟਰਾਲੇ ਅਤੇ ਹੋਰ ਕਈ ਵਾਹਨ ਬਹੁਤ ਤੇਜ਼ ਸਪੀਡ ਨਾਲ ਗਲਤ ਸਾਈਡ 'ਤੇ ਆਉਣ ਕਾਰਨ ਹਾਦਸੇ ਹੁੰਦੇ ਹਨ।ਪ੍ਰਸ਼ਾਸਨ ਨੂੰ ਇਸ ਵੱਲ ਧਿਆਨ ਦੇਣ ਦੀ ਲੋੜ ਹੈ।

# ਚੋਰੀ, ਲੁੱਟਮਾਰ ਦੀਆਂ ਵਾਰਦਾਤਾਂ ਖਿਲਾਫ਼ ਪੁਲਸ ਕਮਿਸ਼ਨਰ ਦਫ਼ਤਰ ਅੱਗੇ ਧਰਨਾ



**ਜਲੰਧਰ** (**ਰਾਜੇਸ਼ ਥਾਪਾ**)- ਜਲੰਧਰ ਸ਼ਹਿਰ 'ਚ ਚੋਰੀ, ਲੁੱਟਾਂ-ਖੋਹਾਂ, ਡਕੈਤੀਆਂ ਅਤੇ ਕਤਲਾਂ ਦੀਆਂ ਵਾਰਦਾਤਾਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ।ਅਪਰਾਧੀਆਂ ਦੇ ਹੌਂਸਲੇ ਇੱਥੋਂ ਤੱਕ ਵਧ ਗਏ ਹਨ ਕਿ ਅੰਦਰੂਨੀ ਸ਼ਹਿਰ ਦੇ ਬੇਹੱਦ ਭੀੜ ਭਰੇ ਇਲਾਕਿਆਂ ਵਿਚਲੇ ਵਪਾਰਕ ਅਦਾਰਿਆਂ 'ਚ ਵੀ ਦਿਨ-ਦਿਹਾੜੇ ਡਾਕੇ ਪੈ ਰਹੇ ਹਨ।ਲੁਟੇਰਿਆਂ ਨੂੰ ਪੁਲਸ, ਸੀ ਸੀ ਟੀ ਵੀ ਕੈਮਰਿਆਂ ਦਾ ਉੱਕਾ ਹੀ ਕੋਈ ਡਰ ਨਹੀਂ ਰਿਹਾ ਹੈ।

ਇਨ੍ਹਾਂ ਹਾਲਾਤਾਂ 'ਤੇ ਚਿੰਤਾ ਜਾਹਰ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ, ਜਾਇੰਟ ਸਕੱਤਰ ਬਲਦੇਵ ਸਿੰਘ ਨੂਰਪੁਰੀ, ਜ਼ਿਲ੍ਹਾ ਪ੍ਰਧਾਨ ਨਿਰਮਲ ਮਲਸੀਆਂ, ਸੈਂਟਰ ਆਫ ਟਰੇਡ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਾਮ ਕਿਸ਼ਨ ਅਤੇ ਜ਼ਿਲ੍ਹਾ ਸਕੱਤਰ ਹਰੀਮੁਨੀ ਸਿੰਘ, ਲੋਕ ਭਲਾਈ ਮੰਚ ਜੰਡਿਆਲਾ ਦੇ ਪ੍ਰਧਾਨ ਮੱਖਣ ਪੱਲ੍ਹਨ ਸਰਪੰਚ, ਜਮਹੂਰੀ ਕਿਸਾਨ ਸਭਾ ਦੇ ਆਗੂ ਸੁਖਦੇਵ ਦੱਤ ਬਾਂਕਾ, ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਦੇ ਆਗੂ ਡਾ. ਬਲਵਿੰਦਰ ਸਿੰਘ ਛੇਹਰਟਾ, ਪੱਤਕਾਰ ਭਾਈਚਾਰਾ ਰਮੇਸ਼ ਰਾਣਾ, ਨੈਸ਼ਨਲ ਵਾਲਮੀਕਿ ਸਭਾ ਭਾਰਤ ਦੇ ਸੋਨੂੰ ਹੰਸ, ਪ੍ਰਵਾਸੀ ਨੇਪਾਲੀ ਸਿੰਘ ਭਾਰਤ ਦੇ ਆਗੂ ਬਸੰਤ ਘਾਰਤੀ ਨੇ ਕਿਹਾ ਕਿ ਇੰਡਸਟਰੀਅਲ ਇਲਾਕਿਆਂ ਦੀ ਹਾਲਤ ਤਾਂ ਹੋਰ ਵੀ ਡਰਾਉਣੀ ਹੈ। ਉਪਰੋਕਤ ਆਗੂਆਂ ਨੇ ਕਿਹਾ ਕਿ ਪੰਜਾਬ ਦੀ ਮੌਜੂਦ ਸਰਕਾਰ ਦੇ ਅਮਨ ਕਾਨੂੰਨ ਅਤੇ ਲੋਕਾਂ ਦੀ ਸੁਰੱਖਿਆ ਦੇ ਦਾਅਵੇ ਖੋਖਲੇ ਸਾਬਤ ਹੋ ਰਹੇ ਹਨ।ਧਰਨੇ ਰਾਹੀਂ ਪੰਜ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਗਈ ਕਿ ਲੋਕਾਂ ਦੀ ਜਾਨ-ਮਾਲ ਦੀ ਰਾਖੀ ਕੀਤੀ ਜਾਵੇ।

# ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਦਿੱਤੀ ਜਾਣਕਾਰੀ



**ਫਿਲੌਰ** (**ਨਿਰਮਲ**) ਫਿਲੌਰ ਦੇ ਅਕਲਪੁਰ ਰੋਡ ਸਥਿਤ ਬਾਬਾ ਬ੍ਰਹਮਦਾਸ ਸਕੂਲ ਵਿਖੇ ਵਿਦਿਆਰਥੀਆਂ ਨੂੰ ਟਰੈਫਿਕ ਨਿਯਮਾਂ ਸੰਬੰਧੀ ਜਾਣਕਾਰੀ ਦੇਣ ਸੰਬੰਧੀ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ।ਜਿਸ ਦੌਰਾਨ ਸੁਖਜਿੰਦਰ ਸਿੰਘ ਸਬ ਇੰਸਪੈਕਟਰ ਇੰਚਾਰਜ ਟਰੈਫਿਕ ਐਜੂਕੇਸ਼ਨ ਸੈਲ ਜਲੰਧਰ (ਦਿਹਾਤੀ) ਨੇ ਦੱਸਿਆ ਕਿ ਜਿਲ੍ਹਾ ਜਲੰਧਰ ਦਿਹਾਤੀ ਐਸ ਐਸ ਪੀ ਸਾਹਿਬ ਦੀਆਂ ਹਦਾਇਤਾਂ ਮੁਤਾਬਕ ਬਾਬਾ ਬ੍ਰਹਮਦਾਸ ਪਬਲਿਕ ਹਾਈ ਸਕੂਲ ਰਾਮਗੜ੍ਹ (ਫਿਲੌਰ) ਦੇ 9ਵੀ ਅਤੇ 10ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਟਰੈਫਿਕ ਨਿਯਮਾਂ ਬਾਰੇ ਵਿਸਥਾਰ ਪੂਰਵਕ ਜਾਣੂ ਕਰਵਾਇਆ ਗਿਆ।ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਨੂੰ ਦੱਸਿਆ ਕਿ ਅਗਰ ਕੋਈ ਵੀ ਨਾਬਾਲਗ ਬੱਚਾ ਕੋਈ ਵੀ ਵਾਹਨ ਚਲਾਉਂਦਾ ਫੜਿਆ ਗਿਆ ਉਸ ਖ਼ਿਲਾਫ਼ ਕਾਨੂੰਨ ਮੁਤਾਬਕ ਸਖ਼ਤ ਕਾਰਵਾਈ ਕੀਤੀ ਜਾਵੇਗੀ ਉਨ੍ਹਾਂ ਕਿਹਾ ਕਿ ਬੱਚਿਆਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਅਪੀਲ ਹੈ ਕਿ ਉਹ ਜਦੋਂ ਤੱਕ ਲਾਇਸੰਸ ਜਾਰੀ ਨਹੀਂ ਹੁੰਦਾ ਕੋਈ ਵੀ ਵਾਹਨ ਨਾ ਚਲਾਉਣ।ਇਸ ਮੌਕੇ ਹੋਰ ਟ੍ਰੈਫਿਕ ਪੁਲਸ ਦੇ ਮੁਲਾਜ਼ਮ ਅਤੇ ਸਕੂਲ ਸਟਾਫ ਹਾਜ਼ਰ ਸਨ।

# ਗਾਇਕ ਕਿਸ਼ੋਰ ਕੁਮਾਰ ਦਾ 95ਵਾਂ ਜਨਮ ਦਿਨ ਮਨਾਇਆ

**ਕਰਤਾਰਪੁਰ,** (**ਹਰਮੇਸ਼ ਦੱਤ**)- ਗਾਇਕ ਕਿਸ਼ੋਰ ਕੁਮਾਰ ਦੇ 95ਵੇਂ ਜਨਮ ਦਿਨ 'ਤੇ ਸਥਾਨਕ ਮੁਹੰਮਦ ਰਫ਼ੀ ਮਿਊਜ਼ਿਕ ਐਸੋਸੀਏਸ਼ਨ ਨੇ ਵਿਸ਼ਵਕਰਮਾ ਭਵਨ ਵਿਖੇ ਇੱਕ ਪ੍ਰੋਗਰਾਮ ਦਾ ਆਯੋਜਨ ਕਰਕੇ ਫ਼ਿਲਮ ਜਗਤ ਦੇ ਮਹਾਨ ਗਾਇਕ ਅਤੇ ਅਦਾਕਾਰ ਕਿਸ਼ੋਰ ਕੁਮਾਰ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਪ੍ਰਧਾਨ ਵਣਮਾਲੀ ਕਾਂਤ ਸ਼ਰਮਾ ਨੇ ਕਿਹਾ ਕਿ ਕਿਸ਼ੋਰ ਕੁਮਾਰ ਵਧੀਆ ਗਾਇਕ ਹੋਣ ਦੇ ਨਾਲ-ਨਾਲ ਪ੍ਰਸਿੱਧ ਅਦਾਕਾਰ ਵੀ ਸਨ । ਉਸ ਨੇ ਹਰ ਭਾਸ਼ਾ ਵਿਚ ਗੀਤ ਗਾਏ ਅਤੇ ਅੱਜ ਵੀ ਉਸ ਦੇ ਗੀਤ ਸੁਣ ਕੇ ਮਨ ਹੋਰ ਵੀ ਰੋਮਾਂਚਿਤ ਹੋ ਜਾਂਦਾ ਹੈ। ਆਪਣੀ ਪਲੇਅ ਬੈਕ ਗਾਇਕੀ ਰਾਹੀਂ ਉਸ ਨੇ ਫ਼ਿਲਮ ਜਗਤ ਦੇ ਮਸ਼ਹੂਰ ਕਲਾਕਾਰਾਂ ਜਿਵੇਂ ਰਾਜੇਸ਼ ਖੰਨਾ, ਅਮਿਤਾਭ ਬੱਚਨ, ਧਰਮਿੰਦਰ, ਰਿਸ਼ੀ ਕਪੂਰ ਆਦਿ ਨੂੰ ਵੀ ਸਿਖਰ 'ਤੇ ਪਹੁੰਚਾਉਣ ਵਿੱਚ ਮਦਦ ਕੀਤੀ। ਇਸ ਮੌਕੇ ਵਨਮਾਲੀ ?‌?ਕਾਂਤ ਸ਼ਰਮਾ ਨੇ ਰੂਪ ਤੇਰਾ ਮਸਤਾਨਾ ਆਦਿ ਗੀਤ ਗਾ ਕੇ ਸਮਾਂ ਲੰਘਾਇਆ।ਪ੍ਰੋਗਰਾਮ ਦੇ ਪ੍ਰਬੰਧ ਵਿੱਚ ਦੀਪਕ ਸ਼ਰਮਾ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਮੌਕੇ ਪ੍ਰਮੋਦ ਧੀਮਾਨ, ਵਰਿੰਦਰ ਸ਼ਰਮਾ, ਦੀਪਕ ਸ਼ਰਮਾ, ਜਸ਼ਨ, ਸਾਗਰ ਆਨੰਦ, ਰਾਜਾ ਥਾਪਰ, ਸ਼ਿਤਾਂਸ਼ੂ ਜੋਸ਼ੀ, ਰਜਨੀਸ਼ ਸ਼ਰਮਾ, ਬਲਰਾਮ ਤੋਂ ਇਲਾਵਾ ਬਹੁਤ ਸਾਰੇ ਸਰੋਤੇ ਅਤੇ ਸੰਗੀਤ ਪ੍ਰੇਮੀ ਹਾਜ਼ਰ ਸਨ।



# ਐਲੀਮੈਂਟਰੀ ਟੀਚਰਜ਼ ਯੂਨੀਅਨ ਵੱਲੋਂ ਬੀ ਪੀ ਈ ਓ ਪ੍ਰਦੀਪ ਕੁਮਾਰ ਦਾ ਸਵਾਗਤ



**ਮਹਿਤਪੁਰ** (**ਰਾਜਾ**) ਪੰਜਾਬ ਦੇ ਪ੍ਰਾਇਮਰੀ ਅਧਿਆਪਕਾਂ ਦੀ ਸਿਰਮੌਰ ਜਥੇਬੰਦੀ ਐਲੀਮੈਂਟਰੀ ਟੀਚਰਜ਼ ਯੂਨੀਅਨ ਪੰਜਾਬ (ਰਜਿ:) ਇਕਾਈ ਬਲਾਕ ਨਕੋਦਰ-1 ਵੱਲੋਂ ਸੂਬਾ ਮੀਤ ਪ੍ਰਧਾਨ ਅਤੇ ਜ਼ਿਲ੍ਹਾ ਜਲੰਧਰ ਦੇ ਪ੍ਰੈਸ ਸਕੱਤਰ ਦਿਲਬਾਗ਼ ਸਿੰਘ ਦੀ ਅਗਵਾਈ ਵਿੱਚ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਨਕੋਦਰ-1 ਦਾ ਵਾਧੂ ਚਾਰਜ ਸੰਭਾਲਣ ਮੌਕੇ ਨਵੇਂ ਬੀ ਪੀ ਈ ਓ ਪ੍ਰਦੀਪ ਕੁਮਾਰ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਜੀ ਆਇਆਂ ਆਖਿਆ।ਇਸ ਮੌਕੇ ਉਨ੍ਹਾਂ ਜਥੇਬੰਦੀ ਵਲੋਂ ਨਵੇਂ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਨਕੋਦਰ-1 ਪ੍ਰਦੀਪ ਕੁਮਾਰ ਨੂੰ ਮੁਬਾਰਕਬਾਦ ਅਤੇ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।ਜਥੇਬੰਦੀ ਵਲੋਂ ਉਨ੍ਹਾਂ ਨੂੰ ਬਲਾਕ ਦੇ ਵਿਦਿਆਰਥੀਆਂ ਦਾ ਸਿੱਖਿਆ ਪੱਧਰ ਉੱਚਾ ਚੁੱਕਣ ਲਈ ਬਲਾਕ ਦੇ ਅਧਿਆਪਕਾਂ ਵਲੋਂ ਹਰ ਪ੍ਰਕਾਰ ਦੇ ਸਹਿਯੋਗ ਦਾ ਭਰੋਸਾ ਦਿੱਤਾ ਗਿਆ।ਇਸੇ ਦੌਰਾਨ ਬਲਾਕ ਨਕੋਦਰ -1 ਦਾ ਵਾਧੂ ਚਾਰਜ ਛੱਡਣ ਮੌਕੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਕਰਤਾਰਪੁਰ ਬੀ ਕੇ ਮਹਿਮੀ ਨੂੰ ਜਥੇਬੰਦੀ ਵਲੋਂ ਉਨ੍ਹਾਂ ਦੁਆਰਾ ਬਲਾਕ ਨੂੰ ਦਿੱਤੀਆ ਵਡਮੁੱਲੀਆਂ ਸੇਵਾਵਾਂ ਲਈ ਧੰਨਵਾਦ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਨਿੱਘੀ ਵਿਦਾਇਗੀ ਦਿੱਤੀ ਗਈ।ਇਸ ਮੌਕੇ ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਅਤੇ ਜ਼ਿਲ੍ਹਾ ਪ੍ਰੈਸ ਸਕੱਤਰ ਦਿਲਬਾਗ਼ ਸਿੰਘ, ਕਪਿਲ ਕਵਾਤਰਾ, ਜਸਵੰਤ ਸਿੰਘ (ਦੋਵੇਂ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ) ਜ਼ਿਲ੍ਹਾ ਇਕਾਈ ਆਗੂ ਲਖਵਿੰਦਰ ਸਿੰਘ, ਸ਼ੇਖਰ ਚੰਦ, ਵਨੀਤ ਕੁਮਾਰ, ਦਲੀਪ ਸਿੰਘ, ਜਸਵੀਰ ਸਿੰਘ, ਸੁਰਜੀਤ ਸਿੰਘ, ਮੈਡਮ ਰਾਜਵੀਰ ਕੌਰ ਹੋਰ ਅਧਿਆਪਕ ਸਹਿਬਾਨ ਅਤੇ ਦਫ਼ਤਰੀ ਅਮਲਾ ਹਾਜ਼ਰ ਸੀ।

# ਖ਼ੂਨਦਾਨ ਕੈਂਪ 'ਚ 68 ਖ਼ੂਨਦਾਨੀਆਂ ਨੇ ਕੀਤਾ ਖ਼ੂਨਦਾਨ



**ਰਾਹੋਂ** (**ਕੁਲਵਿੰਦਰ ਸਿੰਘ ਰਾਹੋਂ**) ਸਿੱਧੂ ਹਸਪਤਾਲ ਵੱਲੋਂ ਲਾਇਆ ਵਿਸ਼ਾਲ ਖ਼ੂਨਦਾਨ ਕੈਂਪ 68 ਖ਼ੂਨਦਾਨੀਆਂ ਨੇ ਖ਼ੂਨਦਾਨ ਕੀਤਾ। ਸਿੱਧੂ ਹਸਪਤਾਲ ਸਕੈਨ ਸੈਂਟਰ ਵੱਲੋਂ ਇੱਕ ਵਿਸ਼ਾਲ ਖ਼ੂਨ ਦਾਨ ਕੈਂਪ ਲਾਇਆ ਗਿਆ। ਇਸ ਮੌਕੇ ਸਿੱਧੂ ਹੋਸਪੀਟ ਐਂਡ ਸਕੈਨ ਸੈਂਟਰ ਦੇ ਮਾਲਕ ਡਾਕਟਰ ਵਰਿੰਦਰ ਪਾਲ ਸਿੰਘ ਸਿੱਧੂ ਵੱਲੋਂ ਕਿਹਾ ਖ਼ੂਨਦਾਨ ਉਤਮ ਦਾਨ ਖ਼ੂਨਦਾਨ ਕਰਨਾ ਸਭ ਤੋਂ ਵੱਡੀ ਸਮਾਜ ਸੇਵਾ ਹੈ ਕਿ ਤੁਹਾਡਾ ਦਾਨ ਕੀਤਾ ਖ਼ੂਨ ਕਿਸੇ ਜ਼ਰੂਰਤ ਮੰਦ ਦੀ ਜ਼ਿੰਦਗੀ ਬਚਾ ਸਕਦਾ ਹੈ। ਇੱਕ ਤੰਦਰੁਸਤ ਇਨਸਾਨ ਨੂੰ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਜਾਂ ਦੋ ਵਾਰ ਖ਼ੂਨਦਾਨ ਜ਼ਰੂਰ ਕਰਨਾ ਚਾਹੀਦਾ ਹੈ।ਡਾ. ਵਰਿੰਦਰ ਪਾਲ ਸਿੰਘ ਸਿੱਧੂ, ਡਾਕਟਰ ਸੁਰਿੰਦਰ, ਮੋਹਨ ਸਿੰਘ ਸਿੱਧੂ, ਡਾ. ਜਗਦੀਪ ਕੌਰ ਵੱਲੋਂ ਖ਼ੂਨਦਾਨ ਕਰਨ ਵਾਲੇ ਖ਼ੂਨਦਾਨੀਆਂ ਨੂੰ ਸਰਟੀਫਿਕੇਟ, ਮੈਡਲ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਰਾਹੋਂ ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਤੇ ਬਲਾਕ ਇੰਚਾਰਜ ਯੋਗੇਸ਼ ਕੁਮਾਰ ਜੋਗਾ, ਨਵਾਂਸ਼ਹਿਰ ਦੇ ਵਿਧਾਇਕ ਡਾਕਟਰ ਨਛੱਤਰ ਪਾਲ, ਸ਼੍ਰੋਮਣੀ ਅਕਾਲੀ ਦਲ ਦੇ ਆਗੂ ਰਮਨਦੀਪ ਸਿੰਘ ਥਿਆੜਾ, ਰਾਹੋਂ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਹੇਮੰਤ ਕੁਮਾਰ, ਰੰਦੇਵ (ਬੌਬੀ) ਇਹ ਕੈਂਪ ਸੰਤ ਗੁਰਮੇਲ ਸਿੰਘ ਚੈਰੀਟੇਬਲ ਹਸਪਤਾਲ ਮਹਿਤਪੁਰ ਦੇ ਸਟਾਫ ਵੱਲੋਂ ਡਾਕਟਰ ਬਜਰੰਗੀ ਟੀਮ ਵੱਲੋਂ ਲਾਇਆ ਗਿਆ। ਡਾਕਟਰ ਵਰਿੰਦਰ ਪਾਲ ਸਿੰਘ ਸਿੱਧੂ, ਡਾਕਟਰ ਜਗਦੀਪ ਕੌਰ ਵੱਲੋਂ ਖ਼ੂਨ ਦਾਨੀਆ 'ਤੇ ਵਿਸ਼ੇਸ਼ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

# 'ਸਰਕਾਰ ਆਪ ਕੇ ਦੁਆਰ' ਪ੍ਰੋਗਰਾਮ ਤਹਿਤ ਵਿਸ਼ੇਸ਼ ਕੈਂਪ ਅੱਜ

ਫਗਵਾੜਾ ( ਡਾ ਰਮਨ ) ਪੰਜਾਬ ਸਰਕਾਰ ਵਲੋਂ ਲੋਕਾਂ ਨੂੰ ਉਨ੍ਹਾਂ ਦੇ ਘਰ ਨੇੜੇ ਹੀ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਸ਼ੁਰੂ ਕੀਤੇ ਸਰਕਾਰ ਆਪ ਕੇ ਦੁਆਰ ਪ੍ਰੋਗਰਾਮ ਤਹਿਤ ਵਿਸ਼ੇਸ਼ ਕੈਂਪ ਖਲਵਾੜਾ ਦੇ ਕਮਿਊਨਿਟੀ ਸੈਂਟਰ ਵਿਖੇ 6 ਅਗਸਤ ਦੁਪਿਹਰ 12 ਵਜੇ ਤੋਂ 3 ਵਜੇ ਤੱਕ ਲਗਾਇਆ ਜਾਵੇਗਾ।ਇਸ ਸੰਬਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੇ ਦੱਸਿਆ ਕਿ ਇਸ ਕੈਂਪ ਵਿੱਚ ਖਲਵਾੜਾ ਦੇ ਆਸ-ਪਾਸ ਦੇ ਇਲਾਕਿਆਂ ਦੇ ਲੋਕ ਇਸ ਕੈਂਪ ਵਿਚ ਪਹੁੰਚ ਕੇ ਸਰਕਾਰੀ ਸੇਵਾਵਾਂ ਦਾ ਲਾਭ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਸੁਵਿਧਾ ਕੈਂਪ ਦੌਰਾਨ ਸੇਵਾ ਕੇਂਦਰ ਨਾਲ ਸੰਬੰਧਿਤ ਸੇਵਾਵਾਂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਵੱਲੋਂ ਵੀ ਆਪਣੇ ਵਿਭਾਗ ਨਾਲ ਸਬੰਧਤ ਸਟਾਲ ਲਾ ਕੇ ਮੌਕੇ ਹੀ ਲੋਕਾਂ ਨੂੰ ਲੋੜੀਂਦੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ।

ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਮਾਲ ਵਿਭਾਗ ਨਾਲ ਸਬੰਧਤ ਇੰਤਕਾਲ, ਨਗਰ ਕੌਂਸਲ, ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਸਿਹਤ ਵਿਭਾਗ ਨਾਲ ਸਬੰਧਤ ਆਦਿ ਕੰਮਾਂ ਦੀਆਂ ਸੁਵਿਧਾਵਾਂ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸੇਵਾ ਕੇਂਦਰ ਨਾਲ ਸੰਬਧਤ ਰੈਜ਼ੀਡੈਂਸ ਸਰਟੀਫਿਕੇਟ, ਆਮਦਨ ਸਰਟੀਫਿਕੇਟ, ਜਾਤੀ ਸਰਟੀਫਿਕੇਟ, ਬੁਢਾਪਾ ਪੈਨਸ਼ਨ, ਜਨਮ ਸਰਟੀਫਿਕੇਟ, ਜਨਮ ਸਰਟੀਫਿਕੇਟ ਸਬੰਧੀ/ਜਨਮ ਸਰਟੀਫਿਕੇਟ ਵਿੱਚ ਨਾਮ ਦਾਖਲ ਕਰਵਾਉਣ ਸਬੰਧੀ, ਸ਼ਹਿਰੀ ਖੇਤਰ ਨਾਲ ਸੰਬੰਧਿਤ ਜਨਮ ਸਰਟੀਫਿਕੇਟ ਵਿੱਚ ਕੋਈ ਬਦਲਾਅ ਸਬੰਧੀ ਅਤੇ ਪੁਰਾਣੇ ਦਸਤਾਵੇਜ਼ਾਂ ਨੂੰ ਤਸਦੀਕ ਕਰਵਾਉਣ ਸਬੰਧੀ ਆਦਿ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ।ਇਸ ਤੋਂ ਇਲਾਵਾ ਖੇਤੀਬਾੜੀ ਵਿਭਾਗ/ਲੀਡ ਬੈਂਕ ਮੈਨੇਜਰ, ਪਸ਼ੂ ਪਾਲਣ ਵਿਭਾਗ, ਮੱਛੀ ਪਾਲਣ ਵਿਭਾਗ, ਕੋ-ਆਪਰੇਟਿਵ ਸੋਸਾਇਟੀ, ਰਾਜ ਪੇਂਡੂ ਰੋਜ਼ੀ-ਰੋਟੀ ਮਿਸ਼ਨ, ਉਦਯੋਗ ਕੇਂਦਰ, ਸਕਿੱਲ ਡਿਵੈੱਲਪਮੈਂਟ, ਰੋਜ਼ਗਾਰ ਵਿਭਾਗ ਆਦਿ ਵਿਭਾਗ ਆਪੋ-ਆਪਣੇ ਵਿਭਾਗ ਦੀਆਂ ਸਕੀਮਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨਗੇ।

# ਹੀਰੋਸ਼ੀਮਾ ਤੇ ਨਾਗਾਸਾਕੀ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਦੇਣ ਲਈ ਕਨਵੈਨਸ਼ਨ 9 ਨੂੰ



**ਨਵਾਂਸ਼ਹਿਰ** (**ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ**) ਜਮਹੂਰੀ ਅਧਿਕਾਰ ਸਭਾ ਵੱਲੋਂ 9 ਅਗਸਤ ਨੂੰ ਬੱਸ ਅੱਡਾ ਨਵਾਂਸ਼ਹਿਰ ਵਿਖੇ ਜਪਾਨ ਦੇ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਵਿੱਚ ਪ੍ਰਮਾਣੂ ਬੰਬਾਂ ਨਾਲ ਮਾਰੇ ਗਏ ਲੱਖਾਂ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਅਤੇ ਮੌਜੂਦਾ ਚੱਲ ਰਹੀਆਂ ਜੰਗਾਂ ਦੇ ਵਿਰੋਧ ਵਿਚ ਕਨਵੈਨਸ਼ਨ ਅਤੇ ਮੁਜਾਹਰਾ ਕੀਤਾ ਜਾਵੇਗਾ।ਇਹ ਫੈਸਲਾ ਜਮਹੂਰੀ ਅਧਿਕਾਰ ਸਭਾ ਸ਼ਹੀਦ ਭਗਤ ਸਿੰਘ ਨਗਰ ਜਿਲ੍ਹਾ ਕਮੇਟੀ ਦੀ ਮੀਟਿੰਗ ਵਿੱਚ ਕੀਤਾ ਗਿਆ।ਇਹ ਜਾਣਕਾਰੀ ਦਿੰਦੇ ਹੋਏ ਸਭਾ ਦੇ ਜਿਲ੍ਹਾ ਸਕੱਤਰ ਜਸਬੀਰ ਦੀਪ ਨੇ ਦੱਸਿਆ ਕਿ ਅਮਰੀਕਾ ਵੱਲੋਂ 6 ਅਗਸਤ 1945 ਨੂੰ ਜਪਾਨੀ ਸ਼ਹਿਰ ਹੀਰੋਸ਼ੀਮਾ ਅਤੇ 9 ਅਗਸਤ ਨੂੰ ਨਾਗਾਸਾਕੀ ਉੱਤੇ ਪ੍ਰਮਾਣੂ ਬੰਬ ਸੁੱਟਕੇ ਭਿਆਨਕ ਤਬਾਹੀ ਮਚਾਈ ਗਈ ਸੀ ਜਿਹਨਾਂ ਵਿਚ 199000 ਲੋਕ ਮਾਰੇ ਗਏ ਸਨ ਅਤੇ ਲੱਖਾਂ ਲੋਕ ਜਖਮੀ ਹੋਏ ਸਨ।ਇਹ ਇਤਿਹਾਸ ਵਿਚ ਅਮਰੀਕਨ ਸਾਮਰਾਜ ਵੱਲੋਂ ਕੀਤੀ ਗਈ ਸਭ ਤੋਂ ਵੱਡੀ ਅਤੇ ਭਿਆਨਕ ਤਬਾਹੀ ਹੈ।ਉਹਨਾਂ ਕਿਹਾ ਕਿ ਮੌਜੂਦਾ ਸਮੇਂ ਵਿਚ ਕਈ ਦੇਸ਼ਾਂ ਕੋਲ ਵੱਡੀ ਗਿਣਤੀ ਵਿੱਚ ਪ੍ਰਮਾਣੂ ਹਥਿਆਰ ਮੌਜੂਦ ਹਨ ਜੋ ਸਭ ਕੁਝ ਤਬਾਹ ਕਰ ਸਕਦੇ ਹਨ।ਤਾਜਾ ਹਾਲਾਤਾਂ ਤੋਂ ਪਤਾ ਲੱਗਦਾ ਹੈ ਕਿ ਦੁਨੀਆਂ ਤੀਸਰੇ ਸੰਸਾਰ ਯੁੱਧ ਦੀਆਂ ਬਰੂਹਾਂ ਉੱਤੇ ਖੜੀ ਹੈ।ਇਜ਼ਰਾਇਲ ਫਲਸਤੀਨੀਆਂ ਨੂੰ ਬੰਬਾਂ ਅਤੇ ਮਿਜ਼ਾਇਲਾਂ ਦਾ ਖਾਜਾ ਬਣਾ ਰਿਹਾ ਹੈ ਜਿਸਦੀ ਪਿੱਠ 'ਤੇ ਅਮਰੀਕਨ ਸਾਮਰਾਜ ਹੈ।ਇਜ਼ਰਾਇਲ ਵਲੋਂ ਆਮ ਫਲਸਤੀਨੀਆਂ ਦੇ ਕਤਲ ਕਰ ਰਿਹਾ ਹੈ, ਸਕੂਲਾਂ, ਹਸਪਤਾਲਾਂ , ਸ਼ਰਨਾਰਥੀ ਕੈਂਪਾਂ ਅਤੇ ਘਰਾਂ ਨੂੰ ਤਬਾਹ ਕਰ ਰਿਹਾ ਹੈ।ਸੰਯੁਕਤ ਰਾਸ਼ਟਰ ਮਹਾ ਸਭਾ ਵਿਚ ਫਲਸਤੀਨੀਆਂ ਦੇ ਦਰਦ ਨੂੰ ਦੂਰ ਕਰਨ ਦੀ ਸਮਰੱਥਾ ਨਜਰ ਨਹੀਂ ਆਉਂਦੀ।ਦੂਜੇ ਪਾਸੇ ਰੂਸ-ਯੂਕਰੇਨ ਜੰਗ ਅਣਗਿਣਤ ਲੋਕਾਂ ਦੀਆਂ ਜਾਨਾਂ ਲੈ ਚੁੱਕਾ ਹੈ।ਇਹਨਾਂ ਯੁੱਧਾਂ ਦਾ ਸਾਰੇ ਸੰਸਾਰ ਉੱਤੇ ਖਾਸਕਰ ਮਿਹਨਤਕਸ਼ ਜਨਤਾ ਉੱਤੇ ਬਹੁਤ ਹੀ ਦੁਰ-ਪ੍ਰਭਾਵ ਪੈ ਰਿਹਾ ਹੈ।ਲੋਕ ਮਰ ਰਹੇ ਹਨ ਅਤੇ ਸਾਮਰਾਜੀ ਤਾਕਤਾਂ ਆਪਣੇ ਹਥਿਆਰ ਵੇਚਕੇ ਮੁਨਾਫ਼ਾ ਕਮਾ ਰਹੀਆਂ ਹਨ।ਸਾਨੂੰ ਇਹਨਾਂ ਜੰਗਾਂ ਵਿਰੁੱਧ ਆਵਾਜ਼ ਚੁੱਕਣੀ ਚਾਹੀਦੀ ਹੈ।ਉਹਨਾਂ ਕਿਹਾ ਕਿ ਇਸ ਕੰਵੈਨਸ਼ਨ ਦੀ ਸਫਲਤਾ ਲਈ ਜਨਤਕ ਅਤੇ ਜਮਹੂਰੀ ਜਥੇਬੰਦੀਆਂ ਨੂੰ ਸੱਦਾ-ਪੱਤਰ ਦਿੱਤੇ ਜਾਣਗੇ।ਮੀਟਿੰਗ ਨੂੰ ਸਭਾ ਦੇ ਜਿਲ੍ਹਾ ਪ੍ਰਧਾਨ ਅਸ਼ੋਕ ਕੁਮਾਰ, ਦਲਜੀਤ ਸਿੰਘ ਐਡਵੋਕੇਟ, ਬੂਟਾ ਸਿੰਘ ਮਹਿਮੂਦ ਪੁਰ ਨੇ ਸੰਬੋਧਨ ਕੀਤਾ।ਇਸ ਮੀਟਿੰਗ ਵਿਚ ਜਿਲਾ ਮੀਤ ਪ੍ਰਧਾਨ ਗੁਰਨੇਕ ਸਿੰਘ,ਨਰਿੰਦਰ ਸਿੰਘ ਉੜਾਪੜ, ਗੁਰਦਿਆਲ ਸਿੰਘ ਮਹਿੰਦੀਪੁਰ ਅਤੇ ਬਲਜਿੰਦਰ ਸਿੰਘ ਦਿਆਲ ਵੀ ਹਾਜ਼ਰ ਸਨ।

# ਪਲੇਸਮੈਂਟ ਕੈਂਪ 7 ਨੂੰ

**ਜਲੰਧਰ,** (**ਸੁਰਿੰਦਰ ਕੁਮਾਰ**) ਸਥਾਨਕ ਜਲੰਧਰ 'ਚ ਚੱਲ ਰਹੇ ਜਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਵਿਭਾਗ ਵੱਲੋਂ ਨੌਜਵਾਨਾਂ ਨੂੰ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ 7 ਅਗਸਤ ਨੂੰ ਸਵੈ-ਰੋਜ਼ਗਾਰ-ਕਮ-ਪਲੇਸਮੈਂਟ ਕੈਂਪ ਲਾਇਆ ਜਾ ਰਿਹਾ ਹੈ।ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖ਼ਲਾਈ ਅਫ਼ਸਰ ਮੁਕੇਸ਼ ਸਾਰੰਗਲ ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਕੈਂਪ ਬੁੱਧਵਾਰ ਨੂੰ ਸਵੇਰੇ 10 ਵਜੇ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੀ ਤੀਜੀ ਮੰ ਜ਼ਲ ਸਥਿਤ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੇ ਦਫ਼ਤਰ ਵਿਖੇ ਲਗਾਇਆ ਜਾਵੇਗਾ, ਜਿਸ ਵਿੱਚ ਐਚ.ਡੀ.ਐਫ.ਸੀ., ਕੁਐਸ ਕਾਰਪ, ਕ੍ਰਿਸ਼ਨਾ ਐਂਡ ਸੰਨਜ਼ ਅਤੇ ਐਸ.ਆਈ.ਐਸ. ਲਾਈਫ ਬਾਇਓਟੈਕ ਕੰਪਨੀਆਂ ਨੌਜਵਾਨਾਂ ਨੂੰ ਨੌਕਰੀਆਂ ਪ੍ਰਦਾਨ ਕਰਨ ਲਈ ਪੁੱਜ ਰਹੀਆਂ ਹਨ।ਉਨ੍ਹਾਂ ਅੱਗੇ ਦੱਸਿਆ ਕਿ ਨੌਕਰੀਆਂ ਲਈ ਇੰਟਰਵਿਊ ਲਈ 18-35 ਸਾਲ ਉਮਰ ਦੇ 12ਵੀਂ/ਗ੍ਰੈਜੂਏਟ ਲੜਕੇ-ਲੜਕੀਆਂ ਪਲੇਸਮੈਂਟ ਕੈਂਪ ਵਿੱਚ ਭਾਗ ਲੈ ਸਕਦੇ ਹਨ।

# ਭਲਕੇ ਦੇ ਅਰਥੀ ਫੂਕ ਰੋਸ ਪ੍ਰਦਰਸ਼ਨ 'ਚ ਪੈਨਸ਼ਨਰ ਹੋਣਗੇ ਸ਼ਾਮਲ




**ਫਗਵਾੜਾ** (**ਡਾ. ਰਮਨ**) ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਪੰਜਾਬ ਦੇ ਆਗੂਆਂ ਨਾਲ ਸੁਖਾਵੇਂ ਮਾਹੌਲ ਵਿੱਚ ਦੋ ਧਿਰੀ ਗੱਲਬਾਤ ਕਰਕੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਹੱਕੀ ਅਤੇ ਜ਼ਾਇਜ਼ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਨ ਲਈ ਮੀਟਿੰਗ ਕਰਨ ਤੋਂ ਵਾਰ-ਵਾਰ ਟਾਲਾ ਵੱਟਿਆ ਜਾ ਰਿਹਾ ਹੈ ਅਤੇ ਆਪਣੇ ਵਲੋਂ ਮੀਟਿੰਗ ਕਰਨ ਦੇ ਦਿੱਤੇ ਭਰੋਸੇ ਨੂੰ, ਵਾਰ ਵਾਰ ਮੀਟਿੰਗ ਦੀ ਦਿੱਤੀ ਮਿਤੀ ਨੂੰ ਕੋਰਟ ਕੇਸਾਂ ਵਾਂਗ ਮੀਟਿੰਗ ਦੀ ਅਗਲੀ ਮਿਤੀ ਦੇ ਕੇ ਆਪਣੇ ਭਰੋਸੇ ਨੂੰ ਬੇਭਰੋਸਗੀ ਵਿੱਚ ਬਦਲਿਆ ਜਾ ਰਿਹਾ ਹੈ ਹੁਣ ਫਿਰ ਮੁੱਖ ਮੰਤਰੀ ਪੰਜਾਬ ਵਲੋਂ 2 ਅਗਸਤ ਦੀ ਮੀਟਿੰਗ ਰੱਦ ਕਰਦੇ ਹੋਏ 22 ਅਗਸਤ ਦੀ ਮਿਤੀ ਦੇ ਦਿੱਤੀ ਗਈ ਹੈ ਜਿਸ ਦੇ ਭਾਰੀ ਰੋਸ ਵਜੋਂ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ 5-6 ਅਗਸਤ ਨੂੰ ਸਮੁੱਚੇ ਪੰਜਾਬ ਵਿੱਚ ਪੰਜਾਬ ਸਰਕਾਰ ਦੇ ਪੁਤਲੇ, ਅਰਥੀਆਂ ਅਤੇ ਲਾਰਿਆਂ ਦੀਆਂ ਪੰਡਾਂ ਫੂਕ ਕੇ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕਰਨ ਦੇ ਦਿੱਤੇ ਗਏ ਸੱਦੇ ਅਨੁਸਾਰ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਫ਼ਗਵਾੜਾ ਵੱਲੋਂ 7 ਅਗਸਤ ਨੂੰ ਫ਼ਗਵਾੜਾ ਵਿਖੇ ਪੰਜਾਬ ਸਰਕਾਰ ਦੀ ਅਰਥੀ ਫੂਕ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ 'ਚ ਪੈਨਸ਼ਨਰ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ।

ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਫ਼ਗਵਾੜਾ ਦੇ ਪ੍ਰਧਾਨ ਮੋਹਣ ਸਿੰਘ ਭੱਟੀ, ਸੀਨੀਅਰ ਮੀਤ ਪ੍ਰਧਾਨ ਸੀਤਲ ਰਾਮ ਬੰਗਾ, ਮੀਤ ਪ੍ਰਧਾਨ ਪ੍ਰਮੋਦ ਕੁਮਾਰ ਜੋਸ਼ੀ, ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ, ਵਿੱਤ ਸਕੱਤਰ ਹਰਿੰਦਰ ਸਿੰਘ, ਜੁਆਇੰਟ ਵਿੱਤ ਸਕੱਤਰ ਗੁਰਨਾਮ ਸਿੰਘ ਸੈਣੀ, ਜੁਆਇੰਟ ਪ੍ਰੈੱਸ ਸਕੱਤਰ ਗੁਰਦੀਪ ਕੁਮਾਰ ਜੱਸੀ, ਨਿਰਮੋਲਕ ਸਿੰਘ ਹੀਰਾ ਆਦਿ ਆਗੂਆਂ ਨੇ ਨੇ ਕਿਹਾ ਆਪਣੀਆਂ ਹੱਕੀ ਅਤੇ ਜ਼ਾਇਜ਼ ਮੰਗਾਂ ਨੂੰ ਮੰਨਵਾਉਣ ਅਤੇ ਲਾਗੂ ਕਰਵਾਉਣ ਲਈ ਸੰਘਰਸ਼ ਵਿੱਚ ਬਣਦਾ ਯੋਗਦਾਨ ਪਾਓ ਤਾਂ ਜੋ ਪੰਜਾਬ ਸਰਕਾਰ ਵੱਲੋਂ ਮੀਟਿੰਗ ਕਰਨ ਪ੍ਰਤੀ ਦਿਖਾਈ ਜਾ ਰਹੀ ਬੇਭਰੋਸਗੀ ਪ੍ਰਤੀ ਗੁੱਸੇ ਅਤੇ ਰੋਹ ਦਾ ਪ੍ਰਗਟਾਵਾ ਸਫ਼ਲਤਾ ਪੂਰਵਕ ਕੀਤਾ ਜਾ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕ੍ਰਿਸ਼ਨ ਗੋਪਾਲ ਚੋਪੜਾ, ਸਤਪਾਲ ਸਿੰਘ ਖੱਟਕੜ, ਪਿਆਰਾ ਰਾਮ ਪਲਾਹੀ, ਕੇ ਕੇ ਪਾਂਡੇ, ਅਸ਼ਵਨੀ ਕੁਮਾਰ, ਰਤਨ ਸਿੰਘ, ਬਲਵੀਰ ਸਿੰਘ ਆਦਿ ਸਾਥੀ ਹਾਜ਼ਰ ਸਨ।

# ਜੀ ਪੀ ਸੀ ਦੀਆਂ ਵੋਟਾਂ ਘਰ-ਘਰ ਜਾ ਕੇ ਬਣਾਉਣ ਦਾ ਪ੍ਰਬੰਧ ਹੋਵੇ : ਸਿੰਗੜੀਵਾਲਾ

**ਹੁਸ਼ਿਆਰਪੁਰ,** (**ਬਲਵੀਰ ਸਿੰਘ ਸੈਣੀ**)— 2011 ਵਿਚ ਜਦੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਈਆ ਸਨ ਤਾਂ ਉਸ ਸਮੇਂ 52 ਲੱਖ ਦੇ ਕਰੀਬ ਸਿੱਖਾਂ ਨੇ ਵੋਟਾਂ ਬਣਾਈਆਂ ਸਨ। ਲੇਕਿਨ ਹੁਣ ਗੁਰਦੁਆਰਾ ਚੋਣ ਕਮਿਸ਼ਨ ਦੇ ਮੁੱਖੀ ਜਸਟਿਸ ਸਾਰੋ ਵੱਲੋਂ 3 ਵਾਰੀ ਦਾ ਸਮਾਂ ਵੋਟਾਂ ਬਣਾਉਣ ਲਈ ਵਧਾਉਣ ਉਪਰੰਤ ਵੀ ਕੇਵਲ 27 ਲੱਖ 87 ਹਜਾਰ ਸਿੱਖਾਂ ਨੇ ਹੀ ਵੋਟਾਂ ਬਣਾਈਆਂ ਹਨ । ਜਦੋਂਕਿ 2011 ਤੋਂ ਲੈ ਕੇ ਵੱਡੀ ਗਿਣਤੀ ਵਿਚ ਸਿੱਖ 21 ਸਾਲ ਦੀ ਉਮਰ ਤੋਂ ਵੱਧ ਚੁੱਕੇ ਹਨ ।

ਜੇਕਰ ਸਹੀ ਢੰਗ ਨਾਲ ਸਰਕਾਰੀ ਕਰਮਚਾਰੀਆਂ ਰਾਹੀਂ ਘਰ- ਘਰ ਜਾ ਕੇ ਇਹ ਵੋਟਾਂ ਬਣਨ ਦਾ ਪ੍ਰਬੰਧ ਹੋਵੇ ਤਾਂ ਪਹਿਲਾਂ ਨਾਲੋਂ ਵੀ ਵੱਧ ਵੋਟਾਂ ਬਣ ਸਕਦੀਆਂ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਕੇਂਦਰੀ ਵਰਕਿੰਗ ਕਮੇਟੀ ਮੈਂਬਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰੈਸ ਨੋਟ ਰਾਹੀਂ ਕੀਤਾ। ਸਿੰਗੜੀਵਾਲਾ ਨੇ ਮੁੱਖ ਚੋਣ ਕਮਿਸ਼ਨਰ ਗੁਰਦੁਆਰਾ ਚੋਣਾਂ ਜਸਟਿਸ ਐਸ.ਐਸ.ਸਾਰੋ ਵੱਲੋਂ ਗੁਰਦੁਆਰਾ ਚੋਣਾਂ ਲਈ ਵੋਟਾਂ ਬਣਾਉਣ ਦੀ ਮਿਤੀ 16 ਸਤੰਬਰ ਤੱਕ ਵਧਾਉਣ ਦੇ ਕੀਤੇ ਗਏ ਉੱਦਮਾਂ ਲਈ ਉਨ੍ਹਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਜੇਕਰ ਵੋਟਾਂ ਸਰਕਾਰੀ ਪੱਧਰ 'ਤੇ ਬੀ.ਐਲ.ਓ, ਆਂਗਣਵਾੜੀ ਅਧਿਆਪਕ ਅਤੇ ਸਰਕਾਰੀ ਸਕੂਲਾਂ ਦੇ ਅਧਿਆਪਕ, ਕਾਨੂੰਗੋ, ਪਟਵਾਰੀਆਂ ਦੀ ਇਹ ਡਿਊਟੀ ਲੱਗੇ ਤਾਂ ਜੋ ਘਰ-ਘਰ ਜਾ ਕੇ ਸਭ ਮੈਂਬਰਾਂ ਦੇ ਫਾਰਮ ਭਰਕੇ ਇਹ ਵੋਟਾਂ ਬਣਾਉਣ ਤਾਂ ਇਸ ਨਾਲ 90% ਵੋਟਾਂ ਜ਼ਰੂਰ ਬਣ ਸਕਣਗੀਆਂ।ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਜਸਟਿਸ ਸਾਰੋ ਸਾਹਿਬ ਇਸ ਵੱਡੀ ਜਿੰਮੇਵਾਰੀ ਨੂੰ ਪਹਿਲੇ ਨਾਲੋਂ ਵੀ ਵਧੇਰੇ ਸੁਹਿਰਦਤਾ ਨਾਲ ਪੂਰਨ ਕਰਕੇ ਸਿੱਖ ਕੌਮ ਦੀ ਨਵੀਂ ਬਣਨ ਜਾ ਰਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਚੋਣ ਨੂੰ ਸਹੀ ਪ੍ਰਕਿਰਿਆ ਵਿਚ ਪੂਰਨ ਕਰਨ ਵਿਚ ਵੱਡਾ ਯੋਗਦਾਨ ਪਾਉਣਗੇ ।

# ਬੈਡਮਿੰਟਨ (ਲੜਕੀਆਂ) ਦੇ ਮੁਕਾਬਲਿਆਂ 'ਚ ਸ੍ਰੀ ਦਸਮੇਸ਼ ਅਕੈਡਮੀ ਨੇ ਬਾਜ਼ੀ ਮਾਰੀ



**ਸ੍ਰੀ ਅਨੰਦਪੁਰ ਸਾਹਿਬ ਸਾਹਿਬ** (**ਅਰਵਿੰਦਰ ਸਿੰਘ ਬਿੰਦੀ**) 68ਵੀਂ ਜ਼ੋਨ ਪੱਧਰੀ ਸਕੂਲ ਖੇਡਾਂ ਦੇ ਬੈਡਮਿੰਟਨ ਟੂਰਨਾਮੈਂਟ (ਲੜਕੀਆਂ) ਜੋ ਕਿ ਸ੍ਰੀ ਦਸਮੇਸ਼ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਏ, ਇਹਨਾਂ ਮੁਕਾਬਲਿਆਂ ਵਿੱਚ ਸ੍ਰੀ ਦਸਮੇਸ਼ ਅਕੈਡਮੀ ਦੀਆਂ ਖਿਡਾਰਨਾਂ ਨੇ ਬਾਜ਼ੀ ਮਾਰ ਕੇ ਆਪਣੇ ਸਕੂਲ ਅਤੇ ਅਧਿਆਪਕ ਸਾਹਿਬਾਨ ਦਾ ਨਾਂਅ ਹੀ ਰੌਸ਼ਨ ਨਹੀਂ ਕੀਤਾ ਸਗੋਂ ਆਪਣੇ ਮਾਤਾ ਪਿਤਾ ਦਾ ਵੀ ਮਾਣ ਵਧਾਇਆ।ਲੜਕੀਆਂ ਦੇ ਮੁਕਾਬਲਿਆਂ ਵਿੱਚ ਜਿੱਥੇ ਭਾਈ ਨੰਦ ਲਾਲ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਨੇ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਉੱਥੇ ਲੜਕੀਆਂ ਦੇ ਦੋਹਾਂ ਫਾਈਨਲ ਮੁਕਾਬਲਿਆਂ ਵਿੱਚ ਸ੍ਰੀ ਦਸ਼ਮੇਸ਼ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਨੇ ਭਾਈ ਨੰਦ ਲਾਲ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਨੂੰ ਹਰਾ ਕੇ ਜੇਤੂ ਸਥਾਨ ਹਾਸਲ ਕੀਤਾ।ਟੂਰਨਾਮੈਂਟ ਸ਼ੁਰੂ ਹੋਣ ਤੋਂ ਪਹਿਲਾਂ ਸ੍ਰੀ ਦਸ਼ਮੇਸ਼ ਅਕੈਡਮੀ ਦੇ ਡਾਇਰੈਕਟਰ ਮੇਜਰ ਜਨਰਲ ਜੇ. ਐਸ. ਘੁੰਮਣ (ਵੀ. ਐਸ.ਐਮ.) ਨੇ ਉਚੇਚੇ ਤੌਰ 'ਤੇ ਪਹੁੰਚ ਕੇ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੱਤਾ ਅਤੇ ਖਿਡਾਰੀਆਂ ਨੂੰ ਵਧੀਆ ਖੇਡ ਖੇਡਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸਕੂਲ ਮੁਖੀ ਕਰਨਲ ਰਮਾਕਾਂਤ ਪਾਂਡੇ, ਜ਼ੋਨਲ ਇੰਚਾਰਜ ਪ੍ਰਿੰਸੀਪਲ ਸੁਖਪਾਲ ਕੌਰ ਵਾਲੀਆ, ਜ਼ੋਨਲ ਸਕੱਤਰ ਹਰਕੀਰਤ ਸਿੰਘ ਮਿਨਹਾਸ,ਗੁਰਿੰਦਰ ਸਿੰਘ ਕੰਦੋਲਾ ਡੀ ਪੀ ਈ,ਐਨ ਸੀ ਸੀ ਫਸਟ ਅਫਸਰ ਬਰਜਿੰਦਰ ਸਿੰਘ, ਹਰਵਿੰਦਰ ਕੌਰ ਪੀ ਟੀ ਆਈ, ਵਿਨੋਦ ਕੁਮਾਰ ਪੀ ਟੀ ਆਈ, ਚਰਨ ਸਿੰਘ ਲੈਕਚਰਾਰ, ਗੁਰਚਰਨ ਸਿੰਘ ਅਰੋੜਾ ਲੈਕਚਰਾਰ, ਕੋਚ ਕਮਲਪ੍ਰੀਤ ਸਿੰਘ ਮੱਟੂ, ਹਰਪ੍ਰੀਤ ਸਿੰਘ, ਇੰਦਰਪਾਲ ਸਿੰਘ ਆਦਿ ਹਾਜ਼ਰ ਸਨ।

# ਡਾ. ਜਸਵਿੰਦਰ ਸਿੰਘ ਨੂੰ ਕੀਤਾ ਸਨਮਾਨਤ



**ਹੁਸ਼ਿਆਰਪੁਰ** (**ਬਲਵੀਰ ਸਿੰਘ ਸੈਣੀ** )—ਏਕ ਜੋਤ ਸੇਵਾ ਸਮਿਤੀ ਜਗਤਪੁਰਾ ਹੁਸ਼ਿਆਰਪੁਰ ਦੇ ਪ੍ਰੈਸ ਸਕੱਤਰ ਕੁਲਵੰਤ ਸਿੰਘ ਢੱਕੋਵਾਲ ਨੇ ਇਕ ਪ੍ਰੈਸ ਨੋਟ ਜਾਰੀ ਕਰਦੇ ਹੋਏ ਦੱਸਿਆ ਕਿ ਸਮਿਤੀ ਵਲੋਂ ਮੁਹੱਲਾ ਜਗਤਪੁਰਾ ਹੁਸ਼ਿਆਰਪੁਰ ਵਿਖੇ ਇਕ ਵਿਸ਼ੇਸ਼ ਸਮਾਰੋਹ ਦਾ ਆਯੋਜਨ ਸ੍ਰਪਰਸਤ ਕੁਲਦੀਪ ਸਿੰਘ ਪੱਤੀ ਦੀ ਪ੍ਰਧਾਨਗੀ ਵਿੱਚ ਕਰਵਾਇਆ ਗਿਆ। ਇਸ ਸਮਾਰੋਹ ਵਿਚ ਡਾ.ਜਸਵਿੰਦਰ ਸਿੰਘ ਐਸ.ਐਮ.ਓ. ਦੂਸਹਾ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ। ਪ੍ਰਧਾਨ ਵਿਜੈ ਮੋਦਗਿਲ ਅਤੇ ਕੇਂਦਰ ਸਰਕਾਰ ਦੇ ਮੈਂਬਰ ਡਿਸੇਬਲਿਟੀ (ਐਲ.ਐਲ.ਸੀ. ਜ਼ਿਲ੍ਹਾ ਹੁਸ਼ਿਆਰਪੁਰ) ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਜਰਨੈਲ ਸਿੰਘ ਧੀਰ ਸਟੇਟ ਅਵਾਰਡੀ ਨੇ ਕਿਹਾ ਕਿ ਡਾ. ਜਸਵਿੰਦਰ ਸਿੰਘ ਨੂੰ ਅਪਾਹਿਜਾਂ, ਸੀਨੀਅਰ ਨਾਗਰਿਕਾਂ ਅਤੇ ਆਮ ਜਨਤਾ ਨੂੰ ਉਨ੍ਹਾਂ ਵਲੋਂ ਦਿੱਤੀਆਂ ਗਈਆਂ ਸ਼ਾਨਦਾਰ ਸੇਵਾਵਾਂ ਲਈ ਹਮੇਸ਼ ਯਾਦ ਰੱਖਿਆ ਜਾਵੇਗਾ। ਇਸ ਮੌਕੇ ਤੇ ਕੁਲਦੀਪ ਸਿੰਘ ਪੱਤੀ, ਵਿਜੈ ਕੁਮਾਰ ਮੋਦਗਿਲ ਅਤੇ ਹੋਰ ਪਤਵੰਤਿਆ ਨੇ ਵੀ ਡਾ.ਜਸਵਿੰਦਰ ਸਿੰਘ ਵਲੋਂ ਦਿੱਤੀਆਂ ਗਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਅਤੇ ਭਗਵਾਨ ਤੋਂ ਉਨਾਂ ਦੀ ਲੰਬੀ ਉਮਰ ਦੀ ਕਾਮਨਾ ਕੀਤੀ ਅਤੇ ਆਸ਼ਾ ਪ੍ਰਗਟ ਕੀਤੀ ਕਿ ਉਹ ਭਵਿੱਖ ਵਿੱਚ ਵੀ ਇਸ ਤਰ੍ਹਾਂ ਹੀ ਲੋਕਾਂ ਸੇਵਾ ਕਰਦੇ ਰਹਿਣਗੇ।ਡਾ. ਜਸਵਿੰਦਰ ਸਿੰਘ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਲਈ ਦੋਸ਼ਾਲਾ ਅਤੇ ਸਨਮਾਨ ਚਿੰਨ੍ਹ ਦੇ ਸਨਮਾਨਿਤ ਕੀਤਾ ਗਿਆ। ਡਾ.ਜਸਵਿੰਦਰ ਸਿੰਘ ਨੇ ਆਪਣੇ ਸੰਬੋਧਨ ਵਿੱਚ ਸਮਿਤੀ ਦੁਆਰਾ ਕੀਤੇ ਜਾ ਰਹੇ ਸਮਾਜ ਭਲਾਈ ਦੇ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਸਮਿਤੀ ਨੂੰ 31000 ਰੁਪਏ ਦੀ ਰਾਸ਼ੀ ਨੇ ਭੇਂਟ ਕੀਤੀ। ਉਨ੍ਹਾਂ ਨੇ ਕਿਹਾ ਕਿ ਸਮਾਜ ਭਲਾਈ ਦੇ ਕਾਰਜਾਂ ਦੇ ਲਈ ਮੇਰਾ ਸਹਿਯੋਗ ਹਮੇਸ਼ਾ ਮਿਲਦਾ ਰਹੇਗਾ।ਇਸ ਮੌਕੇ 'ਤੇ ਸੀਨੀਅਰ ਉਪ-ਪ੍ਰਧਾਨ ਸੁਰਜੀਤ ਸਿੰਘ ਪੱਤੀ, ਸਾਬਕਾ ਪ੍ਰਿੰ: ਜਮਨਾ ਦਾਸ, ਜਸਵੀਰ ਸਿੰਘ ਭੱਟੀ ਸਾਬਕਾ ਮੈਨੇਜਰ ਪੀ.ਐਨ.ਬੀ., ਭਾਰਤੀ ਵਿਕਲਾਂਗ ਕਲੱਬ ਦੇ ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਲੱਕੀ, ਨੰਬਰਦਾਰ ਸੁਰਿੰਦਰ ਸਿੰਘ, ਮੈਡਮ ਰੂਬੀ ਭਾਟੀਆ, ਬਲਵਿੰਦਰ ਕੌਰ, ਸੁਧੀਰ ਕੁਮਾਰ ਸ਼ਰਮਾ, ਸੁਰਿੰਦਰ ਕੁਮਾਰ ਰਹੀਮਪੁਰ, ਮੈਡਮ ਕੁਲਵਿੰਦਰ ਕੌਰ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਮੁਹੱਲਾ ਨਿਵਾਸੀ ਮੌਜੂਦ ਸਨ।

# ਪ੍ਰਿੰਸੀਪਲ ਹਰਜੀਤ ਸਿੰਘ ਦਾ ਸੇਵਾਮੁਕਤੀ ਸਮਾਗਮ



**ਮਹਿਤਪੁਰ** (**ਰਾਜਾ**) ਬੀਤੇ ਦਿਨੀਂ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਹਿਤਪੁਰ ਵਿਖੇ ਪ੍ਰਿੰਸੀਪਲ ਹਰਜੀਤ ਸਿੰਘ ਦੇ ਵਿਦਾਇਗੀ ਅਤੇ ਸਨਮਾਨ ਸਮਾਗਮ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਵੱਖ ਵੱਖ ਗਤੀਵਿਧੀਆਂ ਜਿਵੇਂ ਡਾਂਸ, ਸਕਿੱਟ ਅਤੇ ਗਿੱਧਾ ਦੀ ਪੇਸ਼ਕਾਰੀ ਕੀਤੀ ਗਈ।ਇਸ ਮੌਕੇ ਉਹਨਾਂ ਦੇ ਪਰਵਾਰਿਕ ਰਿਸ਼ਤੇਦਾਰ ਅਤੇ ਵੱਖ ਵੱਖ ਸਕੂਲਾਂ ਦੇ ਮੁਖੀ ਅਤੇ ਨੁਮਾਇੰਦੇ ਹਾਜ਼ਰ ਸਨ। ਸਭ ਤੋਂ ਪਹਿਲਾਂ ਸਕੂਲ ਵਿੱਚ ਪਹੁੰਚਣ ਤੇ ਪ੍ਰਿੰਸੀਪਲ ਹਰਜੀਤ ਸਿੰਘ ਅਤੇ ਉਹਨਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਹਾਰ ਪਾ ਕੇ ਸਨਮਾਨਿਤ ਕੀਤਾ ਗਿਆ ਅਤੇ ਚਾਹ ਪਾਰਟੀ ਤੋਂ ਬਾਅਦ ਸਟੇਜ ਤੇ ਵਿਦਿਆਰਥਣਾਂ ਵੱਲੋਂ ਪੇਸ਼ਕਾਰੀਆਂ ਕੀਤੀਆਂ ਗਈਆਂ।ਪਰਿਵਾਰਕ ਮੈਂਬਰਾਂ ਵਿੱਚੋਂ ਉਹਨਾਂ ਦੇ ਧਰਮ ਪਤਨੀ ਸ੍ਰੀਮਤੀ ਰੇਖਾ ਰਾਣੀ, ਬੇਟੀ ਮਿਸ ਅੰਕਿਤਾ ਠਾਕੁਰ, ਕਰਨੈਲ ਪਠਾਨੀਆ, ਰਣਜੀਤ ਸਿੰਘ, ਦਲਜੀਤ ਸਿੰਘ, ਰਾਜੇਸ਼ ਕੁਮਾਰ, ਰਾਕੇਸ਼ ਕੁਮਾਰ, ਸੰਤ ਕੁਮਾਰ ਰਾਜੇਸ਼ਵਰ ਪਠਾਨੀਆ ਆਦਿ ਹਾਜ਼ਿਰ ਸਨ। ਇਹਨਾਂ ਤੋਂ ਇਲਾਵਾ ਸਕੂਲ ਸਿੱਖਿਆ ਵਿਭਾਗ ਵਿੱਚੋਂ ਧਰਮਿੰਦਰ ਰੈਨਾ ਸਟੇਟ ਐਵਾਰਡੀ, ਭਗਵੰਤ ਸਿੰਘ, ਗੁਰਮੀਤ ਸਿੰਘ, ਹਰਭਜਨ ਸਿੰਘ, ਮੇਜਰ ਸਿੰਘ, ਰਾਕੇਸ਼ ਕੁਮਾਰ, ਸੋਨੂੰ, ਅਮਰਜੀਤ, ਸਤਨਾਮ ਸਿੰਘ ਆਦਿ ਹਾਜ਼ਰ ਹੋਏ।ਆਏ ਹੋਏ ਪਤਵੰਤੇ ਸੱਜਣਾਂ ਵੱਲੋਂ ਹਰਜੀਤ ਸਿੰਘ ਦੇ ਨਿੱਘੇ ਸੁਭਾਅ ਅਤੇ ਅਣਥੱਕ ਮਿਹਨਤ ਦੀ ਭਰਪੂਰ ਸ਼ਲਾਘਾ ਕੀਤੀ ਗਈ।ਅੰਤ ਵਿੱਚ ਹਰਜੀਤ ਸਿੰਘ ਨੇ ਆਪਣੇ ਭਾਸ਼ਣ ਵਿੱਚ ਆਪਣੇ ਜੀਵਨ ਕਾਲ ਵਿੱਚ ਆਪਣੀਆਂ ਉਪਲੱਬਧੀਆਂ ਦਾ ਵੇਰਵਾ ਦਿੱਤਾ ਅਤੇ ਸਾਰੇ ਸਟਾਫ਼ ਦਾ ਇਸ ਸਮਾਗਮ ਨੂੰ ਸਫ਼ਲ ਬਣਾਉਣ ਲਈ ਧੰਨਵਾਦ ਕੀਤਾ।

# ਸਰਕਾਰੀ ਆਈ ਟੀ ਆਈ ਵਿਖੇ ਬੂਟੇ ਲਗਾਏ

**ਹੁਸ਼ਿਆਰਪੁਰ,** (**ਬਲਵੀਰ ਸਿੰਘ ਸੈਣੀ**)- ਸਰਕਾਰੀ ਆਈ ਟੀ ਆਈ ਵਿਖੇ ਕਾਰਜਕਾਰੀ ਪ੍ਰਿੰਸੀਪਲ ਗੁਰਨਾਮ ਸਿੰਘ ਦੀ ਅਗਵਾਈ ਵਿੱਚ ਕੋਕਾ ਕੋਲਾ ਕੰਪਨੀ ਹੁਸ਼ਿਆਰਪੁਰ ਵਲੋਂ ਵਾਤਾਵਰਣ ਦੀ ਸਾਂਭ-ਸੰਭਾਲ ਦਾ ਸੰਦੇਸ਼ ਦੇਣ ਲਈ ਪੌਦੇ ਲਗਾਉਣ ਦੀ ਮੁਹਿੰਮ ਤਹਿਤ ਪੌਦੇ ਲਗਾਏ ਗਏ। ਇਸ ਮੌਕੇ ਗੁਰਨਾਮ ਸਿੰਘ, ਨੋਡਲ ਅਫਸਰ ਹੰਸ ਰਾਜ ਅਤੇ ਕੰਪਨੀ ਦੇ ਨੁਮਾਇੰਦਿਆਂ ਵਲੋਂ ਸਿਖਿਆਰਥੀਆਂ ਨੂੰ ਵੱਧ ਰਹੇ ਗਲੋਬਲ ਵਾਰਮਿੰਗ ਦੇ ਖਤਰੇ ਨਾਲ ਨਿਪਟਣ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ । ਇਸ ਮੌਕੇ ਸੰਸਥਾ ਵਿਖੇ 300 ਦੇ ਲੱਗਭਗ ਲਾਭਦਾਇਕ ਪੌਦੇ ਲਗਾਏ ਗਏ । ਇਸ ਮੌਕੇ ਟ੍ਰੇਨਿੰਗ ਅਫਸਰ ਗੁਰਦੇਵ ਸਿੰਘ , ਹਬਿੰਦਰ ਸਿੰਘ , ਦਿਆਲ ਸਿੰਘ , ਦਵਿੰਦਰ ਸਿੰਘ , ਸਤਪਾਲ , ਸੰਜੀਵ ਕੁਮਾਰ ਮੱਲ੍ਹੀ , ਨਰੇਸ਼ ਕੁਮਾਰ , ਮਸਤ ਰਾਮ , ਰਜਿੰਦਰ ਸਿੰਘ , ਚੰਦਰ ਸ਼ੇਖਰ ਆਜ਼ਾਦ , ਦਲਜੀਤ ਸਿੰਘ , ਪੁਸ਼ਪਿੰਦਰ ਸਿੰਘ , ਰਵੀ ਕੁਮਾਰ , ਮਨਜਿੰਦਰ ਸਿੰਘ , ਧੀਰਜ ਕੁਮਾਰ , ਅਸ਼ਵਨੀ ਕੁਮਾਰ , ਪੁਰਵਿੰਦਰ ਕੋਰ , ਇੰਦਰਜੀਤ ਕੌਰ , ਜਸਵਿੰਦਰ ਸਿੰਘ , ਸਤਪਾਲ ਸਿੰਘ , ਬਲਵਿੰਦਰ ਸਿੰਘ , ਗੁਰਜਿੰਦਰ ਸਿੰਘ , ਅਵਤਾਰ ਸਿੰਘ , ਰਾਮ ਦੇਵ ਸਮੇਤ ਸੰਸਥਾ ਦੇ ਸਟਾਫ ਮੈਂਬਰ ਅਤੇ ਸਿਖਿਆਰਥੀ ਹਾਜ਼ਰ ਸਨ ।



6-AUG-PAGE-10.qxd 8/5/2024 10:51 PM Page 1



# ਬੇਕਾਬੂ ਥਾਰ ਖੋਖੇ 'ਤੇ ਚੜ੍ਹੀ, ਇੱਕ ਦੀ ਮੌਤ 'ਤੇ ਛੇ ਜ਼ਖ਼ਮੀ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** : ਸ਼ਹਿਰ ਦੇ ਸੰਗਰੂਰ ਰੋਡ ਉੱਤੇ ਟਰੱਕ ਯੂਨੀਅਨ ਦੇ ਨਜ਼ਦੀਕ ਇੱਕ ਤੇਜ਼ ਰਫਤਾਰ ਥਾਰ ਗੱਡੀ ਬੇਕਾਬੂ ਹੋ ਕੇ ਇੱਕ ਐਕਟਿਵਾ ਸਕੂਟੀ ਨੂੰ ਦਰੜਦੀ ਹੋਈ ਨਾਈ ਦੇ ਖੋਖੇ ਉੱਤੇ ਜਾ ਚੜ੍ਹੀ। ਸੜਕ ਕਿਨਾਰੇ ਵਾਪਰੇ ਇਸ ਭਿਆਨਕ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ, ਜਦੋਂਕਿ ਛੇ ਹੋਰ ਜ਼ਖ਼ਮੀ ਹੋ ਗਏ।ਹਾਦਸੇ ਦਾ ਪਤਾ ਲੱਗਦਿਆਂ ਹੀ ਥਾਣਾ ਮੁਖੀ ਪਾਤੜਾਂ ਯਸ਼ਪਾਲ ਸਪਾਲ ਸ਼ਰਮਾ ਨੇ ਮੌਕੇ ਉੱਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ।

ਜਾਣਕਾਰੀ ਅਨੁਸਾਰ ਬਾਅਦ ਦੁਪਹਿਰ ਚਾਰ ਵਜੇ ਦੇ ਕਰੀਬ ਸੰਗਰੂਰ ਰੋਡ 'ਤੇ ਟਰੱਕ ਯੂਨੀਅਨ ਦੇ ਸਾਹਮਣੇ ਇੱਕ ਤੇਜ਼ ਰਫਤਾਰ ਥਾਰ ਨੇ ਸੜਕ 'ਤੇ ਨਾਈ ਦੇ ਖੋਖੇ, ਇੱਕ ਐਕਟਿਵਾ, ਮੋਟਰਸਾਈਕਲ ਸਮੇਤ ਨਾਈ ਦੇ ਖੋਖੇ 'ਚ ਬੈਠੇ ਤਿੰਨ ਵਿਅਕਤੀਆਂ, ਦੋ ਐਕਟਿਵਾ ਸਵਾਰ, ਟਰੱਕ ਉਪਰੇਟਰ ਸਮੇਤ ਦੋ ਹੋਰ ਵਿਅਕਤੀਆਂ ਨੂੰ ਲਪੇਟ 'ਚ ਲੈ ਲਿਆ।ਹਾਦਸੇ ਮਗਰੋਂ ਟਰੱਕ ਯੂਨੀਅਨ ਦੇ ਬਾਹਰ ਬੈਠੇ ਲੋਕਾਂ ਨੇ ਜ਼ਖਮੀਆਂ ਨੂੰ ਤਰੰਤ ਇਲਾਜ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿਨ੍ਹਾਂ ਵਿੱਚੋਂ ਦੋ ਵਿਅਕਤੀਆਂ ਨੂੰ ਪਟਿਆਲਾ ਰੈਫਰ ਕਰ ਦਿੱਤਾ ਤੇ ਇਨ੍ਹਾਂ ਵਿੱਚੋਂ ਪਟਿਆਲੇ ਜਾਂਦਿਆਂ ਰਸਤੇ ਵਿੱਚ ਇੱਕ ਗੰਭੀਰ ਜ਼ਖਮੀ ਵਿਅਕਤੀ ਤਰਸੇਮ ਲਾਲ ਦੀ ਮੌਤ ਹੋ ਗਈ।ਮੌਕੇ 'ਤੇ ਮੌਜੂਦ ਲੋਕਾਂ ਅਨੁਸਾਰ ਥਾਰ ਗੱਡੀ ਬਹੁਤ ਤੇਜ਼ੀ ਨਾਲ ਆ ਰਹੀ ਸੀ, ਜਿਸ ਕਾਰਨ ਉਕਤ ਹਾਦਸਾ ਵਾਪਰਿਆ।ਇਸ ਹਾਦਸੇ ਵਿੱਚ ਜ਼ਖਮੀ ਹੋਣ ਵਾਲਿਆਂ ਵਿੱਚ ਲਖਵਿੰਦਰ ਸਿੰਘ ਪੁੱਤਰ ਗੁਰਪਾਲ ਸਿੰਘ ਵਾਸੀ ਪਿੰਡ ਖਾਸਪੁਰ, ਪ੍ਰਵੰਤ ਸ਼ਰਮਾ ਪੁੱਤਰ ਰਤਨ ਲਾਲ ਵਾਸੀ ਉੱਤਰ ਪ੍ਰਦੇਸ਼, ਸੁਖਵਿੰਦਰ ਸਿੰਘ ਪੁੱਤਰ ਰਾਮ ਚੰਦ ਵਾਸੀ ਪਿੰਡ ਨਿਆਲ ਤੇ ਰਾਮ ਕਰਨ ਹਾਲਾਬਾਦ ਸਿੰਗਲਾ ਬਰਤਨ ਫੈਕਟਰੀ ਪਾਤੜਾਂ ਤੋਂ ਇਲਾਵਾ ਦੋ ਵਿਅਕਤੀ ਹੋਰ ਦੱਸੇ ਜਾਂਦੇ ਹਨ। ਮੌਕੇ 'ਤੇ ਪਹੁੰਚੇ ਥਾਣਾ ਮੁਖੀ ਯਸਪਾਲ ਸ਼ਰਮਾ ਨੇ ਦੱਸਿਆ ਕਿ ਥਾਰ ਗੱਡੀ ਨੂੰ ਕਬਜ਼ੇ 'ਚ ਲੈ ਕੇ ਬਿਆਨ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾਵੇਗੀ।

# ਸਵੱਦੀ ਕਲਾਂ ਇਲਾਕੇ 'ਚ ਲੁੱਟ-ਖੋਹ ਦੀਆਂ ਵਾਰਦਾਤਾਂ ਤੋਂ ਲੋਕ ਪ੍ਰੇਸ਼ਾਨ

**ਚੌਂਕੀਮਾਨ (ਬਲਬੀਰ ਸਿੰਘ ਮਾਨ)**-ਬੀਤੇ ਦਿਨਾਂ ਤੋਂ ਸਵੱਦੀ ਕਲਾਂ ਇਲਾਕੇ ਅੰਦਰ ਸ਼ਰਾਰਤੀ ਅਨਸਰਾਂ ਦੀਆਂ ਲੁੱਟ-ਖੋਹ ਦੀਆਂ ਕਾਰਵਾਈਆਂ ਤੋਂ ਲੋਕ ਕਾਫ਼ੀ ਪ੍ਰੇਸ਼ਾਨ ਨਜ਼ਰ ਆ ਰਹੇ ਹਨ।ਪਿਛਲੇ ਦਿਨੀਂ ਦਿਨ ਦਿਹਾੜੇ ਇੱਕ ਗਰੀਬ ਮਜ਼ਦੂਰ ਕੁਲਫੀਆਂ ਵੇਚਣ ਵਾਲੇ ਨੂੰ ਨਿਸ਼ਾਨਾ ਬਣਾਉਂਦਿਆਂ ਝਪਟਮਾਰਾਂ ਦੁਆਰਾ ਲੁੱਟ-ਖੋਹ ਕੀਤੀ ਗਈ।ਜ਼ਿਮੀਦਾਰਾ ਹਾਰਡ ਵੇਅਰ ਦੇ ਅੰਦਰ ਜਾ ਕੇ ਗੁਰਬਖਸ਼ ਸਿੰਘ ਤੋਂ ਮੋਬਾਈਲ ਫੋਨ ਖੋਹਿਆ ਗਿਆ।ਪ੍ਰੀਤ ਆਨਲਾਈਨ ਸਰਵਿਸ ਸੈਂਟਰ ਦੀ ਦੁਕਾਨ ਦੇ ਸ਼ਟਰ ਤੋੜ ਕੇ ਕਰੀਬ ਪੰਜਾਹ ਹਜ਼ਾਰ ਰੁਪਏ ਦੀ ਨਕਦੀ, ਡੀ ਵੀ ਆਰ ਤੇ ਹੋਰ ਕੀਮਤੀ ਸਾਮਾਨ ਲੁੱਟ ਲਿਆ ਗਿਆ।ਮਾਲਕ ਗੁਰਪ੍ਰੀਤ ਸਿੰਘ ਧੋਥੜ ਨੇ ਦੱਸਿਆ ਕਿ ਮੇਰਾ ਪਿੰਡ ਧੋਥੜ ਸਵੱਦੀ ਕਲਾਂ ਤੋਂ ਦੂਰ ਹੋਣ ਕਰਕੇ ਸੁੰਨਸਾਨ ਰਾਹ ਵਿੱਚ ਲੁੱਟ-ਖੋਹ ਦੇ ਡਰੋਂ ਮੈਂ ਨਕਦੀ ਦੁਕਾਨ ਵਿੱਚ ਹੀ ਰੱਖ ਦਿੱਤੀ ਸੀ, ਜਿਸ 'ਤੇ ਚੋਰਾਂ ਨੇ ਹੱਥ ਸਾਫ਼ ਕਰਦਿਆਂ ਮੇਰਾ ਨੁਕਸਾਨ ਕਰ ਦਿੱਤਾ ਹੈ।ਚੋਰੀ ਦੌਰਾਨ ਕੈਮਰਿਆਂ ਦੀ ਵੀ ਭੰਨ-ਤੋੜ ਕਰ ਦਿੱਤੀ ਗਈ।ਇੱਕ ਹੋਰ ਮਾਮਲੇ ਵਿੱਚ ਵੀ ਸਿੰਘ ਫਾਰਮੇਸੀ ਮੈਡੀਕਲ ਸਟੋਰ ਦੇ ਸ਼ਟਰ ਤੋੜ ਕੇ ਪੰਜ ਹਜ਼ਾਰ ਦੇ ਕਰੀਬ ਨਕਦੀ, ਡੀ ਵੀ ਆਰ ਤੇ ਹੋਰ ਸਾਮਾਨ ਚੋਰੀ ਕਰ ਲਿਆ ਗਿਆ।ਪਿਛਲੇ ਮਹੀਨੇ ਵੀ ਦਾਣਾ ਮੰਡੀ ਸਵੱਦੀ ਕਲਾਂ ਅੰਦਰ ਆੜ੍ਹਤੀਆਂ ਦੀਆਂ ਦੁਕਾਨਾਂ ਵਿੱਚੋਂ ਜਿੰਦੇ ਤੋੜ ਕੇ ਬਿਜਲਈ ਕੰਡੇ ਤੇ ਹੋਰ ਕੀਮਤੀ ਸਾਮਾਨ ਚੋਰਾਂ ਦੁਆਰਾ ਲੁੱਟ ਲਿਆ ਗਿਆ ਹੈ। ਇਸ ਦੇ ਨਾਲ ਹੀ ਅਮਰਜੀਤ ਸਿੰਘ ਤਲਵੰਡੀ ਕਲਾਂ ਵਾਲੇ ਦੇ ਆਰੇ ਤੋਂ ਵੀ ਚੋਰੀ ਕਰਕੇ ਚੋਰ ਕਰੀਬ ਪੰਜਾਹ ਹਜ਼ਾਰ ਰੁਪਏ ਦਾ ਨੁਕਸਾਨ ਕਰ ਗਏ ਹਨ।ਇਸ ਸਬੰਧ 'ਚ ਪੁਲਸ ਪ੍ਰਸ਼ਾਸਨ ਦੀ ਤਫ਼ਤੀਸ਼ ਜਾਰੀ ਹੈ, ਪਰ ਕਿਧਰੋਂ ਵੀ ਬੂਰ ਪੈਂਦਾ ਨਜ਼ਰੀਂ ਨਹੀਂ ਆ ਰਿਹਾ।ਇਲਾਕਾ ਨਿਵਾਸੀ ਆਪਣੀ ਰਾਖੀ ਆਪ ਕਰਦੇ ਹੋਏ, ਡਰ ਤੇ ਸਹਿਮ ਅੰਦਰ ਦਿਨ ਕਟੀਆਂ ਕਰਨ ਲਈ ਮਜਬੂਰ ਹਨ।

# ਪ੍ਰਾਪਰਟੀ ਐਡਵਾਈਜ਼ਰ ਐਸੋਸੀਏਸ਼ਨ ਵੱਲੋਂ ਸਰਕਾਰ ਵਿਰੁੱਧ ਪ੍ਰਦਰਸ਼ਨ 9 ਨੂੰ

## ਨਾਭਾ ਨਿਵਾਸੀਆਂ ਨੂੰ ਵੱਡੀ ਗਿਣਤੀ 'ਚ ਪਹੁੰਚਣ ਦੀ ਅਪੀਲ



**ਨਾਭਾ (ਵਰਿੰਦਰ ਵਰਮਾ)**-ਸਥਾਨਕ ਅਲਹੌਰਾਂ ਗੇਟ ਸਥਿਤ ਇੱਕ ਨਿੱਜੀ ਹੋਟਲ ਵਿਖੇ ਚੇਅਰਮੈਨ ਗੁਰਤੇਜ ਸਿੰਘ ਕੌਲ ਤੇ ਪ੍ਰਧਾਨ ਸੰਤ ਰਾਮ ਦੀ ਅਗਵਾਈ ਹੇਠ ਸ਼ਹਿਰ ਦੇ ਸਮੂਹ ਪ੍ਰਾਪਰਟੀ ਐਡਵਾਈਜ਼ਰਾਂ, ਡੀਲਰਾਂ ਤੇ ਕਲੋਨਾਈਜ਼ਰਾਂ ਵੱਲੋਂ ਹੰਗਾਮੀ ਮੀਟਿੰਗ ਕੀਤੀ ਗਈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਸੰਤ ਰਾਮ, ਚੇਅਰਮੈਨ ਗੁਰਤੇਜ ਸਿੰਘ ਕੌਲ, ਭੀਮ ਸ਼ਰਮਾ ਤੇ ਨਰੇਸ਼ ਗਰਗ ਨੇ ਦੱਸਿਆ ਕਿ ਨਾਭਾ ਪ੍ਰਾਪਰਟੀ ਐਸੋਸੀਏਸ਼ਨ (ਰਜਿ.) ਨਾਭਾ ਤੇ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ 9 ਅਗਸਤ ਨੂੰ ਸਥਾਨਕ ਰੋਟਰੀ ਕਲੱਬ ਵਿਖੇ ਰਜਿਸਟਰੀ ਨਾ ਹੋਣ ਕਰਕੇ ਐੱਨ.ਓ.ਸੀ. ਦੇ ਵਿਸ਼ੇ 'ਤੇ ਵਿਸ਼ਾਲ ਇਕੱਠ ਕੀਤਾ ਜਾ ਰਿਹਾ ਹੈ।ਐਸੋਸੀਏਸ਼ਨ ਪ੍ਰਧਾਨ ਸੰਤ ਰਾਮ ਤੇ ਉਕਤ ਅਹੁਦੇਦਾਰਾਂ ਨੇ ਸ਼ਹਿਰ ਦੇ ਸਮੂਹ ਪੱਤਰਕਾਰ ਭਾਈਚਾਰੇ ਤੇ ਬੁੱਧੀਜੀਵੀਆਂ ਨੂੰ ਸ਼ਾਮਲ ਹੋ ਕੇ ਵਿਚਾਰ ਪ੍ਰਗਟ ਕਰਨ ਦੀ ਅਪੀਲ ਕੀਤੀ।ਇਸ ਮੌਕੇ ਜਸਵੰਤ ਸਿੰਘ ਕੱਲੇਮਾਜਰਾ, ਜਸਪਾਲ ਸਿੰਘ ਉਪਲਾਂ, ਸੋਮਨਾਥ ਸਿੰਘ, ਨਰਿੰਦਰ ਪੁਰੀ, ਦਵਿੰਦਰ ਸਿੰਘ, ਬਿੱਟੂ ਸ਼ਰਮਾ, ਭੀਮ ਸ਼ਰਮਾ, ਪਰਮਜੀਤ ਮੰਡੌੜ, ਪਤੰਬਰ ਪ੍ਰਕਾਸ਼, ਅਜੇ ਜੈਨ, ਸਤੀਸ਼ ਭੋਲਾ, ਰੋਹਿਤ ਕੋਹਲੀ, ਜਗਦੇਵ ਸਿੰਘ, ਗੁਰਮੀਤ ਸਿੰਘ, ਤਰਲੋਕ ਮਾਸਟਰ, ਅਜੀਜ ਖਾਨ ਸਮੇਤ ਵੱਡੀ ਗਿਣਤੀ 'ਚ ਐਡਵਾਈਜ਼ਰ ਐਸੋਸੀਏਸ਼ਨ ਮੈਂਬਰ ਹਾਜ਼ਰ ਸਨ।

# ਬੱਗਾ ਵੱਲੋਂ ਮੁੱਖ ਮੰਤਰੀ ਨਾਲ ਹਲਕੇ ਦੇ ਵਿਕਾਸ ਪ੍ਰੋਜੈਕਟਾਂ ਬਾਰੇ ਚਰਚਾ



**ਲੁਧਿਆਣਾ (ਰਾਜ ਸਿੰਗਲਾ)**-ਵਿਧਾਨ ਸਭਾ ਹਲਕਾ ਲੁਧਿਆਣਾ (ਉੱਤਰੀ) ਤੋਂ ਵਿਧਾਇਕ ਮਦਨ ਲਾਲ ਬੱਗਾ ਵੱਲੋਂ ਚੰਡੀਗੜ੍ਹ ਵਿਖੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗਈ ਜਿੱਥੇ ਆਪਣੇ ਹਲਕੇ ਦੇ ਵੱਖ-ਵੱਖ ਸੰਵੇਦਨਸ਼ੀਲ ਮੁੱਦਿਆਂ ਦੇ ਨਾਲ ਲੁਧਿਆਣਾ ਸ਼ਹਿਰ ਦੇ ਸਰਵਪੱਖੀ ਵਿਕਾਸ 'ਤੇ ਵਿਚਾਰ ਚਰਚਾ ਕੀਤੀ ਗਈ।ਮੁੱਖ ਮੰਤਰੀ ਪੰਜਾਬ ਵੱਲੋਂ ਵਿਧਾਇਕ ਬੱਗਾ ਨੂੰ ਹਰ ਸੰਭਵ ਸਹਿਯੋਗ ਦਾ ਭਰੋਸਾ ਵੀ ਦਿੱਤਾ ਗਿਆ।ਵਿਧਾਇਕ ਬੱਗਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੀਟਿੰਗ ਦੌਰਾਨ ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਧਿਆਨ ਵਿੱਚ ਲਿਆਂਦਾ ਕਿ ਆਮ ਜਨਤਾ ਸਰਕਾਰੀ ਦਫ਼ਤਰਾਂ ਵਿੱਚ ਖੱਜਲ-ਖੁਆਰ ਹੋ ਰਹੀ ਹੈ।ਉਨ੍ਹਾ ਦੱਸਿਆ ਕਿ ਬਿਜਲੀ ਦੇ ਮੀਟਰਾਂ ਤੇ ਰਜਿਸਟਰੀਆਂ ਲਈ ਐੱਨ.ਓ.ਸੀ. ਸਬੰਧੀ ਲੋਕ ਦਫ਼ਤਰਾਂ ਵਿੱਚ ਧੱਕੇ ਖਾ ਰਹੇ ਹਨ।ਉਨ੍ਹਾਂ ਹਲਕਾ ਉੱਤਰੀ ਦੇ ਵਿਕਾਸ ਪ੍ਰੋਜੈਕਟਾਂ ਤੇ ਲੁਧਿਆਣਾ ਸ਼ਹਿਰ ਲਈ ਪੀਣ ਵਾਲੇ ਨਹਿਰੀ ਪਾਣੀ ਪ੍ਰੋਜੈਕਟ 'ਤੇ ਵੀ ਵਿਚਾਰ ਵਟਾਂਦਰੇ ਕੀਤੇ। ਇਸ ਤੋਂ ਇਲਾਵਾ ਉਨ੍ਹਾਂ ਹੋਰ ਵੱਖ-ਵੱਖ ਮੁੱਦੇ ਵੀ ਮੁੱਖ ਮੰਤਰੀ ਕੋਲ ਚੁੱਕੇ ਤੇ ਲੁਧਿਆਣਾ ਸ਼ਹਿਰ ਦੇ ਸਰਵਪੱਖੀ ਵਿਕਾਸ ਬਾਰੇ ਵੀ ਗੱਲਬਾਤ ਕੀਤੀ।ਚੰਡੀਗੜ੍ਹ ਵਿਖੇ ਮੀਟਿੰਗ ਦੌਰਾਨ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਵੀ ਵਿਧਾਇਕ ਬੱਗਾ ਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਗਿਆ ਤੇ ਕਿਹਾ ਹੈ ਕਿ ਜਲਦ ਹੀ ਸ਼ਹਿਰ ਵਾਸੀਆਂ ਦੇ ਵੱਖ-ਵੱਖ ਸੰਵੇਦਨਸ਼ੀਲ ਮੁੱਦਿਆਂ ਦਾ ਢੁੱਕਵਾਂ ਹੱਲ ਕੱਢਿਆ ਜਾਵੇਗਾ।

# ਅਕਾਲੀ ਦਲ ਵੱਲੋਂ ਪਟਿਆਲਾ ਦਿਹਾਤੀ ਇਕਾਈ ਦਾ ਪੁਨਰਗਠਨ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਪਟਿਆਲਾ ਦਿਹਾਤੀ ਇਕਾਈ ਦੇ ਪੁਨਰਗਠਨ ਕਰਨ ਤੇ ਇਕ ਹੀ ਪ੍ਰਧਾਨ ਨਿਯੁਕਤ ਕਰਨ ਦਾ ਫੈਸਲਾ ਲਿਆ ਹੈ।ਇਸ ਗੱਲ ਦੀ ਜਾਣਕਾਰੀ ਦਿੰਦਿਆਂ ਸੀਨੀਅਰ ਆਗੂ ਸਰਦਾਰ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਇਸ ਵੇਲੇ ਪਟਿਆਲਾ ਇਕਾਈ ਦੇ ਦੋ ਪ੍ਰਧਾਨ ਹਨ, ਜਿਸ ਕਾਰਨ ਤਾਲਮੇਲ ਵਿੱਚ ਮੁਸ਼ਕਲਾਂ ਆ ਰਹੀਆਂ ਹਨ।ਉਨ੍ਹਾਂ ਕਿਹਾ ਕਿ ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਸ੍ਰ. ਸੁਖਵਿੰਦਰ ਸਿੰਘ ਰਾਜਲਾ ਤੇ ਜਰਨੈਲ ਸਿੰਘ ਕਰਤਾਰਪੁਰ ਤੋਂ ਜ਼ਿੰਮੇਵਾਰੀ ਵਾਪਸ ਲਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਨਵੇਂ ਪ੍ਰਧਾਨ ਦੀ ਨਿਯੁਕਤੀ ਦਾ ਐਲਾਨ ਜਲਦੀ ਹੀ ਕੀਤਾ ਜਾਵੇਗਾ।

# ਪੰਜਾਬੀ 'ਵਰਸਿਟੀ 'ਚ ਅਕਾਦਮਿਕ ਕੌਂਸਲ ਦੇ ਫੈਸਲੇ ਦੀ ਉਲੰਘਣਾ

## ਕੰਪਿਊਟਰ ਸਾਇੰਸ ਵਿਭਾਗ ਪੰਜਾਬੀ ਦੀ ਲਾਜ਼ਮੀ ਪੜ੍ਹਾਈ ਤੋਂ ਵੱਟ ਰਿਹੈ ਪਾਸਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਪੰਜਾਬੀ ਯੂਨੀਵਰਸਿਟੀ ਦਾ ਕੰਪਿਊਟਰ ਸਾਇੰਸ ਵਿਭਾਗ ਪੰਜਾਬੀ ਦੀ ਲਾਜ਼ਮੀ ਪੜ੍ਹਾਈ ਤੋਂ ਪਾਸਾ ਵੱਟ ਗਿਆ ਹੈ।ਵਿਭਾਗ ਵੱਲੋਂ ਪੰਜਾਬੀ ਨੂੰ ਬੀਸੀਏ ਦੇ ਸਾਰੇ ਸਮੈਸਟਰਾਂ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ।ਅਕਾਦਮਿਕ ਕੌਂਸਲ ਦੇ ਫੈਸਲੇ ਨੂੰ ਲਾਗੂ ਕਰਨ ਦੀ ਬਜਾਏ ਪੰਜਾਬੀ ਨੂੰ ਲਾਗੂ ਕਰਨ ਬਾਰੇ ਹੁਣ ਕਾਲਜਾਂ ਤੋਂ ਸੁਝਾਅ ਮੰਗੇ ਜਾ ਰਹੇ ਹਨ।ਕੰਪਿਊਟਰ ਸਾਇੰਸ ਵਿਭਾਗ ਮੁਖੀ ਨੇ ਪੰਜਾਬੀ ਯੂਨੀਵਰਸਿਟੀ ਨਾਲ ਸਬੰਧਤ ਸਮੂਹ ਰੀਜਨਲ ਸੈਂਟਰ, ਐਫੀਲੇਟਿਡ ਕਾਲਜ ਤੇ ਕਾਂਸਟੀਚਿਊਟ ਕਾਲਜਾਂ ਵਿੱਚ ਬੀਏਸੀਏ ਕੋਰਸ ਕਰਵਾਉਣ ਵਾਲੇ ਕਾਲਜਾਂ ਨੂੰ ਚਿੱਠੀ ਜਾਰੀ ਕੀਤੀ ਹੈ। ਚਿੱਠੀ ਰਾਹੀਂ ਬੀਸੀਏ ਭਾਗ ਦੂਜਾ ਤੇ ਤੀਜਾ ਵਿੱਚ ਪੰਜਾਬੀ ਵਿਸ਼ਾ ਲਾਗੂ ਕੀਤੇ ਜਾਣ ਸਬੰਧੀ ਰਾਏ ਮੰਗੀ ਗਈ ਹੈ।ਸਮੂਹ ਕਾਲਜਾਂ ਦੇ ਪ੍ਰਿੰਸੀਪਲ ਤੇ ਡਾਇਰੈਕਟਰਾਂ ਨੂੰ ਵਿਭਾਗ ਦੀ ਈਮੇਲ ਰਾਹੀਂ ਆਪਣੇ ਸੁਝਾਅ ਭੇਜਣ ਲਈ ਕਿਹਾ ਹੈ।ਵਿਭਾਗ ਮੁਖੀ ਦਾ ਕਹਿਣਾ ਹੈ ਕਿ ਕਾਲਜਾਂ ਵੱਲੋਂ ਪ੍ਰਾਪਤ ਸੁਝਾਵਾਂ ਦੇ ਆਧਾਰ 'ਤੇ ਹੀ ਬੋਰਡ ਆਫ ਸਟਡੀਜ਼ ਦੀ ਇਕੱਤਰਤਾ ਸੱਦ ਕੇ ਬੀਸੀਏ ਕੋਰਸ ਵਿਭਾਗ ਦੂਜਾ ਤੇ ਤੀਜਾ ਵਿੱਚ ਪੰਜਾਬੀ ਵਿਸ਼ਾ ਲਾਗੂ ਕਰਨ ਸਬੰਧੀ ਫੈਸਲਾ ਲਿਆ ਜਾਵੇਗਾ।ਪੰਜਾਬੀ ਭਾਸ਼ਾ ਪ੍ਰੇਮੀ ਡਾ. ਲਖਵਿੰਦਰ ਸਿੰਘ ਜੌਹਲ ਦੱਸਦੇ ਹਨ ਕਿ ਪੰਜਾਬੀ ਵਿਭਾਗ ਵੱਲੋਂ ਅਕਾਦਮਿਕ ਕੌਂਸਲ ਦੇ ਆਦੇਸ਼ ਅਨੁਸਾਰ ਪਾਠਕ੍ਰਮ ਬਣਾ ਕੇ ਭੇਜ ਵੀ ਦਿੱਤੇ ਗਏ ਹਨ, ਜੋ ਯੂਨੀਵਰਸਿਟੀ ਦੀ ਵੈੱਬਸਾਈਟ ਉੱਪਰ ਵੀ ਉਪਲਬੱਧ ਹਨ, ਪਰ ਯੂਨੀਵਰਸਿਟੀ ਦੇ ਕੰਪਿਊਟਰ ਵਿਭਾਗ ਵੱਲੋਂ ਯੂਨੀਵਰਸਿਟੀ ਵੈੱਬਸਾਈਟ 'ਤੇ ਬੀਸੀਏ ਕੋਰਸ ਦੀ ਸਕੀਮ ਵਿੱਚ ਪੰਜਾਬੀ ਲਾਜ਼ਮੀ ਦਾ ਵਿਸ਼ਾ ਪਹਿਲੇ ਦੋ ਸਮੈਸਟਰਾਂ ਵਿੱਚ ਹੀ ਲਾਗੂ ਦਿਖਾਇਆ ਗਿਆ ਹੈ।ਅਕਾਦਮਿਕ ਕੌਂਸਲ ਦੇ ਫ਼ੈਸਲੇ ਅਨੁਸਾਰ ਬੀਸੀਏ ਦੇ ਸਾਰੇ ਸਮੈਸਟਰਾਂ ਵਿੱਚ ਪੰਜਾਬੀ ਲਾਜ਼ਮੀ ਦਾ ਵਿਸ਼ਾ ਪੜ੍ਹਾਉਣਾ ਲਾਜ਼ਮੀ ਹੈ।ਇਸ ਤਰ੍ਹਾਂ ਕੰਪਿਊਟਰ ਸਾਇੰਸ ਵਿਭਾਗ ਵੱਲੋਂ ਅਕਾਦਮਿਕ ਕੌਂਸਲ ਦੇ ਫ਼ੈਸਲੇ ਦੀ ਸਰਾਸਰ ਉਲੰਘਣਾ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ ਦੀ ਪਿਛਲੇ ਸਾਲ ਸੱਤ ਅਗਸਤ 2023 ਨੂੰ ਅਕਾਦਮਿਕ ਕੌਂਸਲ ਦੀ ਇਕੱਤਰਤਾ ਉਸ ਸਮੇਂ ਦੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਦੀ ਅਗਵਾਈ ਵਿੱਚ ਹੋਈ ਸੀ, ਜਿਸ ਵਿੱਚ ਯੂਨੀਵਰਸਿਟੀ ਦੇ ਸਾਰੇ ਡੀਨ, ਸਮੂਹ ਵਿਭਾਗਾਂ ਦੇ ਮੁਖੀ, ਕਾਲਜਾਂ ਦੇ ਪ੍ਰਿੰਸੀਪਲ ਵੀ ਸ਼ਾਮਲ ਹੋਏ ਸਨ।ਇਨ੍ਹਾਂ ਤੋਂ ਇਲਾਵਾ ਇਸ ਇਕੱਤਰਤਾ ਵਿੱਚ ਵਿਸ਼ੇਸ਼ ਸੱਦੇ 'ਤੇ ਸਵ. ਡਾ. ਸੁਰਜੀਤ ਪਾਤਰ, ਡਾ. ਲਖਵਿੰਦਰ ਸਿੰਘ ਜੌਹਲ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵੀ ਹਾਜ਼ਰ ਹੋਈਆਂ ਸਨ।ਮੀਟਿੰਗ ਵਿੱਚ ਫ਼ੈਸਲਾ ਕੀਤਾ ਗਿਆ ਸੀ ਕਿ ਬੀਸੀਏ (ਤਿੰਨ ਸਾਲਾ ਡਿਗਰੀ ਕੋਰਸ) ਦੇ ਛੇਆਂ ਹੀ ਸਮੈਸਟਰਾਂ ਵਿੱਚ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਇਆ ਜਾਵੇਗਾ।ਇਸ ਦੇ ਪਾਠਕ੍ਰਮ ਪੰਜਾਬੀ ਵਿਭਾਗ ਦੀ 'ਬੋਰਡ ਆਫ਼ ਸਟੱਡੀਜ਼' ਵੱਲੋਂ ਨਵੀਆਂ ਤਕਨੀਕਾਂ, ਸਾਫ਼ਟਵੇਅਰ ਤੇ ਕੰਪਿਊਟਰ ਸਬੰਧੀ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਏ ਜਾਣਗੇ ਤੇ ਇਨ੍ਹਾਂ ਨੂੰ ਪੰਜਾਬੀ ਦੇ ਕੋਰਸਾਂ ਵਿੱਚ ਸ਼ਾਮਲ ਕੀਤਾ ਜਾਵੇਗਾ।

ਓਧਰ, ਬੀਸੀਏ ਵਿੱਚ ਪੰਜਾਬੀ ਪੜ੍ਹਾਈ ਸਾਰੇ ਸਮੈਸਟਰਾਂ ਵਿੱਚ ਲਾਗੂ ਨਾ ਕਰਨ ਬਾਰੇ ਪੰਜਾਬੀ ਯੂਨੀਵਰਸਿਟੀ ਕੰਪਿਊਟਰ ਸਾਇੰਸ ਵਿਭਾਗ ਮੁਖੀ ਗਗਨਦੀਪ ਕੌਰ ਬੱਤਰਾ ਦਾ ਕਹਿਣਾ ਹੈ ਕਿ ਮਸਲੇ ਦਾ ਜਲਦ ਹੱਲ ਕਰ ਲਿਆ ਜਾਵੇਗਾ।ਉਨ੍ਹਾ ਕਿਹਾ ਕਿ ਇਸ ਬਾਰੇ ਉੱਚ-ਪੱਧਰ 'ਤੇ ਗੱਲ ਚੱਲ ਰਹੀ ਹੈ, ਇਸ ਲਈ ਅਜੇ ਕੁਝ ਨਹੀਂ ਕਹਿ ਸਕਦੇ ਹਨ।

# ਇਮੀਗ੍ਰੇਸ਼ਨ ਸੈਂਟਰਾਂ ਦੀ ਲੁੱਟ ਤੋਂ ਲੋਕਾਂ ਨੂੰ ਬਚਾਇਆ ਜਾਵੇ : ਢੋਸੀਵਾਲ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰ ਪਾਲ /ਪੂਜਾ /ਚਾਵਲਾ/ਪਰਮਜੀਤ ਸਿੰਘ)**-ਸਰਕਾਰੀ ਨੌਕਰੀਆਂ ਦੀ ਭਰਤੀ ਵਿੱਚ ਖੜੋਤ, ਪ੍ਰਾਈਵੇਟ ਅਦਾਰਿਆਂ ਵੱਲੋਂ ਰੁਜ਼ਗਾਰ ਦੇ ਨਾਮ 'ਤੇ ਸ਼ੋਸ਼ਣ ਤੇ ਸਰਕਾਰੀ ਤੰਤਰ ਦੀ ਬੇਰੁਖੀ ਦਾ ਸ਼ਿਕਾਰ ਪੰਜਾਬ ਦੇ ਬੇਰੁਜ਼ਗਾਰ ਨੌਜਵਾਨ ਵਿਦੇਸ਼ਾਂ ਵਿੱਚ ਜਾ ਕੇ ਆਪਣਾ ਭਵਿੱਖ ਸੰਵਾਰਨ ਦੀ ਦੌੜ ਵਿੱਚ ਹਨ।ਹਰ ਨੌਜਵਾਨ ਜਾਇਜ਼-ਨਜਾਇਜ਼ ਤਰੀਕੇ ਨਾਲ ਬਾਹਰਲੇ ਮੁਲਕ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਵਿੱਚ ਹਨ।ਬੇਰੁਜ਼ਗਾਰੀ ਤੇ ਸਰਹੱਦੀ ਮੁਸ਼ਕਲਾਂ ਦੀ ਦੂਹਰੀ ਮਾਰ ਝੱਲਦੇ ਹੋਏ ਪੰਜਾਬ ਦੇ ਫਿਰੋਜ਼ਪੁਰ, ਫਾਜ਼ਿਲਕਾ, ਅੰਮ੍ਰਿਤਸਰ ਤੇ ਗੁਰਦਾਸਪੁਰ ਸਮੇਤ ਸਾਰੇ ਪੰਜਾਬ ਦੇ ਬੇਰੁਜ਼ਗਾਰ ਨੌਜਵਾਨ ਆਪਣੀਆਂ ਜ਼ਮੀਨਾਂ ਤੇ ਸੰਪਤੀ ਵੇਚ ਕੇ ਵਿਦੇਸ਼ ਜਾਣ ਲਈ ਮਜਬੂਰ ਹਨ।ਨੌਜਵਾਨਾਂ ਦੀ ਇਸ ਪ੍ਰਵਿਰਤੀ ਤੇ ਮਜਬੂਰੀ ਦਾ ਫਾਇਦਾ ਉਠਾਉਂਦੇ ਹੋਏ ਰਾਜ ਦੇ ਉਕਤ ਜ਼ਿਲ੍ਹਿਆਂ ਸਮੇਤ ਕਈ ਹੋਰਨਾਂ ਜ਼ਿਲ੍ਹਿਆਂ ਦੇ ਆਈਲਟਸ ਸੈਂਟਰ, ਇਮੀਗ੍ਰੇਸ਼ਨ ਐਂਡ ਕੰਸਲਟੈਂਸੀ ਸੈਂਟਰ ਵਿਦੇਸ਼ ਜਾਣ ਦੇ ਚਾਹਵਾਨਾਂ ਦਾ ਸ਼ੋਸ਼ਣ ਕਰ ਰਹੇ ਹਨ।ਉਨ੍ਹਾਂ ਤੋਂ ਭਾਰੀ ਭਰਕਮ ਰਕਮ ਵਸੂਲ ਕੀਤੀ ਜਾਂਦੀ ਹੈ ਤੇ ਸਬਜ਼ਬਾਗ ਦਿਖਾ ਕੇ ਉਨ੍ਹਾਂ ਨੂੰ ਆਪਣੇ ਜਾਲ ਵਿੱਚ ਫਸਾਇਆ ਜਾਂਦਾ ਹੈ।ਐੱਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੇ ਚੇਅਰਮੈਨ ਤੇ ਆਲ ਇੰਡੀਆ ਐੱਸ.ਸੀ./ ਬੀ.ਸੀ./ਐੱਸ.ਟੀ. ਏਕਤਾ ਭਲਾਈ ਮੰਚ ਦੇ ਰਾਸ਼ਟਰੀ ਪ੍ਰਧਾਨ ਦਲਿਤ ਰਤਨ ਜਗਦੀਸ਼ ਰਾਏ ਢੋਸੀਵਾਲ ਨੇ ਇਥੇ ਉਕਤ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਰਾਜ ਦੇ ਕੁਝ ਜ਼ਿਲ੍ਹਿਆਂ ਦੇ ਇਮੀਗ੍ਰੇਸ਼ਨ ਸੈਂਟਰਾਂ ਤੇ ਆਈਲਟਸ ਸੈਂਟਰਾਂ ਵੱਲੋਂ ਆਮ ਲੋਕਾਂ ਤੋਂ ਮੋਟੀ ਰਕਮ ਵਸੂਲ ਕਰਕੇ ਇਨਕਮ ਟੈਕਸ ਤੇ ਜੀ.ਐੱਸ.ਟੀ. ਵਿਭਾਗ ਨੂੰ ਸਿੱਧਾ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ।ਪ੍ਰਧਾਨ ਢੋਸੀਵਾਲ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਵੱਲੋਂ ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਸ ਗੰਭੀਰ ਮਾਮਲੇ ਦੀ ਸਮੁੱਚੀ ਜਾਣਕਾਰੀ ਪ੍ਰਾਪਤ ਕੀਤੀ ਜਾਵੇਗੀ।ਇਮੀਗ੍ਰੇਸ਼ਨ ਤੇ ਆਈਲਟਸ ਸੈਂਟਰਾਂ ਵੱਲੋਂ ਇਨਕਮ ਟੈਕਸ ਤੇ ਜੀ.ਐੱਸ.ਟੀ. ਵਿਭਾਗ ਨੂੰ ਲਗਾਏ ਜਾ ਰਹੇ ਚੂਨੇ, ਸੈਂਟਰ ਚਲਾਉਣ ਲਈ ਸਰਕਾਰੀ ਮਾਪਦੰਡਾਂ ਦੀ ਪੂਰੀ ਤਰ੍ਹਾਂ ਪਾਲਣਾ ਨਾ ਕਰਨ ਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਵਿਦੇਸ਼ ਭੇਜਣ ਦੇ ਨਾਂਅ 'ਤੇ ਭਾਰੀ ਭਰਕਮ ਵਸੂਲੀ ਕਰਨ ਦੇ ਮਾਮਲੇ ਰਾਜ ਸਰਕਾਰ, ਪ੍ਰਸ਼ਾਸਨਕ ਅਧਿਕਾਰੀ, ਇਨਕਮ ਟੈਕਸ ਤੇ ਜੀ.ਐੱਸ.ਟੀ. ਵਿਭਾਗ ਸਮੇਤ ਰਾਜ ਵਿਜੀਲੈਂਸ ਵਿਭਾਗ ਦੇ ਧਿਆਨ ਵਿੱਚ ਲਿਆਂਦੇ ਜਾਣਗੇ।

# ਰੋਟਰੀ ਕਲੱਬ ਸੈਂਟਰਲ ਨੇ ਵੱਖ-ਵੱਖ ਥਾਵਾਂ 'ਤੇ ਪੌਦੇ ਲਗਾਏ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਰੋਟਰੀ ਕਲੱਬ ਸਮਾਣਾ ਸੈਂਟਰਲ ਵੱਲੋਂ ਸਮਾਜ ਭਲਾਈ ਕਾਰਜਾਂ ਵਿੱਚ ਵਾਧਾ ਕਰਦੇ ਹੋਏ ਪ੍ਰਧਾਨ ਪ੍ਰਦੀਪ ਗੋਇਲ ਮਿੰਕਾ, ਸੈਕਟਰੀ ਅਸ਼ੋਕ ਮੋਦਗਿੱਲ, ਡੀ ਆਰ ਸੀ ਸੀ ਡਾ. ਰਾਜੇਸ਼ ਲੱਕੀ ਤੇ ਕੈਸ਼ੀਅਰ ਰੈਲੀ ਸਿੰਗਲਾ ਦੀ ਅਗਵਾਈ ਹੇਠ ਵਾਤਾਵਰਣ ਨੂੰ ਸ਼ੁੱਧ ਤੇ ਹਰਿਆ-ਭਰਿਆ ਰੱਖਣ ਲਈ ਸਥਾਨਕ ਸਰਦਾਖਾਨਾ ਮੰਦਰ, ਸੱਚਾ ਮਹਾਂਕਲੇਸ਼ਵਰ ਮੰਦਰ ਤੇ ਗੁਰਦੁਆਰਾ ਚੱਕ ਅੰਮ੍ਰਿਤਸਰ ਵਿਖੇ 70 ਦੇ ਕਰੀਬ ਫ਼ਲਦਾਰ ਤੇ ਛਾਂਦਾਰ ਪੌਦੇ ਲਗਾਏ ਗਏ। ਇਸ ਮੌਕੇ ਬੋਲਦਿਆਂ ਪ੍ਰਧਾਨ ਪ੍ਰਦੀਪ ਗੋਇਲ ਮਿੰਕਾ ਨੇ ਕਿਹਾ ਕਿ ਸਾਡਾ ਸਭ ਦਾ ਨੈਤਿਕ ਫਰਜ਼ ਹੈ ਕਿ ਅਸੀਂ ਵਾਤਾਵਰਣ ਨੂੰ ਬਚਾਉਣ ਲਈ ਹੰਭਲਾ ਮਾਰੀਏ ਤੇ ਵੱਧ ਤੋਂ ਵੱਧ ਪੌਦੇ ਲਗਾ ਕੇ ਵਾਤਾਵਰਣ ਨੂੰ ਸ਼ੁੱਧ, ਸਾਫ ਸੁਥਰਾ ਤੇ ਹਰਿਆ-ਭਰਿਆ ਰੱਖਣ ਲਈ ਆਪਣਾ ਬਣਦਾ ਯੋਗਦਾਨ ਪਾਈਏ।ਇਸ ਮੌਕੇ ਡਾ. ਰਾਜੇਸ਼ ਲੱਕੀ ਨੇ ਕਿਹਾ ਕਿ ਜੇਕਰ ਵਾਤਾਵਰਣ ਨੂੰ ਸਾਫ ਸੁਥਰਾ ਰੱਖਿਆ ਜਾਵੇ ਤਾਂ ਬਹੁਤ ਸਾਰੀਆਂ ਬੀਮਾਰੀਆ ਤੋਂ ਬਚ ਸਕਦੇ ਹਾਂ।ਇਸ ਲਈ ਸਾਨੂੰ ਵਾਤਾਵਰਣ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ ਤੇ ਕੁਦਰਤੀ ਸੋਮਿਆਂ ਦੀ ਸੁਰੱਖਿਆ ਵਿੱਚ ਮਦਦਗਾਰ ਬਣਨਾ ਚਾਹੀਦਾ ਹੈ।ਇਸ ਮੌਕੇ ਮੈਂਬਰ ਵਿਪੁਲ ਮਿੱਤਲ, ਰਾਜੀਵ ਭਾਰਤੀ, ਵਿਕਰਾਂਤ ਗੋਇਲ, ਮੋਹਨਦੀਪ ਗੋਇਲ ਮਿੰਟੂ, ਰਾਜਿੰਦਰ ਗਰਗ ਆਦਿ ਤੋਂ ਇਲਾਵਾ ਰਮਨ ਮਹਿੰਦਰਾ, ਗੁਰਪ੍ਰੀਤ ਗੋਲਡੀ ਵਰਮਾ, ਕਮਲ ਸ਼ਰਮਾ, ਮਨੀ ਸ਼ਰਮਾ ਤੇ ਮਨੋਜ ਕੁਮਾਰ ਆਦਿ ਮੌਜੂਦ ਰਹੇ।

# ਬੀ ਕੇ ਏ ਸੈਣ ਵੈੱਲਫੇਅਰ ਸਭਾ ਵੱਲੋਂ ਜੈਤੋ ਇਕਾਈ ਦਾ ਗਠਨ



**ਕੋਟਕਪੂਰ (ਰਛਪਾਲ ਭੁੱਲਰ)**-ਬੀ ਕੇ ਏ ਸੈਣ ਵੈੱਲਫੇਅਰ ਸਭਾ ਦੇ ਸੂਬਾ ਪ੍ਰਧਾਨ ਡਾ. ਪ੍ਰਗਟ ਸਿੰਘ ਧੀਰਾ ਪੱਤਰਾ ਨੇ ਪ੍ਰੈੱਸ ਨਾਲ ਗੱਲਬਾਤ ਕਰਦੇ ਦੱਸਿਆ ਕਿ ਉਨ੍ਹਾਂ ਦੀ ਪੂਰੀ ਟੀਮ ਨੂੰ ਉਸ ਸਮੇਂ ਭਾਰੀ ਬਲ ਮਿਲਿਆ, ਜਦੋਂ ਜੈਤੋ ਤੋਂ ਬਹੁ-ਗਿਣਤੀ ਪਰਵਾਰਾਂ ਨੇ ਬਿੰਦਰ ਸਿੰਘ ਮੱਤਾ ਤੇ ਬਿੰਦਰ ਸਿੰਘ ਪੰਜ ਗਰਾਈਂ ਦੀ ਪ੍ਰੇਰਨਾ ਸਦਕਾ ਸਭਾ ਨਾਲ ਹੱਥ ਮਿਲਾਇਆ ਅਤੇ ਜੈਤੋ ਦੀ ਇਕਾਈ ਦੀ ਪ੍ਰਧਾਨਗੀ ਸਰਬਸੰਮਤੀ ਨਾਲ ਸਿਹਤ ਵਿਭਾਗ 'ਚੋਂ ਰਿਟਾਇਰ ਮੇਜਰ ਸਿੰਘ ਨੂੰ ਸੌਂਪੀ ਗਈ ਤੇ ਬਲਜੀਤ ਸਿੰਘ ਨੂੰ ਮੀਤ ਪ੍ਰਧਾਨ ਬਣਾਇਆ ਗਿਆ।ਸੂਬਾ ਪ੍ਰਧਾਨ ਡਾ. ਪ੍ਰਗਟ ਸਿੰਘ, ਨੀਲਾ ਸਿੰਘ ਤੇ ਬੂਟਾ ਸਿੰਘ ਨੇ ਇਨ੍ਹਾਂ ਨੂੰ ਸਰੋਪੇ ਪਾ ਕੇ ਸਨਮਾਨਤ ਕਰਦੇ ਹੋਏ ਅਹਿਮ ਜ਼ਿੰਮੇਵਾਰੀ ਸੌਂਪੀ ਗਈ।ਇਸ ਸਮੇਂ ਸਭਾ ਲਾਲ ਜੁੜੇ ਪਰਿਵਾਰਾਂ ਵਿੱਚੋਂ ਮੇਜਰ ਸਿੰਘ ਇਕਾਈ ਪ੍ਰਧਾਨ ਤੇ ਬਲਜੀਤ ਸਿੰਘ ਇਕਾਈ ਮੀਤ ਪ੍ਰਧਾਨ ਜੈਤੋ, ਵੀਰ ਸਿੰਘ ਭਾ. ਤਰਸੇਮ ਸਿੰਘ ਸੇਖੋਂ, ਜਸਕਰਨ ਸਿੰਘ ਰੋੜੀ ਕਪੂਰਾ, ਤੱਖਾ ਸਿੰਘ, ਜੰਗ ਸਿੰਘ, ਹਰਜੀਤ ਸਿੰਘ, ਜਲੌਰ ਸਿੰਘ, ਬੂਟਾ ਸਿੰਘ, ਮੇਜਰ ਸਿੰਘ, ਜਸਵਿੰਦਰ ਸਿੰਘ, ਮਾਹਲਾ ਸਿੰਘ, ਥਾਣੇਦਾਰ ਹਰਮੰਦਰ ਸਿੰਘ, ਯਾਦਵਿੰਦਰ ਸਿੰਘ, ਮੰਦਰ ਸਿੰਘ ਸ਼ਾਮਲ ਹਨ।ਇਨ੍ਹਾਂ ਪਰਿਵਾਰਾਂ ਦਾ ਧੰਨਵਾਦ ਕਰਦਿਆਂ ਸੂਬਾ ਪ੍ਰਧਾਨ ਡਾ. ਪ੍ਰਗਟ ਸਿੰਘ, ਸੂਬਾ ਮੀਤ ਪ੍ਰਧਾਨ ਨੀਲਾ ਸਿੰਘ, ਸੂਬਾ ਜਨਰਲ ਸਕੱਤਰ ਬੂਟਾ ਸਿੰਘ, ਕੁਲਵੰਤ ਸਿੰਘ ਖਜ਼ਾਨਚੀ, ਬਿੰਦਰ ਸਿੰਘ ਪੰਜ ਗਰਾਈਂ ਤੇ ਬਲਵਿੰਦਰ ਸਿੰਘ ਮੱਤਾ ਨੇ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਭਾ ਲਈ ਸਖਤ ਮਿਹਨਤ ਕਰਨ।ਸਭਾ ਵੱਲੋਂ ਉਨ੍ਹਾਂ ਦਾ ਬਣਦਾ ਮਾਣ ਸਨਮਾਨ ਕੀਤਾ ਜਾਵੇਗਾ।

# ਰੋਟਰੀ ਕਲੱਬ ਸਮਾਣਾ ਨੇ ਪੌਦੇ ਲਗਾਏ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਰੋਟਰੀ ਕਲੱਬ ਸਮਾਣਾ ਵੱਲੋਂ ਪ੍ਰਧਾਨ ਜੀ ਸੀ ਗੋਇਲ, ਸੈਕਟਰੀ ਮਨੀਸ਼ ਗੁਪਤਾ, ਕੈਸ਼ੀਅਰ ਅਰੁਨ ਬਾਂਸਲ ਤੇ ਪ੍ਰੋਜੈਕਟ ਚੇਅਰਮੈਨ ਅਮਿਤ ਗੁਪਤਾ ਦੀ ਅਗਵਾਈ ਹੇਠ ਵਾਤਾਵਰਣ ਨੂੰ ਹਰ-ਭਰਾ ਤੇ ਸ਼ੁੱਧ ਰੱਖਣ ਲਈ ਸਥਾਨਕ ਅਯੋਧਿਆ ਕੋਟਸਪਿਨ ਵਿਖੇ 50 ਦੇ ਕਰੀਬ ਫ਼ਲਦਾਰ ਤੇ ਛਾਂਦਾਰ ਪੌਦੇ ਲਗਾਏ ਗਏ।ਇਸ ਮੌਕੇ ਪ੍ਰਧਾਨ ਜੀ ਸੀ ਗੋਇਲ ਨੇ ਲੋਕਾਂ ਨੂੰ ਵਾਤਾਵਰਣ ਸ਼ੁੱਧ ਰੱਖਣ ਦਾ ਸੁਨੇਹਾ ਦਿੱਤਾ ਤੇ ਕਿਹਾ ਕਿ ਹਰ ਨਾਗਰਿਕ ਦਾ ਮੁੱਢਲਾ ਫਰਜ਼ ਬਣਦਾ ਹੈ ਕਿ ਉਹ ਵਾਤਾਵਰਣ ਦੀ ਸਾਂਭ ਸੰਭਾਲ ਵਿੱਚ ਆਪਣਾ ਯੋਗਦਾਨ ਪਾਵੇ ਤਾਂ ਜੋ ਸ਼ੁੱਧ ਵਾਤਾਵਰਣ ਸਿਰਜਿਆ ਜਾ ਸਕੇ।ਇਸ ਮੌਕੇ ਸ੍ਰੀ ਸ਼ਾਮ ਸਿੰਗਲਾ, ਕ੍ਰਿਸ਼ਨ ਬਾਂਸਲ, ਸੁਮੀਤ ਗੋਇਲ, ਅਮਿਤ ਕਾਂਸਲ, ਗੌਰਵ ਜਿੰਦਲ, ਗੁਰਦਾਸ, ਓਮ ਅਰੋੜਾ, ਅਮਿਤ ਲੂਥਰਾ, ਸਤੀਸ਼ ਸਿੰਗਲਾ, ਸੁਮਿਤ ਸਿੰਗਲਾ, ਸੁਰਿੰਦਰ ਕੁਮਾਰ, ਸੰਜੂ, ਸ਼ੁਭਰਾਂਸ਼ੂ ਤੇ ਗਗਨ ਕੁਮਾਰ ਆਦਿ ਮੌਜੂਦ ਸਨ।

# ਰੇਲ ਗੱਡੀਆਂ 'ਚ ਅਣ-ਅਧਿਕਾਰਤ ਵੈਂਡਿੰਗ ਨੂੰ ਰੋਕਣ ਲਈ ਵਿਸ਼ੇਸ਼ ਮੁਹਿੰਮ ਚਲਾਈ

## ਜਾਂਚ ਦੌਰਾਨ 8 ਅਣ-ਅਧਿਕਾਰਤ ਵਿਕਰੇਤਾ ਫੜੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਰੇਲਵੇ ਬੋਰਡ ਤੇ ਮੁੱਖ ਦਫ਼ਤਰ ਦੀਆਂ ਹਦਾਇਤਾਂ ਅਨੁਸਾਰ ਰੇਲ ਗੱਡੀਆਂ ਵਿੱਚ ਅਣ-ਅਧਿਕਾਰਤ ਵੈਂਡਿੰਗ ਨੂੰ ਰੋਕਣ ਤੇ ਰੋਕਣ ਲਈ ਇੱਕ ਹਫ਼ਤੇ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ।ਇਸ ਸੰਦਰਭ ਵਿੱਚ ਸੀਨੀਅਰ ਡਵੀਜ਼ਨਲ ਕਮਰਸ਼ੀਅਲ ਮੈਨੇਜਰ ਪਰਮਦੀਪ ਸਿੰਘ ਸੈਣੀ ਨੇ ਆਰ ਪੀ ਐੱਫ ਸਟਾਫ਼ ਨਾਲ ਮਿਲ ਕੇ ਰੇਲ ਗੱਡੀ ਨੰਬਰ 22430 (ਪਠਾਨਕੋਟ-ਪੁਰਾਣੀ ਦਿੱਲੀ ਐਕਸਪ੍ਰੈੱਸ) ਤੇ ਰੇਲ ਗੱਡੀ ਨੰਬਰ 22479 (ਸ਼ਰਬਤ ਦਾ ਭਲਾ) ਵਿੱਚ ਅਣ-ਅਧਿਕਾਰਤ ਵੈਂਡਿੰਗ ਨੂੰ ਰੋਕਣ ਲਈ ਵਿਸ਼ੇਸ਼ ਜਾਂਚ ਕੀਤੀ ਗਈ ਸੀ।ਜਾਂਚ ਦੌਰਾਨ ਉਨ੍ਹਾਂ ਨਾਲ ਕਮਰਸ਼ੀਅਲ ਇੰਸਪੈਕਟਰ ਜਲੰਧਰ ਸਿਟੀ ਨਿਤੇਸ਼ ਤੇ ਆਰ ਪੀ ਐੱਫ ਦਾ ਸਟਾਫ਼ ਅਤੇ ਟਿਕਟ ਚੈਕਿੰਗ ਸਟਾਫ਼ ਮੌਜੂਦ ਸੀ।ਜਾਂਚ ਦੌਰਾਨ 8 ਅਣ-ਅਧਿਕਾਰਤ ਵਿਕਰੇਤਾ ਰੇਲਗੱਡੀ ਵਿੱਚ ਫੜੇ ਗਏ।ਕੁਝ ਅਣ-ਅਧਿਕਾਰਤ ਵਿਕਰੇਤਾਵਾਂ ਤੋਂ ਕੁਝ ਤੋਂ ਜੁਰਮਾਨੇ ਵਸੂਲ ਕੀਤੇ ਗਏ।ਇਨ੍ਹਾਂ ਨੂੰ ਰੇਲਵੇ ਐਕਟ ਦੀ ਧਾਰਾ 144 ਤਹਿਤ ਆਰ ਪੀ ਐੱਫ ਦੇ ਹਵਾਲੇ ਕਰ ਦਿੱਤਾ ਗਿਆ ਹੈ ਤਾਂ ਜੋ ਇਸ ਦੇ ਖਿਲਾਫ ਅਗਲੀ ਕਾਰਵਾਈ ਕੀਤੀ ਜਾ ਸਕੇ।ਜੇਕਰ ਕੋਈ ਅਣ-ਅਧਿਕਾਰਤ ਵਿਕਰੇਤਾ ਰੇਲਗੱਡੀ ਜਾਂ ਰੇਲਵੇ ਦੇ ਕਿਸੇ ਹਿੱਸੇ 'ਤੇ ਕੋਈ ਸਾਮਾਨ ਵੇਚਦਾ ਹੈ ਤਾਂ ਰੇਲਵੇ ਐਕਟ ਦੀ ਧਾਰਾ 144 ਤਹਿਤ 2000 ਰੁਪਏ ਜੁਰਮਾਨਾ ਜਾਂ ਇਕ ਸਾਲ ਦੀ ਕੈਦ ਜਾਂ ਦੋਵੇਂ ਸਜ਼ਾਵਾਂ ਦਾ ਪ੍ਰਬੰਧ ਹੈ।ਉਨ੍ਹਾਂ ਰੇਲ ਯਾਤਰੀਆਂ ਨੂੰ ਅਪੀਲ ਕੀਤੀ ਕਿ ਉਹ ਰੇਲ ਸਫ਼ਰ ਦੌਰਾਨ ਅਣ-ਅਧਿਕਾਰਤ ਵਿਕਰੇਤਾਵਾਂ ਤੋਂ ਕੋਈ ਵੀ ਚੀਜ਼ ਨਾ ਖ਼ਰੀਦਣ।ਹੈੱਡਕੁਆਰਟਰ ਦੀ ਸਪੈਸ਼ਲ ਟਿਕਟ ਚੈਕਿੰਗ ਮੁਹਿੰਮ ਤਹਿਤ ਉਨ੍ਹਾਂ ਨੇ ਟਿਕਟ ਚੈਕਿੰਗ ਸਟਾਫ਼ ਨਾਲ ਮਿਲ ਕੇ ਇਨ੍ਹਾਂ ਟਰੇਨਾਂ ਦੇ ਏਅਰ ਕੰਡੀਸ਼ਨਡ, ਸਲੀਪਰ ਤੇ ਜਨਰਲ ਕੋਚਾਂ ਵਿੱਚ ਟਿਕਟਾਂ ਦੀ ਬਾਰੀਕੀ ਨਾਲ ਚੈਕਿੰਗ ਕੀਤੀ।ਬਿਨਾਂ ਟਿਕਟ ਤੇ ਬੇਨਿਯਮੀ ਨਾਲ ਸਫਰ ਕਰਨ ਵਾਲੇ 83 ਰੇਲਵੇ ਯਾਤਰੀਆਂ ਤੋਂ 61 ਹਜ਼ਾਰ ਰੁਪਏ ਤੋਂ ਵੱਧ ਦਾ ਜੁਰਮਾਨਾ ਵਸੂਲਿਆ ਗਿਆ।



# ਭੀਮੜਾ 'ਚ ਮੁਫਤ ਮੈਡੀਕਲ ਕੈਂਪ ਲਗਾਇਆ



**ਮਾਨਸਾ/ਬੋਹਾ (ਆਤਮਾ ਸਿੰਘ ਪਮਾਰ)**-ਇੱਥੋਂ ਨੇੜਲੇ ਪਿੰਡ ਮਲਕਪੁਰ ਭੀਮੜਾ ਵਿਖੇ ਇੱਥੋਂ ਦੇ ਹੀ ਜੰਮਪਲ ਸਮਾਜ ਸੇਵੀ ਧਰਮ ਪਾਲ ਬਾਂਸਲ ਤੇ ਨਿਰਮਲਾ ਦੇਵੀ ਬਾਂਸਲ ਵੱਲੋਂ ਸਥਾਨਕ ਗਰਾਮ ਪੰਚਾਇਤ ਦੇ ਸਹਿਯੋਗ ਨਾਲ ਇਕ ਮੁਫ਼ਤ ਮੈਡੀਕਲ ਚੈੱਕਅਪ ਤੇ ਦਵਾਈ ਵੰਡ ਕੈਂਪ ਸ੍ਰੀ ਬਾਲਾ ਜੀ (ਹਨੂੰਮਾਨ) ਮੰਦਰ ਵਿਖੇ ਲਗਾਇਆ ਗਿਆ।ਇਸ ਕੈਂਪ ਵਿੱਚ ਡਾ. ਰਣਜੀਤ ਕੌਰ ਤੇ ਡਾ. ਸਬੀਨਾ ਜੈਨ ਦੀ ਟੀਮ ਵੱਲੋਂ ਸੌ ਦੇ ਕਰੀਬ ਮਰੀਜ਼ਾਂ ਨੂੰ ਚੈੱਕ ਕੀਤਾ ਗਿਆ ਤੇ ਮੁਫ਼ਤ ਦਵਾਈਆਂ ਵੀ ਵੰਡੀਆਂ ਗਈਆਂ। ਇਸ ਸਮੇਂ ਸ੍ਰੀ ਧਰਮ ਪਾਲ ਬਾਂਸਲ ਨੇ ਕਿਹਾ ਕਿ ਜਿਸ ਪਿੰਡ ਦੀ ਮਿੱਟੀ ਵਿੱਚ ਖੇਡ ਕੇ ਉਹ ਵੱਡੇ ਹੋਏ ਹਨ, ਉਸ ਪਿੰਡ ਵਿੱਚ ਅਜਿਹਾ ਲੋਕ ਭਲਾਈ ਦਾ ਕਾਰਜ ਕਰਕੇ ਉਨ੍ਹਾਂ ਨੂੰ ਵੱਡੀ ਮਾਨਸਿਕ ਰਾਹਤ ਮਹਿਸੂਸ ਹੁੰਦੀ ਹੈ। ਇਸ ਕੈਂਪ ਵਿੱਚੋਂ ਲਾਹਾ ਲੈਣ ਵਾਲੇ ਮਰੀਜ਼ਾਂ ਨੇ ਬਾਂਸਲ ਪਰਿਵਾਰ ਦਾ ਧੰਨਵਾਦ ਕੀਤਾ।ਇਸ ਕੈਂਪ ਨੂੰ ਸਫਲ ਬਣਾਉਣ ਲਈ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਬੋਹਾ ਦੇ ਸਕੱਤਰ ਡਾ. ਹਰਬੰਸ ਸਿੰਘ ਭੀਮੜਾ ਤੇ ਸਮੁੱਚੀ ਪੰਚਾਇਤ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ।

# ਡਾ. ਪ੍ਰਗਿਆ ਜੈਨ ਟਿੱਲਾ ਬਾਬਾ ਫਰੀਦ ਵਿਖੇ ਹੋਏ ਨਤਮਸਤਕ



**ਫ਼ਰੀਦਕੋਟ (ਬੇਦੀ, ਡਿਸੂਜ਼ਾ)**-ਜ਼ਿਲ੍ਹਾ ਫਰੀਦਕੋਟ ਵਿੱਚ ਨਵੇਂ ਆਏ ਡਾ. ਪ੍ਰਗਿਆ ਜੈਨ ਆਈ ਪੀ ਐੱਸ, ਐੱਸ ਐੱਸ ਪੀ ਫਰੀਦਕੋਟ ਵੱਲੋਂ ਅਹੁਦਾ ਸੰਭਾਲਣ ਉਪਰੰਤ ਟਿੱਲਾ ਬਾਬਾ ਫਰੀਦ ਵਿਖੇ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਉਨ੍ਹਾਂ ਕਿਹਾ ਕਿ ਬਾਬਾ ਫਰੀਦ ਜੀ ਆਪਣੇ ਸਮੇਂ ਦੇ ਮਹਾਨ ਸੂਫੀ ਸੰਤ ਸਨ, ਜਿਨ੍ਹਾਂ ਦੀਆਂ ਸਿੱਖਿਆਵਾਂ ਅੱਜ ਵੀ ਮਨੁੱਖਤਾ ਲਈ ਮਾਰਗ ਦਰਸ਼ਨ ਦਾ ਕੰਮ ਕਰਦੀਆਂ ਹਨ ਤੇ ਰਹਿੰਦੀ ਦੁਨੀਆ ਤੱਕ ਕਰਦੀਆਂ ਰਹਿਣਗੀਆਂ।ਉਨ੍ਹਾ ਕਿਹਾ ਕਿ ਉਨ੍ਹਾ ਨੂੰ ਖੁਸ਼ੀ ਹੈ ਕਿ ਬਾਬਾ ਫਰੀਦ ਜੀ ਦੀ ਪਵਿੱਤਰ ਧਰਤੀ ਫਰੀਦਕੋਟ ਵਿੱਚ ਉਨ੍ਹਾ ਨੂੰ ਐੱਸ ਐੱਸ ਪੀ ਵਜੋਂ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ ਤੇ ਉਹ ਫਰੀਦਕੋਟ ਵਾਸੀਆਂ ਨੂੰ ਵਿਸ਼ਵਾਸ ਦਿਵਾਉਂਦੇ ਹਨ ਕਿ ਉਹ ਆਪਣੀ ਡਿਊਟੀ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ।

# ਸੈਂਟੀਨਲ ਸਕੂਲ ਦੀਆਂ ਵਿਦਿਆਰਥਣਾਂ ਨੇ ਜ਼ੋਨਲ ਖੇਡਾਂ 'ਚ ਜਿੱਤਿਆ ਸੋਨ ਤਮਗਾ



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਈਆਂ ਜਾ ਰਹੀਆਂ ਖੇਡਾਂ ਤਹਿਤ ਸਾਲ 2024-25 ਦੇ ਜ਼ੋਨਲ ਹੈਂਡਬਾਲ ਉਮਰ ਵਰਗ-17 ਵਿਦਿਆਰਥਣਾਂ ਦੇ ਖੇਡ ਮੁਕਾਬਲੇ ਕਿੰਡਰ ਗਾਰਟਨ ਸਕੂਲ ਸਮਰਾਲਾ ਵਿਖੇ ਕਰਵਾਏ ਗਏ, ਜਿਸ ਵਿੱਚ ਸੈਂਟੀਨਲ ਇੰਟਰਨੈਸ਼ਨਲ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਸੋਨ ਤਮਗਾ ਹਾਸਲ ਕੀਤਾ ਗਿਆ।ਇਨ੍ਹਾਂ ਮੁਕਾਬਲਿਆਂ ਵਿੱਚ ਚਾਰ ਸਕੂਲ ਦੀਆਂ ਟੀਮਾਂ ਨੇ ਭਾਗ ਲਿਆ, ਜਿਸ 'ਚ ਦੂਜਾ ਸਥਾਨ ਕਿੰਡਰਗਾਰਟਨ ਸਕੂਲ ਦੀਆਂ ਵਿਦਿਆਰਥਣਾਂ ਤੇ ਤੀਜਾ ਸਥਾਨ ਏਵੀਅਰ ਕਾਨਵੈਂਟ ਸਕੂਲ ਮਾਛੀਵਾੜਾ ਦੀਆਂ ਵਿਦਿਆਰਥਣਾਂ ਨੇ ਹਾਸਲ ਕੀਤਾ।ਸੈਂਟੀਨਲ ਸਕੂਲ ਦੀਆਂ ਵਿਦਿਆਰਥਣਾਂ ਨੇ ਸੋਨ ਤਮਗਾ ਜਿੱਤ ਕੇ ਜ਼ਿਲ੍ਹਾ ਪੱਧਰ ਤੇ ਖੇਡਣ ਲਈ ਆਪਣੀ ਜਗ੍ਹਾ ਬਣਾਈ।ਸਕੂਲ ਦੇ ਚੇਅਰਮੈਨ ਦਲਜੀਤ ਸਿੰਘ ਸ਼ਾਹੀ, ਡਾਇਰੈਕਟਰ ਸਰਬਜੀਤ ਕੌਰ ਨੇ ਬੱਚਿਆਂ ਦੀ ਇਸ ਪ੍ਰਾਪਤੀ ਲਈ ਉਨ੍ਹਾਂ ਨੂੰ ਵਧਾਈ ਦਿੰਦੇ ਹੋਏ ਭਵਿੱਖ ਵਿੱਚ ਹੋਰ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ।ਸਕੂਲ ਦੇ ਪ੍ਰਿੰਸੀਪਲ ਡਾਕਟਰ ਪੂਨਮ ਸ਼ਰਮਾ ਨੇ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਤੇ ਜ਼ਿਲ੍ਹਾ ਪੱਧਰ 'ਤੇ ਖੇਡਣ ਲਈ ਉਤਸ਼ਾਹਤ ਕੀਤਾ।

# ਇਸਲਾਮੀਆ ਸਕੂਲਾਂ ਦੇ ਅਧਿਆਪਕਾਂ ਵੱਲੋਂ ਮੰਗਾਂ ਸੰਬੰਧੀ ਵਿਧਾਇਕ ਤੇ ਵਕਫ ਬੋਰਡ ਦੇ ਸੀ ਈ ਓ ਨਾਲ ਮੀਟਿੰਗ

## ਵਿਧਾਇਕ ਰਹਿਮਾਨ ਨੇ ਮੰਗਾਂ ਨੂੰ ਜਲਦੀ ਹੱਲ ਕਰਵਾਉਣ ਦਾ ਦਿੱਤਾ ਭਰੋਸਾ





**ਮਾਲੇਰਕੋਟਲਾ (ਅਸਗਰ ਪਰਿਹਾਰ)**-ਪੰਜਾਬ ਵਕਫ਼ ਬੋਰਡ ਪ੍ਰਬੰਧਾਂ ਅਧੀਨ ਚੱਲ ਰਹੇ ਇਸਲਾਮੀਆ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਇਸਲਾਮੀਆ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ), ਮਲੇਰਕੋਟਲਾ, ਇਸਲਾਮੀਆ ਸਕੂਲ ਰੋਹੀੜਾ, ਇਸਲਾਮੀਆ ਸਕੂਲ ਬਿੰਜੋਕੀ ਦੇ ਵੱਡੀ ਗਿਣਤੀ ਅਧਿਆਪਕਾਂ ਵੱਲੋਂ ਹਲਕਾ ਮਾਲੇਰਕੋਟਲਾ ਦੇ ਵਿਧਾਇਕ ਡਾਕਟਰ ਮੁਹੰਮਦ ਜਮੀਲ ਉਰ ਰਹਿਮਾਨ ਦੀ ਮੌਜੂਦਗੀ 'ਚ ਪੰਜਾਬ ਵਕਫ ਬੋਰਡ ਦੇ ਐਡਮੋ ਤੇ ਸੀ.ਈ.ਓ. ਮੁਹੰਮਦ ਅਸਲਮ ਨਾਲ ਵਿਸ਼ੇਸ਼ ਮੀਟਿੰਗ ਕੀਤੀ ਤੇ ਆਪਣੀਆਂ ਮੰਗਾਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ।

ਵਿਧਾਇਕ ਡਾਕਟਰ ਮੁਹੰਮਦ ਜਮੀਲ ਉਰ ਰਹਿਮਾਨ ਦੀ ਸਿਫਾਰਸ਼ 'ਤੇ ਸੀ.ਈ.ਓ. ਮੁਹੰਮਦ ਅਸਲਮ ਵੱਲੋਂ ਅਧਿਆਪਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਤੇ ਉਨ੍ਹਾਂ ਦੀਆਂ ਮੰਗਾਂ ਨੂੰ ਜਲਦੀ ਹੱਲ ਕਰਨ ਦਾ ਭਰੋਸਾ ਜਿਤਾਇਆ ਗਿਆ।ਇਸ ਉਪਰੰਤ ਇੱਕ ਰਿਟਾਇਰ ਟੀਚਰਾਂ ਦੇ ਵਫ਼ਦ ਵੱਲੋਂ ਰਿਟਾਇਰਮੈਂਟ ਪੈਨਸ਼ਨ ਲਗਵਾਉਣ ਸਬੰਧੀ ਇੱਕ ਮੰਗ ਪੱਤਰ ਵੀ ਦਿੱਤਾ।ਇਸ ਮੌਕੇ ਵਿਧਾਇਕ ਡਾਕਟਰ ਮੁਹੰਮਦ ਜਮੀਲ ਉਰ ਰਹਿਮਾਨ ਵੱਲੋਂ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਕਤ ਸਕੂਲਾਂ ਦੇ ਅਧਿਆਪਕਾਂ ਤੇ ਰਿਟਾਇਰ ਅਧਿਆਪਕਾਂ ਦੀਆਂ ਮੰਗਾਂ ਸਬੰਧੀ ਉਹ ਪਹਿਲਾਂ ਤੋਂ ਹੀ ਪ੍ਰਸ਼ਾਸਕ ਐੱਮ ਐੱਫ ਫਰੂਕੀ ਦੇ ਧਿਆਨ 'ਚ ਲਿਆ ਚੁੱਕੇ ਹਨ।ਇਸ ਮੌਕੇ ਵਿਧਾਇਕ ਰਹਿਮਾਨ ਦੀ ਧਰਮਪਤਨੀ ਮੈਡਮ ਫਰਿਆਲ ਰਹਿਮਾਨ, ਵਿਧਾਇਕ ਰਹਿਮਾਨ ਦੇ ਪੀ ਏ ਸਾਬਕਾ ਸਰਪੰਚ ਗੁਰਮੁੱਖ ਸਿੰਘ ਖਾਨਪੁਰ, ਮਾਇਨਾਰਿਟੀ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਜਾਫਰ ਅਲੀ, ਪ੍ਰਧਾਨ ਅਬਦੁਲ ਸ਼ਕੂਰ ਕਿਲ੍ਹਾ, ਬਲਾਕ ਸੋਸ਼ਲ ਮੀਡੀਆ ਇੰਚਾਰਜ ਯਾਸਰ ਅਰਫਾਤ, ਮੁਹੰਮਦ ਨਦੀਮ, ਬਲਾਕ ਪ੍ਰਧਾਨ ਦਰਸ਼ਨ ਸਿੰਘ ਦਰਦੀ ਮੌਜੂਦ ਸਨ।

# ਸੂਲਰ ਦੀਆਂ ਆਊਟਰ ਕਾਲੋਨੀਆਂ 'ਚ ਸੀਵਰੇਜ ਦਾ ਕੰਮ ਸ਼ੁਰੂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ, ਜਲ ਸਰੋਤ, ਮਾਈਨਿੰਗ, ਬਾਗਬਾਨੀ, ਸੁਤੰਤਰਤਾ ਸੰਗਰਾਮੀ ਭਲਾਈ ਵਿਭਾਗ ਦੇ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਿੰਡਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।ਚੇਤਨ ਸਿੰਘ ਜੌੜਾਮਾਜਰਾ ਇੱਥੇ ਪਟਿਆਲਾ ਦੇ ਨਾਲ ਲੱਗਦੇ ਵਿਧਾਨ ਸਭਾ ਹਲਕਾ ਸਮਾਣਾ ਦੇ ਪਿੰਡ ਸੂਲਰ ਦੀਆਂ ਆਊਟਰ ਕਾਲੋਨੀਆਂ 'ਚ ਸੀਵਰੇਜ ਪ੍ਰਾਜੈਕਟ ਸ਼ੁਰੂ ਕਰਵਾਉਣ ਤੋਂ ਬਾਅਦ ਕਰਵਾਏ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ।ਇਸ ਮੌਕੇ ਕੈਬਨਿਟ ਮੰਤਰੀ ਨੇ 20 ਲੱਖ ਦੇ ਸੀਵਰੇਜ ਪ੍ਰਾਜੈਕਟ ਨੂੰ ਸ਼ੁਰੂ ਕਰਵਾਇਆ।ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਪਿੰਡ ਦੇ ਲੋਕਾਂ ਦੀ ਮੰਗ 'ਤੇ ਸੂਲਰ ਦੇ ਸ਼ਮਸ਼ਾਨਘਾਟ 'ਤੇ ਸਾਢੇ 3 ਲੱਖ ਰੁਪਏ ਦੀ ਲਾਗਤ ਨਾਲ ਸ਼ੈੱਡ ਬਣਾਉਣ ਦਾ ਕੰਮ ਆਉਣ ਵਾਲੇ ਤਿੰਨ ਚਾਰ ਦਿਨਾਂ ਵਿੱਚ ਸ਼ੁਰੂ ਹੋ ਜਾਵੇਗਾ।ਕੈਬਨਿਟ ਮੰਤਰੀ ਜੌੜਾਮਾਜਰਾ ਨੇ ਕਿਹਾ ਕਿ ਪਹਿਲੀ ਵਾਰ ਪੰਜਾਬ ਦੇ ਲੋਕਾਂ ਨੂੰ ਅਜਿਹੀ ਸਰਕਾਰ ਮਿਲੀ ਹੈ, ਜਿਸ ਨੇ ਸਰਕਾਰ ਬਣਦੇ ਹੀ ਵਿਕਾਸ ਦੇ ਕਾਰਜ ਸ਼ੁਰੂ ਕਰ ਦਿੱਤੇ ਸਨ।ਹੁਣ ਤੱਕ ਪੰਜਾਬ ਸਰਕਾਰ ਪਾਰਦਰਸ਼ੀ ਢੰਗ ਨਾਲ 40 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਨੌਕਰੀਆਂ ਦੇ ਚੁੱਕੀ ਹੈ ਤੇ ਨੌਕਰੀਆਂ ਦੇਣ ਦਾ ਇਹ ਸਿਲਸਿਲਾ ਲਗਾਤਾਰ ਜਾਰੀ ਹੈ।

ਉਨ੍ਹਾ ਕਿਹਾ ਕਿ ਪਿਛਲੀਆਂ ਸਰਕਾਰਾਂ ਆਪਣੇ ਕਾਰਜਕਾਲ ਦੇ ਆਖਰੀ ਸਾਲ ਵਿੱਚ ਕੰਮ ਸ਼ੁਰੂ ਕਰਦੀਆਂ ਸਨ, ਜਦੋਂਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਹੁਦੇ ਦੀ ਸਹੁੰ ਚੁੱਕਦੇ ਹੋਏ ਸੂਬੇ ਦੇ ਲੋਕਾਂ ਵੱਲੋਂ ਦਿੱਤਾ ਗਿਆ ਹਰਾ ਪੈੱਨ ਲੋਕ ਹਿੱਤ ਵਿੱਚ ਵਰਤਣਾ ਸ਼ੁਰੂ ਕਰ ਦਿੱਤਾ ਸੀ, ਜੋ ਕਿ ਲਗਾਤਾਰ ਜਾਰੀ ਹੈ।ਉਨ੍ਹਾ ਕਿਹਾ ਕਿ ਸੂਲਰ ਪਿੰਡ ਨੂੰ ਖੂਬਸੂਰਤ ਬਣਾਇਆ ਜਾਵੇਗਾ ਤੇ ਇਲਾਕੇ ਦੀਆਂ ਸਮੁੱਚੀਆਂ ਮੰਗਾਂ ਪੂਰੀਆਂ ਕੀਤੀਆਂ ਜਾਣਗੀਆਂ।ਇਸ ਮੌਕੇ ਹਰਜਿੰਦਰ ਸਿੰਘ ਮਿੰਟੂ ਜੌੜਾਮਾਜਰਾ, ਬਲਕਾਰ ਸਿੰਘ ਗੱਜੂਮਾਜਰਾ, ਗੁਰਦੇਵ ਸਿੰਘ ਟਿਵਾਣਾ, ਬੀਡੀਪੀਓ ਸੁਖਵਿੰਦਰ ਸਿੰਘ ਟਿਵਾਣਾ, ਹਰਮੇਸ਼ ਸਿੰਘ, ਸੁਖਵਿੰਦਰ ਸਿੰਘ, ਪਵਿੱਤਰ ਸਿੰਘ ਡਕਾਲਾ, ਬਿੰਦਰ ਸਿੰਘ, ਮਨਿੰਦਰ ਸੂਲਰ, ਗੁਰਦੀਪ ਸਿੰਘ ਵਿਰਕ, ਪੰਚਾਇਤ ਸਕੱਤਰ ਅਸ਼ੋਕ ਕੁਮਾਰ, ਡਾ. ਦਵਿੰਦਰਪਾਲ ਸਿੰਘ, ਦਲਜੀਤ ਸਿੰਘ ਆਦਿ ਹਾਜ਼ਰ ਸਨ।

# ਗੋਪਾਲ ਸਿੰਘ ਦੀ ਪੁਸਤਕ 'ਮਿੱਟੀ ਦੀ ਕਸਕ' 'ਤੇ ਭਖ਼ਵੀਂ ਵਿਚਾਰ-ਚਰਚਾ



**ਬਠਿੰਡਾ (ਬਖਤੌਰ ਢਿੱਲੋਂ)**-ਪੰਜਾਬੀ ਸਾਹਿਤ ਸਭਾ ਬਠਿੰਡਾ ਵੱਲੋਂ ਸਥਾਨਕ ਟੀਚਰਜ਼ ਹੋਮ ਵਿਖੇ ਸ੍ਰੀ ਗੋਪਾਲ ਸਿੰਘ ਕੋਟਫੱਤਾ ਸੇਵਾਮੁਕਤ ਪੀ ਸੀ ਐੱਸ ਦੀ ਕਾਵਿ ਪੁਸਤਕ 'ਮਿੱਟੀ ਦੀ ਕਸਕ' 'ਤੇ ਵਿਚਾਰ ਚਰਚਾ ਕਰਵਾਈ ਗਈ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਉੱਘੇ ਵਾਰਤਾਕਾਰ ਰਾਮ ਸਿੰਘ ਸੇਵਾਮੁਕਤ ਅਧਿਕਾਰੀ, ਅਜਾਇਬ ਸਿੰਘ ਭੱਟੀ ਸਾਬਕਾ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ, ਅਮਰ ਸਿੰਘ ਸਿੱਧੂ ਲੇਖਕ ਤੇ ਫਿਲਮ ਮੇਕਰ ਤੇ ਟਹਿਲ ਸਿੰਘ ਸਾਬਕਾ ਡਾਇਰੈਕਟਰ ਪਨਗਰੇਨ ਹਾਜ਼ਰ ਸਨ। ਸਭਾ ਦੇ ਪ੍ਰਧਾਨ ਜਸਪਾਲ ਮਾਨਖੇੜਾ ਨੇ ਸਭਨਾ ਨੂੰ ਜੀ ਆਇਆਂ ਕਹਿਣ ਉਪਰੰਤ ਸ੍ਰੀ ਗੋਪਾਲ ਸਿੰਘ ਦੀਆਂ ਜੀਵਨ ਪ੍ਰਾਪਤੀਆਂ ਤੇ ਸਾਹਿਤਕ ਕਾਰਜ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਉਹ ਕਿਰਤੀ ਪਰਿਵਾਰ 'ਚੋਂ ਉੱਠ ਕੇ ਉੱਚ ਅਹੁਦੇ 'ਤੇ ਪਹੁੰਚ ਕੇ ਵੀ ਕਿਰਤੀ ਸਮਾਜ ਨਾਲ ਜੁੜੇ ਰਹੇ। ਹਰਵਿੰਦਰ ਸਿੰਘ ਸਿਰਸਾ ਨੇ ਪੁਸਤਕ ਉੱਪਰ ਪਰਚਾ ਪੜ੍ਹਦਿਆਂ ਕਿਹਾ ਕਿ ਲੋਕਾਂ ਨੂੰ ਰਾਸ਼ਟਰਵਾਦ ਬਾਰੇ ਸੁਚੇਤ ਹੋਣਾ ਚਾਹੀਦਾ ਹੈ ਅਤੇ ਪ੍ਰਵਾਸ ਤੇ ਖੁਦਕੁਸ਼ੀਆਂ ਬਾਰੇ ਸੋਚਣਾ ਵੀ ਅਤੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀ ਤਰਜ਼ਮਾਨੀ ਕਰਦਾ ਸਾਹਿਤ ਰਚਣ ਦੀ ਜ਼ਰੂਰਤ ਹੈ। ਸਾਹਿਤ ਵਿੱਚ ਕਿਰਤ ਦੀ ਭੂਮਿਕਾ ਹਮੇਸ਼ਾ ਮਹੱਤਵਪੂਰਨ ਰਹੀ ਹੈ ਤੇ ਰਹੇਗੀ। ਕਵਿਤਾਵਾਂ ਵਿੱਚ ਤੱਤ ਸਾਰ ਤੇ ਉਦੇਸ਼ ਵੱਡਾ ਹੁੰਦਾ ਹੈ, ਜੋ ਇਸ ਪੁਸਤਕ ਦੀਆਂ ਕਵਿਤਾਵਾਂ ਵਿੱਚ ਪ੍ਰਤੱਖ ਦਿਖਾਈ ਦਿੰਦਾ ਹੈ। ਕਵਿਤਾਵਾਂ ਸੰਵੇਦਨਾ ਭਰਪੂਰ ਹਨ ਤੇ ਉਹ ਪੀੜਾਂ, ਕਸਕਾਂ, ਦੁਸ਼ਵਾਰੀਆਂ 'ਤੇ ਕੇਂਦਰਤ ਹੋਣ ਦੇ ਨਾਲ ਨਾਲ ਮਨੁੱਖੀ ਫਿਕਰਾਂ ਦੀ ਬਾਤ ਪਾਉਂਦੀਆਂ ਹਨ।

ਚਰਚਾ ਸ਼ੁਰੂ ਕਰਦਿਆਂ ਉੱਘੇ ਨਾਵਲਕਾਰ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਟੁੱਟੀਆਂ ਹਸਰਤਾਂ ਵਾਲੇ ਹੀ ਬੁੱਤਕਾਰ, ਚਿੱਤਰਕਾਰ ਤੇ ਕਵਿਤਾਕਾਰ ਹੁੰਦੇ ਹਨ। ਉਨ੍ਹਾਂ ਕਿਹਾ ਕਿ ਪੁਸਤਕ ਵਿਚਲੀਆਂ ਕਵਿਤਾਵਾਂ ਉਸ ਸਮੇਂ ਦੀ ਯਾਦ ਦਿਵਾਉਂਦੀਆਂ ਹਨ, ਜਦ ਰਿਸ਼ਤਿਆਂ ਦਾ ਤਾਰਾ ਮੰਡਲ ਸਾਰੇ ਸਿਰਾਂ 'ਤੇ ਹੁੰਦਾ ਸੀ। ਰਚਨਾਵਾਂ ਸੰਵਾਦ ਰਚਾਉਂਦੀਆਂ ਹਨ। ਸ੍ਰੀ ਅਜਾਇਬ ਸਿੰਘ ਭੱਟੀ ਨੇ ਕਿਹਾ ਕਿ ਪੁਸਤਕ ਜੀਵਨ ਦੇ ਸਫ਼ਰ ਦੀ ਕਿਰਤ ਬਿਆਨ ਕਰਦੀ ਹੈ। ਪੁਸਤਕ ਵਿੱਚ ਮਨੁੱਖ ਨਾਲ ਜੁੜੇ ਹਰ ਵਿਸ਼ੇ 'ਤੇ ਕਵਿਤਾ ਲਿਖੀ ਗਈ ਹੈ। ਸ੍ਰੀ ਸਤਨਾਮ ਸਿੰਘ ਜੱਸਲ ਨੇ ਕਿਹਾ ਕਿ ਕਿਤਾਬ ਵਿੱਚੋਂ ਲੋਕਾਂ ਦੀ ਹੂਕ ਨਾਲ ਜੁੜੀ ਸੋਚ ਪ੍ਰਤੱਖ ਹੁੰਦੀ ਹੈ ਤੇ ਮਾਨਵਵਾਦੀ ਕਦਰਾਂ ਕੀਮਤਾਂ ਤੇ ਮੌਲਿਕ ਸੋਚ ਦਾ ਪ੍ਰਗਟਾਵਾ ਹੁੰਦਾ ਹੈ। ਇਹ ਪੁਸਤਕ ਕਿਰਤੀ ਲੋਕਾਂ ਦੇ ਹੱਥਾਂ ਤੱਕ ਪੁੱਜਣੀ ਚਾਹੀਦੀ ਹੈ।

ਸ੍ਰੀ ਲਛਮਣ ਸਿੰਘ ਮਲੂਕਾ ਨੇ ਕਿਹਾ ਕਿ ਭਾਸ਼ਾ ਨੂੰ ਜਿਉਂਦਾ ਰੱਖਣ ਲਈ ਰਚਨਾਕਾਰ ਵੱਲੋਂ ਪੇਂਡੂ ਰਹਿਤਲ ਦੇ ਸ਼ਬਦਾਂ ਦੀ ਬਾਖੂਬੀ ਵਰਤੋਂ ਕੀਤੀ ਗਈ ਹੈ। ਚੇਤਿਆਂ ਦੀ ਚੰਗੇਰ 'ਚ ਵਸਣ ਵਾਲੇ ਸ਼ਬਦ ਕਵਿਤਾਵਾਂ ਵਿੱਚ ਰਚੇ ਹੋਏ ਹਨ ਤੇ ਕਵਿਤਾਵਾਂ ਚੰਗਾ ਸੁਨੇਹਾ ਦਿੰਦੀਆਂ ਹਨ। ਪੁਸਤਕ ਦੇ ਰਚੇਤਾ ਸ੍ਰੀ ਗੋਪਾਲ ਸਿੰਘ ਨੇ ਆਪਣੇ ਜੀਵਨ 'ਚ ਵਾਪਰੀਆਂ ਘਟਨਾਵਾਂ ਦਾ ਵੇਰਵਾ ਦਿੰਦਿਆਂ ਦੱਸਿਆ ਕਿ ਉਨ੍ਹਾਂ ਜੋ ਵੇਖਿਆ ਤੇ ਹੰਢਾਇਆ, ਉਸ ਨੂੰ ਕਾਗਜ਼ 'ਤੇ ਲਿਖਦਾ ਰਿਹਾ, ਪਰ ਇਹ ਨਹੀਂ ਸੀ ਸੋਚਿਆ ਕਿ ਇਨ੍ਹਾਂ ਦੀ ਕਦੇ ਜਿਲਦ ਵੀ ਬੱਝੇਗੀ। ਅੱਜ ਇਸ ਚਰਚਾ ਨਾਲ ਸੰਤੁਸ਼ਟੀ ਮਿਲੀ ਹੈ। ਪ੍ਰਧਾਨਗੀ ਭਾਸ਼ਣ 'ਚ ਸ੍ਰੀ ਰਾਮ ਸਿੰਘ ਨੇ ਕਿਹਾ ਕਿ ਆਲੋਚਕ ਜਾਂ ਵਿਸ਼ਲੇਸ਼ਕ ਰਚਨਾ ਨੂੰ ਭਾਵੇਂ ਕਿਸੇ ਨਾਲ ਵੀ ਜੋੜ ਦੇਣ, ਪਰ ਉਸ ਵਿੱਚ ਲੇਖਕ ਦਾ ਆਪਣਾ ਦੁੱਖ ਸਮਾਇਆ ਹੁੰਦਾ ਹੈ। ਉਨ੍ਹਾ ਤਰੰਨਮ ਵਿੱਚ ਇੱਕ ਗਜ਼ਲ ਵੀ ਪੇਸ਼ ਕੀਤੀ। ਸਮਾਗਮ ਨੂੰ ਸਰਵਸ੍ਰੀ ਸੀ ਮਾਰਕੰਡਾ, ਅਮਰ ਸਿੰਘ ਸਿੱਧੂ, ਟਹਿਲ ਸਿੰਘ ਬੁੱਟਰ ਨੇ ਵੀ ਸੰਬੋਧਨ ਕੀਤਾ। ਅਮਰਜੀਤ ਸਿੰਘ ਸਿੱਧੂ, ਅਮਨ ਦਾਤੇਵਾਸੀਆ, ਸੁਰਜੀਤ ਸਿਰੜੀ, ਨਨਪਾਲ, ਅਮਰਜੀਤ ਸਿੰਘ ਹਰਿਆਣਾ ਨੇ ਕਵਿਤਾਵਾਂ ਪੇਸ਼ ਕੀਤੀਆਂ। ਸਭਾ ਦੇ ਮੀਤ ਪ੍ਰਧਾਨ ਬਲਵਿੰਦਰ ਸਿੰਘ ਭੁੱਲਰ ਨੇ ਸਭਨਾਂ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਰਣਜੀਤ ਗੌਰਵ ਜਨਰਲ ਸਕੱਤਰ ਨੇ ਨਿਭਾਈ। ਸਮਾਗਮ ਦੌਰਾਨ ਮਹਿਮਾਨਾਂ ਨੂੰ ਕਿਤਾਬਾਂ ਦੇ ਸੈੱਟ ਭੇਟ ਕਰਕੇ ਸਨਮਾਨਤ ਕੀਤਾ। ਸਮਾਗਮ 'ਚ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਅਤਰਜੀਤ ਕਹਾਣੀਕਾਰ, ਰਣਬੀਰ ਰਾਣਾ, ਪੋਰਿੰਦਰ ਸਿੰਗਲਾ, ਭੋਲਾ ਸਿੰਘ ਗਿੱਲਪੱਤੀ, ਭੂਪਿੰਦਰ ਮਾਨ, ਬੀਬਾ ਅਮ੍ਰਿਤ ਕਲੇਰ ਤੇ ਕਮਲ ਬਠਿੰਡਾ ਵੀ ਹਾਜ਼ਰ ਸਨ।

# ਅਚਾਰੀਆ ਬਾਲ ਕ੍ਰਿਸ਼ਨ ਦਾ ਜਨਮ ਦਿਨ ਪੌਦੇ ਲਾ ਕੇ ਮਨਾਇਆ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਪਤੰਜਲੀ ਪਰਿਵਾਰ ਸਮਾਣਾ ਵੱਲੋਂ ਅਚਾਰੀਆ ਸ੍ਰੀ ਬਾਲ ਕ੍ਰਿਸ਼ਨ ਦੇ ਜਨਮ ਦਿਨ ਮੌਕੇ ਪ੍ਰਧਾਨ ਸ੍ਰੀ ਰਾਜਿੰਦਰ ਗਰਗ ਦੀ ਅਗਵਾਈ ਹੇਠ ਸਥਾਨਕ ਸੂਰਜ ਰਾਈਸ ਮਿੱਲ ਵੜੈਚਾਂ ਵਿਖੇ ਮੈਡੀਕੇਟਡ ਪੌਦੇ ਲਗਾਏ ਗਏ, ਜਿਨ੍ਹਾਂ ਵਿੱਚ ਮੋਰਿੰਗਾ, ਤੁਲਸੀ, ਹਾਰ ਸ਼ਿੰਗਾਰ, ਬਿੱਲ ਪੱਤਰ, ਆਮਲਾ, ਐਲੋਵੇਰਾ ਆਦਿ ਪ੍ਰਮੁੱਖ ਹਨ।ਇਸ ਮੌਕੇ ਸ੍ਰੀ ਰਾਜਿੰਦਰ ਗਰਗ ਨੇ ਕਿਹਾ ਕਿ ਅੱਜ ਵਾਤਾਵਰਣ ਬਚਾਉਣ ਲਈ ਸਾਨੂੰ ਸਭ ਨੂੰ ਅੱਗੇ ਆਉਣਾ ਚਾਹੀਦਾ ਹੈ ਤੇ ਹਰ ਖੁਸ਼ੀ ਦੇ ਮੌਕੇ ਪੌਦੇ ਲਾਉਣੇ ਚਾਹੀਦੇ ਹਨ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਵੀ ਕਰਨੀ ਚਾਹੀਦੀ ਹੈ।ਇਸ ਮੌਕੇ ਸ੍ਰੀ ਅਨਿਲ ਗਰਗ ਤੇ ਕਿੱਟੀ ਗਰਗ ਵੱਲੋਂ ਵੀ ਮੀਡੀਆ ਰਾਹੀਂ ਲੋਕਾਂ ਨੂੰ ਵਾਤਾਵਰਣ ਸੰਭਾਲ ਲਈ ਅੱਗੇ ਆਉਣ ਲਈ ਅਪੀਲ ਕੀਤੀ ਗਈ।ਇਸ ਮੌਕੇ ਸੰਸਥਾ ਦੇ ਮੈਂਬਰ ਰਾਮ ਸਿੰਗਲਾ, ਪ੍ਰੇਮ ਗਰਗ, ਅਨਿਲ ਗਰਗ, ਨਰੇਸ਼ ਜੈਨ, ਮੈਡਮ ਹਰਜਿੰਦਰ ਕੌਰ, ਚੰਦਨ ਬਾਲਾ, ਰਜਨੀ ਤੇ ਸ਼ਿਲਪਾ ਆਦਿ ਮੌਜੂਦ ਰਹੇ।

# ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਸੰਬੰਧੀ ਕੀਤਾ ਜਾਗਰੂਕ



**ਕੋਟ ਈਸੇ ਖਾਂ (ਅਰੋੜਾ)**-ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਕੋਟ ਈਸੇ ਖਾਂ ਦੇ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਸਬੰਧੀ ਜਾਗਰੂਕ ਕੀਤਾ ਗਿਆ।ਹੈੱਡਕਾਂਸਟੇਬਲ ਸੁਖਜਿੰਦਰ ਸਿੰਘ ਟ੍ਰੈਫਿਕ ਐਜੂਕੇਸ਼ਨ ਸੈੱਲ ਮੋਗਾ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਮੋਟਰ ਵਹੀਕਲ ਐਕਟ 2019 ਦੀ ਧਾਰਾ 199 ਏ ਤੇ 199 ਬੀ ਵਿੱਚ ਸੋਧ ਕੀਤੀ ਗਈ ਹੈ ਨਾ-ਬਾਲਗ ਬੱਚੇ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੈ, ਦੋ-ਪਹੀਆ ਤੇ ਚਾਰ-ਪਹੀਆ ਵਹੀਕਲ ਨਾ ਚਲਾਉਣ।ਨਾ-ਬਾਲਗ ਬੱਚੇ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੈ, ਦੋ-ਪਹੀਆ ਜਾਂ ਚਾਰ-ਪਹੀਆ ਵਹੀਕਲ ਚਲਾਉਂਦੇ ਫੜੇ ਜਾਣ ਉਪਰੰਤ ਬੱਚਿਆਂ ਦੇ ਮਾਤਾ-ਪਿਤਾ ਨੂੰ ਵੀ ਤਿੰਨ ਸਾਲ ਦੀ ਕੈਦ ਤੇ 25 ਹਜ਼ਾਰ ਰੁਪਏ ਜੁਰਮਾਨਾ ਹੋ ਸਕਦਾ ਹੈ। ਇਸੇ ਤਰ੍ਹਾਂ ਜੇਕਰ ਕੋਈ ਨਾ-ਬਾਲਗ ਬੱਚਾ ਕਿਸੇ ਪਾਸੋਂ ਦੋ-ਪਹੀਆ ਜਾਂ ਚਾਰ-ਪਹੀਆ ਵਾਹਨ ਮੰਗ ਕੇ ਚਲਾਉਂਦਾ ਹੈ ਤਾਂ ਉਸ ਵਹੀਕਲ ਦੇ ਮਾਲਕ ਖਿਲਾਫ ਵੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਤੋਂ ਇਲਾਵਾ ਸਾਰਿਆ ਨੂੰ ਫਰਿਸ਼ਤਾ 2024 ਸਕੀਮ ਸਬੰਧੀ ਵੀ ਜਾਗਰੂਕ ਕੀਤਾ ਗਿਆ।ਇਸ ਮੌਕੇ ਪ੍ਰਿੰਸੀਪਲ ਸ੍ਰੀਮਤੀ ਕਿਰਨਪਾਲ ਕੌਰ, ਰਾਜ ਕੁਮਾਰ, ਨੀਲਮ ਰਾਣੀ, ਮਨਦੀਪ ਕੌਰ ਤੇ ਤਜਿੰਦਰ ਸੋਢੀ ਆਦਿ ਅਧਿਆਪਕ ਸਾਹਿਬਾਨ ਹਾਜ਼ਰ ਸਨ।

# ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਖਾਸਪੁਰੀ ਨੂੰ ਸਦਮਾ

**ਪਾਤੜਾਂ (ਪੱਤਰ ਪ੍ਰੇਰਕ)**-ਪਾਤੜਾਂ ਸਾਹਿਤ ਸਭਾ ਦੇ ਪ੍ਰਧਾਨ, ਉੱਘੇ ਗੀਤਕਾਰ ਤੇ ਫੌਜ ਵਿੱਚੋਂ ਰਿਟਾਇਰ ਸਾਬਕਾ ਸੂਬੇਦਾਰ ਤਰਸੇਮ ਸਿੰਘ ਖਾਸਪੁਰ ਨੂੰ ਉਸ ਵੇਲੇ ਭਾਰੀ ਸਦਮਾ ਲੱਗਿਆ, ਜਦੋਂ ਉਨ੍ਹਾਂ ਦੇ ਵੱਡੇ ਭਰਾ ਗੁਰਤੇਜ ਸਿੰਘ (ਤੇਜਾ) ਦੀ ਮੌਤ ਹੋ ਗਈ।ਜਾਣਕਾਰੀ ਅਨੁਸਾਰ ਉਨ੍ਹਾਂ ਦੇ ਭਰਾ ਗੁਰਤੇਜ ਸਿੰਘ ਬਿਲਕੁਲ ਤੰਦਰੁਸਤ ਸਨ, ਪਰ ਕੁਝ ਤਬੀਅਤ ਵਿਗੜਨ ਮਗਰੋਂ ਉਨ੍ਹਾਂ ਦੀ ਬੇਵਕਤੀ ਮੌਤ ਹੋ ਗਈ।ਉਨ੍ਹਾਂ ਨਮਿਤ 9 ਅਗਸਤ ਨੂੰ ਪਿੰਡ ਖਾਸਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਅੰਤਿਮ ਅਰਦਾਸ ਹੋਵੇਗੀ।

# 'ਸਰਕਾਰ ਤੁਹਾਡੇ ਦੁਆਰ' ਕੈਂਪ 'ਚ ਧਾਲੀਵਾਲ ਤੇ ਸ਼ੈਰੀ ਕਲਸੀ ਨੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ

### * ਮਾਨ ਸਰਕਾਰ ਲੋਕਾਂ ਦੀਆਂ ਦੁੱਖ-ਤਕਲੀਫ਼ਾਂ ਨੂੰ ਦੂਰ ਕਰਨ ਲਈ ਵਚਨਬੱਧ: ਧਾਲੀਵਾਲ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਲੋਕਾਂ ਦੀਆਂ ਦੁੱਖ ਤਕਲੀਫ਼ਾਂ ਨੂੰ ਦੂਰ ਕਰਨ ਲਈ ਵਚਨਬੱਧ ਹੈ ਅਤੇ ਸਰਕਾਰ ਹੁਣ ਲੋਕਾਂ ਦੇ ਪਿੰਡਾਂ ਅਤੇ ਮੁਹੱਲਿਆਂ ਵਿਚ ਜਾ ਕੇ ਮਸਲੇ ਹੱਲ ਕਰ ਰਹੀ ਹੈ।ਇਹ ਪ੍ਰਗਟਾਵਾ ਸੂਬੇ ਦੇ ਪ੍ਰਵਾਸੀ ਭਾਰਤੀ ਮਾਮਲੇ ਤੇ ਪ੍ਰਬੰਧਕੀ ਸੁਧਾਰ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਬੀ. ਡੀ. ਪੀ. ਓ. ਦਫ਼ਤਰ ਡੇਰਾ ਬਾਬਾ ਨਾਨਕ ਵਿਖੇ ਲਗਾਏ ਗਏ 'ਸਰਕਾਰ ਤੁਹਾਡੇ ਦੁਆਰ' ਕੈਂਪ ਦੌਰਾਨ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕੀਤਾ।ਇਸ ਮੌਕੇ ਉਨ੍ਹਾਂ ਨਾਲ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ, ਡੇਰਾ ਬਾਬਾ ਨਾਨਕ ਹਲਕਾ ਇੰਚਾਰਜ ਆਗੂ ਤੇ ਸੀਨੀਅਰ ਵਾਈਸ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ, ਐੱਸ.ਡੀ.ਐੱਮ. ਡੇਰਾ ਬਾਬਾ ਨਾਨਕ ਹਰਦੀਪ ਸਿੰਘ, ਐੱਸ. ਡੀ. ਐੱਮ. ਕਲਾਨੌਰ ਸ੍ਰੀਮਤੀ ਜਿਓਤਸਨਾ ਸਿੰਘ, ਡੀ. ਡੀ. ਪੀ. ਓ. ਸਤੀਸ਼ ਕੁਮਾਰ, ਤਹਿਸੀਲਦਾਰ ਲਖਵਿੰਦਰ ਸਿੰਘ, ਬੀ. ਡੀ. ਪੀ. ਓ. ਡੇਰਾ ਬਾਬਾ ਨਾਨਕ ਮੈਡਮ ਜਸਬੀਰ ਕੌਰ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਮਾਰਕਿਟ ਕਮੇਟੀ ਕਲਾਨੌਰ ਦੇ ਚੇਅਰਮੈਨ ਰਣਜੋਤ ਸਿੰਘ ਬਾਠ, ਮਾਰਕਿਟ ਕਮੇਟੀ ਡੇਰਾ ਬਾਬਾ ਨਾਨਕ ਦੇ ਚੇਅਰਮੈਨ ਜਗਜੀਤ ਸਿੰਘ ਕਾਹਲੋਂ ਵੀ ਹਾਜ਼ਰ ਸਨ । ਇਸ ਮੌਕੇ ਸਰਕਾਰ ਤੁਹਾਡੇ ਦੁਆਰ' ਕੈਂਪ ਵਿੱਚ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਅਧੀਨ ਪੈਂਦੇ ਬਲਾਕ ਡੇਰਾ ਬਾਬਾ ਨਾਨਕ, ਕਲਾਨੌਰ ਅਤੇ ਧਾਰੀਵਾਲ ਦੇ ਪਿੰਡਾਂ ਦੇ ਵਸਨੀਕਾਂ ਦੀਆਂ ਮੁਸ਼ਕਲਾਂ ਸੁਣੀਆਂ ਗਈਆਂ। ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਹਾਜ਼ਰ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਪਹਿਲ ਦੇ ਅਧਾਰ 'ਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ। ਉਨ੍ਹਾਂ ਕੈਂਪ ਵਿੱਚ ਆਏ ਵਿਅਕਤੀਆਂ ਨੂੰ ਭਰੋਸਾ ਦਿੱਤਾ ਕਿ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਆਮ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨ ਲਈ ਵਚਨਬੱਧ ਹੈ ਅਤੇ ਲੋਕਾਂ ਨੂੰ ਹੁਣ ਆਪਣੇ ਰੋਜ਼ਮਰਾਂ ਦੇ ਕੰਮਾਂ ਲਈ ਦਫ਼ਤਰਾਂ ਵਿੱਚ ਖੱਜ਼ਲ-ਖੁਆਰ ਨਹੀਂ ਹੋਣ ਦਿੱਤਾ ਜਾਵੇਗਾ।ਕੈਬਨਿਟ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮਾਨ ਸਰਕਾਰ ਦਾ ਉਦੇਸ਼ ਹੈ ਕਿ ਲੋਕਾਂ ਨੂੰ ਬਿਹਤਰ ਪ੍ਰਸ਼ਾਸਨਿਕ ਸੁਵਿਧਾਵਾਂ ਮਿਲਣ।ਇਸ ਦੇ ਲਈ ਲੋਕਾਂ ਨੂੰ ਦਫ਼ਤਰਾਂ ਵਿੱਚ ਜਾਣਾ ਨਾ ਪਵੇ ਸਗੋਂ ਦਫ਼ਤਰ ਪਿੰਡਾਂ ਅਤੇ ਸ਼ਹਿਰਾਂ ਦੇ ਮੁਹੱਲਿਆਂ ਵਿੱਚ ਚੱਲ ਕੇ ਆਉਣ।ਉਨ੍ਹਾਂ ਨੇ ਕਿਹਾ ਕਿ ਇਸੇ ਉਦੇਸ਼ ਨਾਲ ਇਹ ਲੋਕ ਸੁਵਿਧਾ ਕੈਂਪ ਪਿੰਡ-ਪਿੰਡ ਲਗਾਏ ਜਾ ਰਹੇ ਹਨ। ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਸਰਕਾਰ ਵੱਲੋਂ ਸੂਬਾ ਵਾਸੀਆਂ ਨੂੰ ਹੁਣ 43 ਤਰ੍ਹਾਂ ਦੀਆਂ ਸੇਵਾਵਾਂ ਘਰ ਬੈਠੇ ਹੀ ਦਿੱਤੀਆਂ ਜਾ ਰਹੀਆਂ ਹਨ ਅਤੇ ਇਸ ਲਈ ਨਾਗਰਿਕ 1076 ਫ਼ੋਨ ਨੰਬਰ 'ਤੇ ਕਾਲ ਕਰਕੇ ਸਰਕਾਰੀ ਨੁਮਾਇੰਦੇ ਨੂੰ ਆਪਣੇ ਘਰ ਬੁਲਾ ਕੇ ਸਰਕਾਰੀ ਸੇਵਾਵਾਂ ਦਾ ਲਾਭ ਲੈ ਸਕਦੇ ਹਨ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਜਿੱਥੇ ਸੂਬੇ ਭਰ ਵਿੱਚ ਵਿਕਾਸ ਕੀਤਾ ਜਾ ਰਿਹਾ ਹੈ ਓਥੇ ਡੇਰਾ ਬਾਬਾ ਨਾਨਕ ਹਲਕੇ ਨੂੰ ਮਾਡਲ ਹਲਕਾ ਬਣਾਇਆ ਜਾਵੇਗਾ ।ਇਸ ਮੌਕੇ ਬਟਾਲਾ ਹਲਕੇ ਦੇ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਮਾਨ ਸਰਕਾਰ ਦਾ ਮਕਸਦ ਹਰ ਵਰਗ ਨੂੰ ਸਹੂਲਤਾਂ ਦੇ ਕੇ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਚੁੱਕਣਾ ਹੈ।ਉਨ੍ਹਾਂ ਕਿਹਾ ਕਿ ਸਿੱਖਿਆ, ਸਿਹਤ ਅਤੇ ਰੁਜ਼ਗਾਰ ਦੇ ਖੇਤਰ ਵਿੱਚ ਮਾਨ ਸਰਕਾਰ ਮਿਸਾਲੀ ਕੰਮ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ 300 ਯੂਨਿਟ ਪ੍ਰਤੀ ਮਹੀਨਾਂ ਮੁਫ਼ਤ ਬਿਜਲੀ ਸਹੂਲਤ ਦਾ ਵੀ ਸੂਬੇ ਦੇ 90 ਫੀਸਦੀ ਤੋਂ ਵੱਧ ਲੋਕਾਂ ਨੂੰ ਲਾਭ ਮਿਲ ਰਿਹਾ ਹੈ।ਇਸ ਮੌਕੇ ਹਰਜੀਤ ਸਿੰਘ ਠੇਠਰਕੇ, ਰਾਜੇਸ਼ ਕੁਮਾਰ ਗੁਪਤਾ, ਸੱਤਪਾਲ ਸ਼ੌਕੀ, ਮਨਰੂਪ ਸਿੰਘ ਰੰਧਾਵਾ, ਪੀ. ਏ. ਲਵਪ੍ਰੀਤ ਤੋ ਇਲਾਵਾ ਹਲਕਾ ਡੇਰਾ ਬਾਬਾ ਨਾਨਕ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ ।

# ਜ਼ੋਨ ਬਾਬਾ ਬੀਰ ਸਿੰਘ ਦੀ ਕੋਰ ਕਮੇਟੀ ਵੱਲੋਂ ਅਹਿਮ ਮੀਟਿੰਗ

### * ਭ੍ਰਿਸ਼ਟਾਚਾਰ ਵਿਰੁੱਧ ਐਕਸ਼ਨ ਲੈਣ ਬਾਰੇ ਕੀਤੀ ਵਿਚਾਰ-ਚਰਚਾ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਕਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲਾ ਤਰਨ ਤਾਰਨ ਦੇ ਜ਼ੋਨ ਬਾਬਾ ਬੀਰ ਸਿੰਘ ਦੀ ਕੋਰ ਕਮੇਟੀ ਦੀ ਮੀਟਿੰਗ ਪਾਲ ਸਿੰਘ ਅਲਾਦੀਨਪੁਰ ਦੇ ਗ੍ਰਹਿ ਵਿਖੇ ਮਜ਼ਦੂਰ ਆਗੂ ਦਰਸ਼ਨ ਸਿੰਘ ਅਲਾਵਲਪੁਰ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ 20 ਜੁਲਾਈ ਨੂੰ ਸ਼ੰਭੂ ਬਾਰਡਰ ਵਿੱਚ ਜ਼ੋਨ ਵੱਲੋਂ ਪਾਏ ਯੋਗਦਾਨ ਬਾਰੇ ਤੇ ਜ਼ੋਨ ਵਿਚਲੀਆਂ ਘਾਟਾ ਕਮਜ਼ੋਰੀਆਂ ਬਾਰੇ ਵਿਸਤਾਰ ਸਹਿਤ ਚਰਚਾ ਕੀਤੀ ਗਈ ਤੇ ਅਗਲੇ ਦਿਨਾਂ ਵਿੱਚ ਬਿਜਲੀ ਸਪਲਾਈ ਸਬੰਧੀ ਨਸ਼ਿਆਂ ਦੇ ਵੱਧਦੇ ਪ੍ਰਭਾਵ ਤੇ ਵੱਡੇ ਪੱਧਰ ਤੇ ਫੈਲੇ ਸਰਕਾਰੀ ਭ੍ਰਿਸ਼ਟਾਚਾਰ ਤੇ ਨਹਿਰ ਮਹਿਕਮੇ ਵੱਲੋਂ ਆਪਣੀ ਹੀ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਨਾ ਮੰਨਣ ਸਬੰਧੀ ਅਗਲੇ ਦਿਨਾਂ ਵਿੱਚ ਕੋਈ ਐਕਸ਼ਨ ਦੇਣ ਲਈ ਚਰਚਾ ਕੀਤੀ ਗਈ।ਇਸ ਮੌਕੇ ਜ਼ੋਨ ਪ੍ਰਧਾਨ ਸੁਖਵਿੰਦਰ ਸਿੰਘ ਦੁਗਲਵਾਲਾ ਤੇ ਜਰਨਲ ਸਕੱਤਰ ਬਲਜਿੰਦਰ ਸਿੰਘ ਨੇ ਕਿਹਾ ਕਿ ਤਰਨ ਤਾਰਨ ਜ਼ਿਲੇ ਦੀ ਸ਼ੰਭੂ ਮੋਰਚੇ ਵਿੱਚ 20 ਜੁਲਾਈ ਤੋਂ 30 ਜੁਲਾਈ ਤੱਕ ਜ਼ੋਨ ਦੇ ਹਰ ਪਿੰਡ ਵੱਲੋਂ ਕਿਸਾਨਾਂ ਮਜ਼ਦੂਰਾਂ ਵੱਲੋਂ ਆਪਣੀ ਡਿਊਟੀ ਨਿਭਾਈ ਗਈ ਹੈ। ਇਸ ਡਿਊਟੀ ਦੌਰਾਨ ਕੁਝ ਕਮੀਆਂ ਪੇਸ਼ੀਆਂ ਵੀ ਸਾਹਮਣੇ ਆਈਆਂ ਹਨ ਜਿਨਾਂ ਨੂੰ ਅੱਗੇ ਤੋਂ ਸੁਧਾਰਿਆ ਜਾਵੇਗਾ। ਮੋਰਚੇ ਵਿੱਚ ਹਾਜ਼ਰੀ ਲਗਵਾਉਣ ਵਾਲੇ ਸਾਰੇ ਪਿੰਡਾਂ ਦੀ ਸ਼ਲਾਘਾ ਵੀ ਕੀਤੀ ਗਈ। ਕਿਸਾਨ ਆਗੂਆਂ ਨੇ ਕਿਹਾ ਕਿ ਇਹ ਕਿਸਾਨ ਮਜ਼ਦੂਰ ਮੋਰਚਾ ਕਿਸਾਨੀ ਦੇ ਹੱਕਾਂ ਤੱਕ ਤੇ ਦਿੱਲੀ ਮੋਰਚਾ 2020 ਦੀਆਂ ਮੰਗਾਂ ਪੂਰੀਆਂ ਹੋਣ ਤੱਕ ਜਾਰੀ ਰਹੇਗਾ ਭਾਵੇਂ ਜਿੰਨਾ ਚਿਰ ਮਰਜ਼ੀ ਬੈਠਣਾ ਪਵੇ ਕੇਂਦਰ ਵਿੱਚ ਭਾਵੇਂ ਮੋਦੀ ਦੀ ਸਰਕਾਰ ਦੁਬਾਰਾ ਬਣ ਗਈ ਹੈ ਪਰ ਕਿਸਾਨੀ ਅੰਦੋਲਨ ਨੇ ਮੋਦੀ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ ਹੈ ਤੇ ਵਿਰੋਧੀ ਧਿਰਾਂ ਨੂੰ ਵੀ ਪਾਰਲੀਮੈਂਟ ਵਿੱਚ ਕਿਸਾਨੀ ਮੰਗਾਂ ਤੇ ਬਹਿਸ ਕਰਨ ਲਈ ਮਜਬੂਰ ਕਰ ਦਿੱਤਾ ਹੈ।

ਕਿਸਾਨੀ ਮੰਗਾਂ ਦੀ ਪੂਰਤੀ ਲਈ ਅੱਜ ਵੱਡੇ ਲਹੂ ਵੀਟਵੇਂ ਤੇ ਹੋਰ ਤਿੱਖੇ ਸੰਘਰਸ਼ ਕਰਨ ਦੀ ਲੋੜ ਹੈ ਜਿਸ ਲਈ ਵੱਡੀ ਲਾਮਬੰਦੀ ਕਰਨੀ ਹੋਵੇਗੀ। ਇਸ ਵਿਚ ਹਰ ਪਿੰਡ, ਸ਼ਹਿਰ ਵਿੱਚ ਆਮ ਲੋਕ ਤੇ ਕ੍ਰਾਂਤੀਕਾਰੀ ਸੋਚ ਵਾਲੇ ਨੌਜਵਾਨਾਂ ਤੇ ਕਿਸਾਨਾਂ/ਮਜ਼ਦੂਰਾਂ ਨੂੰ ਨਾਲ ਜੋੜਿਆ ਜਾਵੇਗਾ। ਪੰਜਾਬ ਗੁਰੂ ਪੀਰਾਂ, ਯੋਧਿਆਂ, ਸੂਰਬੀਰਾਂ, ਬੁੱਧੀਜੀਵੀਆਂ, ਦੇਸ਼ ਭਗਤਾਂ, ਅਣਖੀ ਤੇ ਕ੍ਰਾਂਤੀਕਾਰੀ ਲੋਕਾਂ ਦੀ ਧਰਤੀ ਹੈ ਪਰ ਇਸ ਧਰਤੀ ਉੱਤੇ ਹੁਣ ਨਸ਼ਾ ਸੁਦਾਗਰ ਭਰਿਸ਼ਟਾਚਾਰੀ ਤੇ ਲੁਟੇਰੇ ਰਾਜ ਪ੍ਰਬੰਧ ਨੇ ਕਬਜ਼ਾ ਕਰ ਲਿਆ ਹੈ ਜੋ ਸਮਾਜ ਨੂੰ ਗੰਦਾ ਕਰ ਰਹੇ ਹਨ ਤੇ ਨੌਜਵਾਨ ਪੀੜ੍ਹੀ ਨੂੰ ਨਸ਼ੇ ਦਾ ਗੁਲਾਮ ਬਣਾ ਰਹੇ ਹਨ। ਇਸ ਲਈ ਹਰ ਵਿਅਕਤੀ ਨੂੰ ਆਪਣਾ ਸਮਾਜ ਪ੍ਰਤੀ ਫਰਜ਼ ਨਿਭਾਉਂਦੇ ਹੋਏ ਇਨ੍ਹਾਂ ਬੁਰਾਈਆਂ ਖਿਲਾਫ ਵੀ ਲੜਾਈ ਵਿੱਚ ਕੁੱਦਣਾ ਪਵੇਗਾ।

ਕਿਸਾਨ ਆਗੂਆਂ ਵੱਲੋਂ ਅਗਲੇ ਦਿਨਾਂ ਵਿੱਚ ਬਿਜਲੀ ਸਪਲਾਈ ਸਬੰਧੀ ਨਸ਼ਿਆਂ ਤੇ ਭ੍ਰਿਸ਼ਟਾਚਾਰ ਵਿਰੁੱਧ ਐਕਸ਼ਨ ਉਲੀਕਣ ਦੀ ਏਜੰਡਾ ਵੀ ਤਿਆਰ ਕੀਤਾ ਜਾ ਰਿਹਾ ਹੈ। ਇਸ ਮੌਕੇ ਗਿਆਨਦੀਪ ਸਿੰਘ ਬਾਗੜੀਆਂ, ਫਤਿਹ ਸਿੰਘ ਪਿੱਦੀ, ਸੁਪਰੀਮ ਸਿੰਘ ਪਿੱਦੀ, ਨਿਸ਼ਾਨ ਸਿੰਘ ਸਹਾਬਪੁਰ, ਸੁਖਦੇਵ ਸਿੰਘ ਸਹਾਬਪੁਰ, ਜਲਵਿੰਦਰ ਸਿੰਘ ਰੈਸ਼ੀਆਣਾ, ਸਰਮੁਖ ਸਿੰਘ ਸੇਰੋਂ, ਸਰਵਣ ਸਿੰਘ ਨੌਰੰਗਾਬਾਦ ਹਾਜ਼ਰ ਸਨ।

# ਆਰ ਡੀ ਖੋਸਲਾ ਸਕੂਲ ਨੇ ਅੰਤਰ-ਜ਼ਿਲ੍ਹਾ ਐਕਵਾ ਫਲੋਟਿੰਗ ਯੋਗਾ ਮੁਕਾਬਲੇ 'ਚ ਟਰਾਫੀ ਜਿੱਤੀ



ਬਟਾਲਾ (ਡਾ ਮਲਵਿੰਦਰ ਸਿੰਘ)—ਆਰ. ਡੀ. ਖੋਸਲਾ ਦੇ ਇੱਕ ਅੰਤਰ-ਜ਼ਿਲ੍ਹਾ ਐਕਵਾ ਫਲੋਟਿੰਗ ਮੁਕਾਬਲੇ ਵਿੱਚ ਯੋਗਾ ਦੇ ਅਭਿਆਸੀਆਂ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਅਤੇ ਵੱਖ-ਵੱਖ ਇਨਾਮ ਜਿੱਤੇ। ਇਸ ਯੋਗਾ ਮੁਕਾਬਲੇ ਵਿੱਚ, ਅੰਡਰ-8 ਲੜਕੀਆਂ ਅਤੇ ਲੜਕਿਆਂ ਦੀਆਂ ਟੀਮਾਂ ਨੇ ਪਹਿਲਾ ਸਥਾਨ ਹਾਸਲ ਕੀਤਾ।

ਇਸ ਤੋਂ ਇਲਾਵਾ, ਅੰਡਰ-10 ਅਤੇ ਅੰਡਰ-14 ਲੜਕੀਆਂ ਨੇ ਕ੍ਰਮਵਾਰ ਤੀਜਾ ਅਤੇ ਪਹਿਲਾ ਇਨਾਮ ਹਾਸਲ ਕੀਤਾ। ਇਸ ਤੋਂ ਇਲਾਵਾ ਅੰਡਰ-14 ਅਤੇ ਅੰਡਰ-17 ਦੀਆਂ ਲੜਕੀਆਂ ਨੇ ਕ੍ਰਮਵਾਰ ਪਹਿਲਾ ਅਤੇ ਦੂਜਾ ਇਨਾਮ ਪ੍ਰਾਪਤ ਕਰਕੇ ਸਕੂਲ ਦਾ ਸਿਰ ਉੱਚਾ ਕੀਤਾ। ਜੋੜੀ ਅਤੇ ਸੋਲੋ ਮੁਕਾਬਲੇ ਵਿੱਚ ਲੜਕੀਆਂ ਨੇ ਪਹਿਲਾ ਅਤੇ ਦੂਜਾ ਇਨਾਮ ਜਿੱਤਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਸਕੂਲ ਲਈ ਟਰਾਫੀ ਜਿੱਤ ਕੇ ਸਕੂਲ ਦਾ ਮਾਣ ਵਧਾਇਆ। ਪੂਰਾ ਆਰ. ਡੀ. ਸਕੂਲ ਦਾ ਪਰਿਵਾਰ ਇਨ੍ਹਾਂ ਯੋਗਾ ਪ੍ਰੇਮੀਆਂ ਦੀਆਂ ਪ੍ਰਾਪਤੀਆਂ ਦੀ ਪੂਰੇ ਉਤਸਾਹ ਅਤੇ ਖੁਸ਼ੀ ਨਾਲ ਸ਼ਲਾਘਾ ਕਰਦਾ ਹੈ। ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰ. ਡਾ. ਬਿੰਦੂ ਭੱਲਾ ਨੇ ਸਾਧਕਾਂ ਨੂੰ ਅਸ਼ੀਰਵਾਦ ਦਿੱਤਾ ਅਤੇ ਉਨ੍ਹਾਂ ਦੇ ਮਾਤਾ-ਪਿਤਾ ਅਤੇ ਯੋਗਾ ਅਧਿਆਪਕ ਊਸ਼ਾ ਕਿਰਨ ਨੂੰ ਵੀ ਵਧਾਈ ਦਿੱਤੀ।

# ਸ਼ੈਰੀ ਕਲਸੀ ਨੇ ਲੋਕ-ਮੁਸ਼ਕਿਲਾਂ ਨੂੰ ਤੁਰੰਤ ਹੱਲ ਕਰਨ ਲਈ ਅਧਿਕਾਰੀਆਂ ਨੂੰ ਦਿੱਤੇ ਦਿਸ਼ਾ-ਨਿਰਦੇਸ਼



**ਬਟਾਲਾ (ਡਾ. ਮਲਵਿੰਦਰ ਸਿੰਘ)**-ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਲੋਕਾਂ ਦੀਆਂ ਮੁਸ਼ਕਿਲਾਂ ਪਹਿਲ ਦੇ ਆਧਾਰ ਤੇ ਹੱਲ ਕਰਨ ਅਤੇ ਲੋਕ ਭਲਾਈ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਪੁਜਦਾ ਕਰਨ ਨੂੰ ਯਕੀਨੀ ਬਣਾਇਆ ਜਾਵੇ।ਵਿਧਾਇਕ ਸ਼ੈਰੀ ਕਲਸੀ ਵਲੋਂ ਰੋਜ਼ਾਨਾ ਦੀ ਤਰ੍ਹਾਂ ਆਪਣੇ ਦਫਤਰ ਉਸਮਾਨਪੁਰ ਸਿਟੀ ਵਿਖੇ ਲੋਕ ਮਿਲਣੀ ਤਹਿਤ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਗਈਆਂ।ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਦੀਆਂ ਹਦਾਇਤਾਂ ਤਹਿਤ ਲੋਕ ਮਿਲਣੀ ਕਰਕੇ ਲੋਕਾਂ ਦੀਆਂ ਮੁਸ਼ਕਿਲ ਸੁਣ ਕੇ ਸਬੰਧਤ ਅਧਿਕਾਰੀਆਂ ਰਾਹੀਂ ਹੱਲ ਕਰਵਾਈਆਂ ਜਾਂਦੀਆਂ ਹਨ ਅਤੇ ਉਨ੍ਹਾਂ ਦੀ ਹਮੇਸ਼ਾ ਕੋਸ਼ਿਸ ਹੁੰਦੀ ਹੈ ਕਿ ਲੋਕ ਜਦ ਦਫਤਰਾਂ ਵਿੱਚ ਆਪਣਾ ਕੰਮ ਕਰਵਾਉਣ ਜਾਣ ਤਾਂ ਉਨ੍ਹਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।ਉਨ੍ਹਾਂ ਅੱਗੇ ਕਿਹਾ ਕਿ ਬਟਾਲਾ ਹਲਕੇ ਅੰਦਰ ਚਹੁਪੱਖੀ ਵਿਕਾਸ ਕੰਮ ਪਾਰਦਰਸ਼ੀ ਢੰਗ ਨਾਲ ਕਰਵਾਏ ਜਾ ਰਹੇ ਹਨ।ਨੌਜਵਾਨਾਂ ਨੂੰ ਖੇਡਾਂ ਵਲਤ ਉਤਸ਼ਾਹਤ ਕਰਨ ਦੇ ਮੰਤਵ ਨਾਲ ਖੇਡ ਸਟੇਡੀਅਮ ਉਸਾਰੇ ਜਾ ਰਹੇ ਹਨ ਤਾਂ ਜੋ ਨੌਜਵਾਨ ਸਮਾਜਿਕ ਬੁਰਾਈਆਂ ਤੋਂ ਦੂਰ ਰਹਿ ਸਕਣ।ਉਨ੍ਹਾਂ ਅੱਗੇ ਕਿਹਾ ਕਿ ਧਾਰਮਿਕ ਤੇ ਇਤਿਹਾਸਕ ਸ਼ਹਿਰ ਬਟਾਲਾ ਅੰਦਰ ਵੱਖ-ਵੱਖ ਵਿਕਾਸ ਕਾਰਜ ਪ੍ਰਗਤੀ ਅਧੀਨ ਹਨ ਅਤੇ ਬੀਤੇ ਦਿਨੀ 'ਸਕੂਲ ਆਫ ਐਮੀਨੈਂਸ' ਧਰਮਪੁਰਾ ਕਾਲੋਨੀ ਵਿਖੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ ਗਈ ਹੈ, ਜਿਥੇ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਨਾਉਣ ਦੇ ਮੰਤਵ ਨਾਲ ਅਤਿ ਆਧੁਨਿਕ ਉਚੇਰੀ ਸਿੱਖਿਆ ਮੁਹੱਈਆ ਕਰਵਾਈ ਜਾਵੇਗੀ।ਉਨ੍ਹਾਂ ਕਿਹਾ ਕਿ ਹਲਕੇ ਦਾ ਸਰਬਪੱਖੀ ਵਿਕਾਸ ਅਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਨਾ ਉਨ੍ਹਾਂ ਦੀ ਪ੍ਰਮੁੱਖਤਾ ਹੈ ਅਤੇ ਲੋਕਾਂ ਦੀ ਸੇਵਾ ਵਿੱਚ, ਉਹ 24 ਘੰਟੇ ਹਾਜ਼ਰ ਹਨ।

# ਸੀਨੀਅਰ ਸਿਟੀਜ਼ਨ ਔਰਤਾਂ ਨੇ ਮਨਾਇਆ ਤੀਆਂ ਦਾ ਤਿਉਹਾਰ



ਗੁਰਦਾਸਪੁਰ, (ਜਨਕ ਮਹਾਜਨ)-ਸੀਨੀਅਰ ਸਿਟੀਜ਼ਨ ਔਰਤਾਂ ਵੱਲੋਂ ਗੁਰਦਾਸਪੁਰ ਦੇ ਇਕ ਨਿੱਜੀ ਹੋਟਲ ਵਿਖੇ ਤੀਆਂ ਦਾ ਤਿਉਹਾਰ ਬੜੇ ਖ਼ੂਬਸੂਰਤ ਢੰਗ ਨਾਲ ਮਨਾਇਆ ਗਿਆ। ਇਸ ਮੌਕੇ ਔਰਤਾਂ ਵੱਲੋਂ ਗਿੱਧਾ, ਬੋਲੀਆਂ ਆਦਿ ਪਾਈਆਂ ਗਈਆਂ।

ਇਸ ਮੌਕੇ ਮੈਡਮ ਪੰਮੀ ਨੇ ਤੀਆਂ ਦੇ ਤਿਉਹਾਰ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਤਿਉਹਾਰ ਸਦੀਆਂ ਤੋਂ ਨੌਜਵਾਨ ਲੜਕੀਆਂ, ਔਰਤਾਂ ਵੱਲੋਂ ਸਾਉਣ ਮਹੀਨੇ ਵਿਚ ਮਨਾਇਆ ਜਾਂਦਾ ਹੈ। ਇਸ ਮੌਕੇ ਉਨ੍ਹਾਂ ਇਸ ਦੀ ਮਹੱਤਤਾ ਬਾਰੇ ਵੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਗਿੱਧਾ, ਭੰਗੜਾ ਅਤੇ ਵਧੀਆ ਬੋਲੀਆਂ ਪਾਉਣ ਵਾਲੀਆਂ ਔਰਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਔਰਤਾਂ ਵਲੋਂ ਪੀਂਘਾਂ ਝੂਟਣੀਆਂ, ਮਿੱਠੇ ਪਕਵਾਨ ਖ਼ਾਣੇ ਅਤੇ ਇਸ ਵੇਲੇ ਖ਼ੁਸ਼ੀ ਦਾ ਇਜ਼ਹਾਰ ਕਰਦੀਆਂ ਹਨ। ਇਸ ਮੌਕੇ ਪੰਮੀ, ਸਵੀਟੀ, ਸੁਸ਼ਮਾ, ਰਜਨੀ ਅਰੋੜਾ, ਸ਼ਸ਼ੀ, ਊਸ਼ਾ ਮਹਾਜਨ, ਅਨੂ ਅਗਰਵਾਲ, ਸੰਵੇਦਨਾ, ਮੋਨਿਕਾ, ਅਨੁਰਾਧਾ, ਕਮਲੇਸ਼, ਗੁਰਮੀਤ ਕੌਰ, ਨਰਿੰਦਰ ਕੌਰ ਆਦਿ ਹਾਜ਼ਰ ਸਨ।

# ਡਰੱਗ ਸਮੱਗਲਰ 2 ਗਲੌਕ ਪਿਸਤੌਲਾਂ ਸਮੇਤ ਕਾਬੂ



ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)-ਪੰਜਾਬ ਪੁਲਸ ਨੇ ਪਾਕਿਸਤਾਨ ਸਥਿਤ ਤਸਕਰ ਰਾਣਾ ਦਿਆਲ ਨਾਲ ਸੰਬੰਧਤ ਇੱਕ ਕਾਰਕੁਨ ਨੂੰ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਤਸਕਰੀ ਕਰਨ ਵਾਲੇ ਮਡਿਊਲ ਦਾ ਪਰਦਾ ਫਾਸ਼ ਕੀਤਾ ਹੈ।

ਡੀ ਜੀ ਪੀ ਗੌਰਵ ਯਾਦਵ ਨੇ ਸੋਮਵਾਰ ਦੱਸਿਆ ਕਿ ਫੜੇ ਗਏ ਮੁਲਜ਼ਮ ਦੀ ਪਛਾਣ ਰਾਜਵੰਤ ਸਿੰਘ ਉਰਫ ਰਾਜੂ ਵਾਸੀ ਪਿੰਡ ਅਟਲਗੜ੍ਹ (ਅੰਮ੍ਰਿਤਸਰ) ਵਜੋਂ ਹੋਈ ਹੈ। ਪੁਲਸ ਟੀਮਾਂ ਨੇ ਉਕਤ ਦੇ ਕਬਜ਼ੇ 'ਚੋਂ ਦੋ ਮੈਗਜ਼ੀਨਾਂ ਸਮੇਤ ਦੋ ਆਧੁਨਿਕ 9 ਐੱਮ ਐੱਮ ਗਲੌਕ ਪਿਸਤੌਲ ਬਰਾਮਦ ਕੀਤੇ ਹਨ। ਇਸ ਤੋਂ ਇਲਾਵਾ ਉਸ ਦਾ ਮੋਟਰਸਾਈਕਲ, ਜਿਸ 'ਤੇ ਉਹ ਖੇਪ ਦੀ ਡਲਿਵਰੀ ਕਰਨ ਜਾ ਰਿਹਾ ਸੀ, ਵੀ ਜ਼ਬਤ ਕੀਤਾ ਹੈ।

ਯਾਦਵ ਨੇ ਦੱਸਿਆ ਕਿ ਸਟੇਟ ਸਪੈਸ਼ਲ ਅਪ੍ਰੇਸ਼ਨ ਸੈੱਲ (ਐੱਸ ਐੱਸ ਓ ਸੀ) ਅੰਮ੍ਰਿਤਸਰ ਨੂੰ ਭਰੋਸੇਯੋਗ ਸੂਤਰਾਂ ਤੋਂ ਇਤਲਾਹ ਮਿਲੀ ਸੀ ਕਿ ਰਾਜਵੰਤ ਸਿੰਘ ਰਾਜੂ ਨੇ ਹਾਲ ਹੀ ਵਿੱਚ ਤਸਕਰੀ ਕੀਤੇ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਇੱਕ ਖੇਪ ਪ੍ਰਾਪਤ ਕੀਤੀ ਹੈ ਅਤੇ ਉਹ ਅਟਾਰੀ-ਅੰਮ੍ਰਿਤਸਰ ਰੋਡ ਦੇ ਖੁਰਮਣੀਆਂ ਮੋੜ ਨੇੜੇ ਇੱਕ ਪਾਰਟੀ ਨੂੰ ਇਸ ਖੇਪ ਦੀ ਡਲਿਵਰੀ ਦੇਣ ਜਾ ਰਿਹਾ ਹੈ। ਪ੍ਰਾਪਤ ਇਤਲਾਹ 'ਤੇ ਮੁਸਤੈਦੀ ਨਾਲ ਕਾਰਵਾਈ ਕਰਦਿਆਂ ਐੱਸ ਐੱਸ ਓ ਸੀ ਅੰਮ੍ਰਿਤਸਰ ਦੀ ਟੀਮ ਨੇ ਯੋਜਨਾਬੱਧ ਢੰਗ ਨਾਲ ਨਿਰਧਾਰਤ ਖੇਤਰ ਦੀ ਘੇਰਾਬੰਦੀ ਕੀਤੀ ਅਤੇ ਮੁਲਜ਼ਮ ਨੂੰ ਹਥਿਆਰਾਂ ਦੀ ਖੇਪ ਸਣੇ ਕਾਬੂ ਕਰ ਲਿਆ।

ਡੀ ਜੀ ਪੀ ਨੇ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਪਾਕਿ ਅਧਾਰਤ ਤਸਕਰ ਰਾਣਾ ਦਿਆਲ ਦੇ ਸਿੱਧੇ ਸੰਪਰਕ ਵਿੱਚ ਸੀ, ਜੋ ਹਥਿਆਰਾਂ ਤੇ ਨਸ਼ੀਲੇ ਪਦਾਰਥਾਂ ਦੀਆਂ ਵੱਡੀਆਂ ਖੇਪਾਂ ਡਰੋਨ ਅਤੇ ਹੋਰ ਸਾਧਨਾਂ ਰਾਹੀਂ ਭਾਰਤੀ ਖੇਤਰ ਵਿੱਚ ਪਹੁੰਚਾਉਂਦਾ ਹੈ। ਉਨ੍ਹਾ ਕਿਹਾ ਕਿ ਮੁਲਜ਼ਮਾਂ ਵੱਲੋਂ ਕੀਤੀਆਂ ਗਈਆਂ ਤਸਕਰੀ ਸੰਬੰਧੀ ਪਿਛਲੀਆਂ ਗਤੀਵਿਧੀਆਂ ਦਾ ਪਤਾ ਲਗਾਉਣ ਲਈ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।

ਏ ਆਈ ਜੀ, ਐੱਸ ਐੱਸ ਓ ਸੀ ਅੰਮ੍ਰਿਤਸਰ ਸੁਖਮਿੰਦਰ ਸਿੰਘ ਮਾਨ ਨੇ ਦੱਸਿਆ ਕਿ ਮੁੱਢਲੀ ਤਫ਼ਤੀਸ਼ ਦੌਰਾਨ ਪਤਾ ਲੱਗਾ ਹੈ ਕਿ ਰਾਜਵੰਤ ਸਿੰਘ ਪਿਛਲੇ ਕਾਫੀ ਸਮੇਂ ਤੋਂ ਪਾਕਿ ਤਸਕਰ ਰਾਣਾ ਦਿਆਲ ਵੱਲੋਂ ਭੇਜੇ ਗਏ ਨਸ਼ੀਲੇ ਪਦਾਰਥਾਂ ਅਤੇ ਨਾਜਾਇਜ਼ ਹਥਿਆਰਾਂ ਦੀਆਂ ਖੇਪਾਂ ਪ੍ਰਾਪਤ ਕਰ ਰਿਹਾ ਹੈ। ਉਨ੍ਹਾ ਦੱਸਿਆ ਕਿ ਤਸਕਰੀ ਕੀਤੇ ਹਥਿਆਰ ਸਥਾਨਕ ਖਰੀਦਦਾਰਾਂ ਨੂੰ ਵੇਚਣ ਲਈ ਮੰਗਵਾਏ ਗਏ ਸਨ।

## ਲਾਹੜੀ ਗੁੱਜਰਾਂ ਵਿਖੇ ਫ੍ਰੀ ਆਯੂਰਵੈਦਿਕ ਮੈਡੀਕਲ ਕੈਂਪ ਭਲਕੇ

ਪਠਾਨਕੋਟ (ਦਵਿੰਦਰ ਸਿੰਘ)-ਆਯੂਸ਼ ਕਮਿਸ਼ਨਰ ਅਭਿਨਵ ਤ੍ਰਿਖਾ ਡਾਇਰੈਕਟਰ ਪੰਜਾਬ ਰਵੀ ਕੁਮਾਰ ਡੂਮਰਾ ਅਤੇ ਜਿਲ੍ਹਾ ਆਯੂਰਵੈਦਿਕ ਅਤੇ ਯੂਨਾਨੀ ਅਫਸਰ ਮਲਕੀਤ ਸਿੰਘ ਘੱਗਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਯੂਸ਼ ਹੈਲਥ ਐਂਡ ਵੈੱਲਨੈੱਸ ਸੈਂਟਰ ਲਾਹੜੀ ਗੁੱਜਰਾਂ ਪਠਾਨਕੋਟ ਵਿਖੇ ਡਾ. ਜਤਿੰਦਰ ਸਿੰਘ ਆਯੂਰਵੈਦਿਕ ਮੈਡੀਕਲ ਅਫਸਰ (ਨੋਡਲ ਅਫਸਰ) ਦੀ ਅਗਵਾਈ ਹੇਠ 7 ਅਗਸਤ ਦਿਨ ਬੁੱਧਵਾਰ ਸਮਾਂ ਸਵੇਰੇ 8 ਵਜੇ ਤੋਂ ਦੁਪਿਹਰ 2 ਵਜੇ ਤੱਕ ਫ੍ਰੀ ਆਯੂਰਵੈਦਿਕ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ।ਇਸ ਕੈਂਪ ਵਿੱਚ ਇੱਕ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਬਜੁਰਗਾਂ ਦੀ ਫ੍ਰੀ ਸਿਹਤ ਜਾਂਚ ਕੀਤੀ ਜਾਵੇਗੀ ਜਿਸ ਵਿੱਚ ਬਲੱਡ ਪ੍ਰੈਸਰ, ਸ਼ੂਗਰ ਆਦਿ ਫ੍ਰੀ ਟੈਸਟ ਕੀਤੇ ਜਾਣਗੇ।ਉਨ੍ਹਾਂ ਆਯੂਰਵੈਦਿਕ ਦਵਾਈਆਂ ਅਤੇ ਆਯੂਰਵੈਦਿਕ ਥਰੈਪੀਆਂ, ਪੰਚਕਰਮਾ ਆਦਿ ਦੀ ਫ੍ਰੀ ਸੁਵਿਧਾ ਦਿੱਤੀ ਜਾਵੇਗੀ।ਉਨ੍ਹਾਂ ਆਸ-ਪਾਸ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕੈਂਪ ਵਿੱਚ ਹਾਜਰ ਹੋ ਕੇ ਕੈਂਪ ਦਾ ਲਾਭ ਪ੍ਰਾਪਤ ਕਰੋ।

# ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਪੁਰਬ ਸ਼ਤਾਬਦੀ ਨੂੰ ਸਮਰਪਿਤ ਅੰਮ੍ਰਿਤ ਸੰਚਾਰ 15 ਨੂੰ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਕਸਬਾ ਡੇਰਾ ਬਾਬਾ ਨਾਨਕ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ ਜੋਤਿ ਪੁਰਬ ਸ਼ਤਾਬਦੀ ਨੂੰ ਸਮਰਪਿਤ ਅੰਮ੍ਰਿਤ ਸੰਚਾਰ 15 ਅਗਸਤ ਨੂੰ ਕਰਵਾਇਆ ਜਾਵੇਗਾ।ਇਸ ਸੰਬੰਧੀ ਪੱਤਰਕਾਰਾ ਪੱਤਰਕਾਰਾਂ ਨੂੰ ਵਧੇਰੇ ਜਾਣਕਾਰੀ ਦਿੰਦਿਆਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੇ ਮੈਨੇਜਰ ਭਾਈ ਸਤਨਾਮ ਸਿੰਘ ਗੋਸਲ਼ ਅਤੇ ਬੀਬੀ ਜੋਗਿੰਦਰ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਜਥੇਦਾਰ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਦਿਸ਼ਾ ਨਿਰਦੇਸ਼ਾਂ ਤੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਧਰਮ ਪ੍ਰਚਾਰ ਕਮੇਟੀ (ਐੱਸਜੀਪੀਸੀ ਸ੍ਰੀ ਅੰਮ੍ਰਿਤਸਰ) ਦੇ ਸਹਿਯੋਗ ਨਾਲ ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ ਜੋਤਿ ਪੁਰਬ ਸ਼ਤਾਬਦੀ ਨੂੰ ਸਮਰਪਿਤ ਮਿਤੀ 15 ਅਗਸਤ ਦਿਨ ਵੀਰਵਾਰ ਨੂੰ ਅੰਮ੍ਰਿਤ ਸੰਚਾਰ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਪੰਜ ਪਿਆਰੇ ਸਾਹਿਬਾਨ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚਣਗੇ।ਅੰਮ੍ਰਿਤ ਅਭਿਲਾਖੀਆਂ ਨੂੰ ਕਕਾਰ ਧਰਮ ਪ੍ਰਚਾਰ ਕਮੇਟੀ ਵੱਲੋਂ ਭੇਟਾ ਰਹਿਤ ਦਿੱਤੇ ਜਾਣਗੇ।ਉਨ੍ਹਾਂ ਕਿਹਾ ਕਿ ਅੰਮ੍ਰਿਤ ਅਭਿਲਾਖੀ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ 15 ਅਗਸਤ ਨੂੰ ਸਵੇਰੇ 10.30 ਵਜੇ ਕੇਸੀ ਇਸ਼ਨਾਨ ਕਰਕੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਪਹੁੰਚਣ ਅਤੇ ਖੰਡੇ ਬਾਟੇ ਦੀ ਪਾਹੁਲ ਲੈ ਕੇ ਗੁਰੂ ਵਾਲੇ ਬਣ ਕੇ ਆਪਣਾ ਜੀਵਨ ਸਫਲਾ ਕਰਨ।ਇਸ ਮੌਕੇ ਬਲਦੇਵ ਸਿੰਘ ਗੁਰਦੁਆਰਾ ਇੰਸਪੈਕਟਰ, ਰਜਿੰਦਰ ਸਿੰਘ ਇਨਚਾਰਜ ਗੁਰਮਤਿ ਵਿਦਿਆਲਾ, ਬਾਬਾ ਨਛੱਤਰ ਸਿੰਘ ਗ੍ਰੰਥੀ ਸਿੰਘ, ਬਾਬਾ ਗੁਰਦੇਵ ਸਿੰਘ ਗ੍ਰੰਥੀ, ਸੁਖਵਿੰਦਰ ਸਿੰਘ ਖਜ਼ਾਨਚੀ, ਜਗਦੀਪ ਸਿੰਘ ਰਿਕਾਰਡ ਕੀਪਰ, ਮਨਜੀਤ ਸਿੰਘ ਅਕਾਊਂਟੈਂਟ, ਹਰਜਿੰਦਰ ਸਿੰਘ ਲਾਲੇਨੰਗਲ, ਮਨਪ੍ਰੀਤ ਸਿੰਘ ਦਾਦੂਜੋਧ, ਸੁਖਰਾਜ ਸਿੰਘ ਤਲਵੰਡੀ ਰਾਮਾ, ਮਹਿੰਦਰ ਸਿੰਘ ਭੋਲੇਕੇ, ਡਾਕਟਰ ਪ੍ਰਦੀਪ ਕੁਮਾਰ, ਗੁਰਵਿੰਦਰ ਸਿੰਘ ਕਾਹਲਾ ਵਾਲੀ, ਹਰਵੰਤ ਸਿੰਘ ਸਟੋਰ ਕੀਪਰ, ਬਚਨ ਸਿੰਘ ਨਿੱਕੋਸਰਾਂ, ਮਲਕੀਤ ਸਿੰਘ ਰਾਜੇਕੇ, ਪ੍ਰਦੀਪ ਸਿੰਘ ਰਾਏਚੱਕ, ਗੁਰਪ੍ਰੀਤ ਸਿੰਘ ਨਿੱਕੋਸਰਾਂ, ਪ੍ਰਗਟ ਸਿੰਘ ਮੂਲੋਵਾਲੀ ਆਦਿ ਹਾਜ਼ਰ ਸਨ ।

# ਬੜੀ ਸ਼ਾਨੋ ਸ਼ੌਕਤ ਨਾਲ ਮਨਾਇਆ ਸ਼ਾਹਪੁਰ ਜਾਜਨ 'ਚ ਤੀਆਂ ਦਾ ਤਿਉਹਾਰ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਸ਼ਾਹਪੁਰ ਜਾਜਨ ਵਿੱਚ ਸਾਵਣ ਮਹੀਨੇ ਦਾ ਪ੍ਰਸਿੱਧ ਤੀਆਂ ਦਾ ਤਿਉਹਾਰ ਬਹੁਤ ਧੂਮ ਧਾਮ ਨਾਲ ਮਨਾਇਆ ਗਿਆ।ਇਸ ਵਿੱਚ ਬਤੌਰ ਮੁੱਖ ਮਹਿਮਾਨ ਵਜੋ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ: ਗੁਰਦੀਪ ਸਿੰਘ ਰੰਧਾਵਾ ਦੇ ਮਾਤਾ ਗੁਰਮੀਤ ਕੌਰ ਰੰਧਾਵਾ ਅਤੇ ਉਨ੍ਹਾਂ ਦੇ ਧਰਮ ਪਤਨੀ ਮੈਡਮ ਕੁਲਬੀਰ ਕੌਰ ਰੰਧਾਵਾ ਨੇ ਵਿਸ਼ੇਸ਼ ਸ਼ਿਰਕਤ ਕੀਤੀ।ਮਾਤਾ ਗੁਰਮੀਤ ਕੌਰ ਰੰਧਾਵਾ ਅਤੇ ਮੈਡਮ ਕੁਲਬੀਰ ਕੌਰ ਰੰਧਾਵਾ ਦਾ ਪ੍ਰਬੰਧਕ ਬੀਬੀਆਂ ਵੱਲੋਂ ਹਾਰ ਪਾ ਕੇ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਪਿੰਡ ਦੀਆਂ ਮਾਤਾਵਾਂ, ਧੀਆਂ, ਨੂੰਹਾਂ ਅਤੇ ਛੋਟੀਆਂ ਬੱਚੀਆਂ ਨੇ ਪੰਜਾਬ ਦਾ ਲੋਕ ਨਾਚ ਗਿੱਧਾ ਭੰਗੜਾ ਅਤੇ ਬੋਲੀਆਂ ਪਾ ਕੇ ਇਸ ਤਿਉਹਾਰ ਦਾ ਪੂਰਨ ਆਨੰਦ ਲਿਆ ਗਿਆ।ਪਿੰਡ ਦੇ ਵਸਨੀਕ ਹਰੇਕ ਭਾਈਚਾਰੇ ਦਾ ਮਨੋਬੱਲ ਵਧਾਉਣ ਲਈ ਮਾਤਾ ਗੁਰਮੀਤ ਕੌਰ ਰੰਧਾਵਾ ਅਤੇ ਕੁਲਬੀਰ ਕੌਰ ਰੰਧਾਵਾ ਜੀ ਨੇ ਬੀਬੀਆਂ ਨਾਲ ਨੱਚ ਕੇ ਇਸ ਤਿਉਹਾਰ ਪ੍ਰਤੀ ਜਾਗਰੂਕ ਕੀਤਾ। ਪ੍ਰਬੰਧਕ ਬੀਬੀਆਂ ਵੱਲੋਂ ਮੈਡਮ ਕੁਲਬੀਰ ਕੌਰ ਫੁਲਕਾਰੀ ਭੇਟ ਕਰਕੇ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੈਡਮ ਕੁਲਬੀਰ ਕੌਰ ਰੰਧਾਵਾ ਨੇ ਦੱਸਿਆ ਕਿ ਪੰਜਾਬ ਦਾ ਪ੍ਰਸਿੱਧ ਤੀਆਂ ਦਾ ਤਿਉਹਾਰ ਕਰੀਬ ਦੋ ਦਹਾਕੇ ਪਹਿਲਾਂ ਪੰਜਾਬ ਦੇ ਹਰੇਕ ਭਾਈਚਾਰੇ ਦਾ ਲੋਕ ਆਪਸ ਵਿੱਚ ਰਲ-ਮਿਲ ਕੇ ਮਨਾਉਂਦੇ ਸਨ ਪਰ ਉਸ ਸਮੇਂ ਇੰਟਰਟੇਨਮੈਂਟ ਦਾ ਕੋਈ ਵੀ ਸਾਧਨ ਨਹੀਂ ਹੁੰਦਾ ਸੀ ਜਿਸ ਕਰਕੇ ਪਿੰਡ ਦੀਆਂ ਤੀਆਂ ਇਸਤਿਹਾਰ ਤੇ ਇਕੱਠੀਆਂ ਹੋ ਕੇ ਬੋਲੀਆਂ ਗਿੱਧਾ ਭੰਗੜਾ ਪੀਂਘਾਂ ਝੂਟਦੀਆਂ ਸਨ ਤੇ ਉੱਥੇ ਹੀ ਚਰਖਾ ਕੱਤ ਕੇ ਆਪਣੇ ਮਨ ਦੇ ਵਲ ਕੱਢਦੀਆਂ ਸਨ ਪਰ ਸੋਸ਼ਲ ਮੀਡੀਆ ਦਾ ਜਮਾਨਾ ਆਉਣ ਕਰਕੇ ਉਹ ਅਲੋਪ ਹੁੰਦਾ ਜਾ ਰਿਹਾ ਸੀ।ਜਿਸ ਕਰਕੇ ਨੌਜਵਾਨ ਪੀੜੀ ਇਨ੍ਹਾਂ ਤਿਉਹਾਰ ਪ੍ਰਤੀ ਨਹੀਂ ਜਾਗਰੂਕ ਸੀ ਉਨ੍ਹਾਂ ਵਿੱਚ ਅਲਖ ਜਗਾਉਣ ਲਈ ਪੰਜਾਬ ਦੇ ਵਿਰਸੇ ਦੀ ਸਾਂਭ ਸੰਭਾਲ ਲਈ ਅਜਿਹੇ ਤਿਆਰ ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਮਨਾਉਣੀ ਚਾਹੀਦੇ ਹਨ ਜਿਸ ਨਾਲ ਸਾਡੀ ਆਪਸੀ ਸਾਂਝ ਬਰਕਰਾਰ ਰਹੇਗੀ ਤੇ ਸਾਡੀ ਨੌਜਵਾਨ ਪੀੜ੍ਹੀ ਨੂੰ ਪੁਰਾਣੇ ਵਿਰਸੇ ਪ੍ਰਤੀ ਗਿਆਨ ਮਿਲੇਗਾ ਤੇ ਉਹ ਵਿਦੇਸ਼ੀ ਵਿਰਸੇ ਨੂੰ ਛੱਡ ਕੇ ਆਪਣੇ ਪੰਜਾਬੀਅਤ ਵਿਰਸੇ ਨਾਲ ਜੁੜ ਕੇ ਆਪਣੀਆਂ ਇਤਿਹਾਸਿਕ ਰੀਤੀ ਰਿਵਾਜਾਂ ਨੂੰ ਸਾਂਭ ਕੇ ਰੱਖਣ ਵਿੱਚ ਅਹਿਮ ਸਹਿਯੋਗ ਪਾਉਣਗੇ। ਮੈਡਮ ਰੰਧਾਵਾ ਨੇ ਕਿਹਾ ਕਿ ਅਗਲੇ ਸਾਲ ਤੋਂ ਇਸ ਤੀਆਂ ਦੇ ਤਿਉਹਾਰ ਉੱਪਰ ਪੰਜਾਬ ਦੇ ਵਿਰਸੇ ਦਾ ਨਲ ਸੰਬੰਧਿਤ ਹੋਰ ਵੱਖ-ਵੱਖ ਐਟਮਾ ਕਰਵਾਈਆਂ ਜਾਣਗੀਆਂ ਉੱਥੇ ਹੀ ਬਲਾਕ ਪੱਧਰ ਤੇ ਕੰਪਟੀਸ਼ਨ ਕਰਵਾਏ ਜਾਣਗੇ ਤਾਂ ਕਿ ਜੋ ਲੋਕ ਆਪਣੇ ਪੰਜਾਬੀ ਵਿਰਸਾ ਤੋਂ ਜਾਣੂ ਨਹੀਂ ਹਨ। ਉਨ੍ਹਾਂ ਨੂੰ ਵੀ ਇਨ੍ਹਾਂ ਤਿਉਹਾਰਾਂ ਪ੍ਰਤੀ ਜਾਗਰੂਕਤਾ ਮਿਲੇਗੀ।ਇਸ ਮੌਕੇ ਵਿਸ਼ੇਸ਼ ਸਹਿਯੋਗ ਨੌਜਵਾਨ ਯੂਥ ਆਗੂ ਤਜਿੰਦਰ ਸਿੰਘ ਮਾਨ, ਪਰਮਜੀਤ ਕੌਰ ਵਾਹਲਾ, ਜਸਪ੍ਰੀਤ ਕੌਰ ਵਾਹਲਾ, ਬਲਵਿੰਦਰ ਕੌਰ, ਨਰਿੰਦਰ ਕੌਰ, ਕੋਮਲਪ੍ਰੀਤ ਕੌਰ, ਰਮਨਦੀਪ ਕੌਰ, ਰਾਜਵਿੰਦਰ ਕੌਰ ਆਦਿ ਵੱਲੋਂ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿੱਚ ਅਹਿਮ ਸਹਿਯੋਗ ਪਾਇਆ ਗਿਆ।ਇਸ ਮੌਕੇ ਸੀਨੀਅਰ ਵਲੰਟੀਅਰ ਸ਼ਰਨਜੀਤ ਸਿੰਘ ਤਲਵੰਡੀ ਰਾਮਾ, ਦੀਦਾਰ ਸਿੰਘ ਲਾਹੌਰੀਆ, ਹੀਰਾ ਸਿੰਘ ਫੌਜੀ ਆਦਿ ਹਾਜ਼ਰ ਸਨ ।

# ਬੇਅਦਬੀ ਮਾਮਲੇ 'ਚ ਸ਼੍ਰੋਮਣੀ ਕਮੇਟੀ ਵਿਰੁੱਧ ਸਾਬਕਾ ਆਈ ਜੀ ਖੱਟੜਾ ਦੀ ਬਿਆਨਬਾਜ਼ੀ ਗੁਮਰਾਹਕੁੰਨ ਤੇ ਤੱਥਹੀਣ: ਸ਼੍ਰੋਮਣੀ ਕਮੇਟੀ ਸਕੱਤਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਸਾਲ 2015 ਵਿਚ ਫਰੀਦਕੋਟ ਜ਼ਿਲ੍ਹੇ ਦੇ ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੀਤੀ ਗਈ ਬੇਅਦਬੀ ਸਬੰਧੀ ਕੇਸਾਂ ਵਿਚ ਕੇਂਦਰੀ ਜਾਂਚ ਏਜੰਸੀ ਸੀ. ਬੀ. ਆਈ. ਵੱਲੋਂ 2019 ਵਿਚ ਅਦਾਲਤ 'ਚ ਦਰਜ ਕੀਤੀ ਗਈ ਕਲੋਜ਼ਰ ਰਿਪੋਰਟ ਨੂੰ ਲੈ ਕੇ ਸਾਬਕਾ ਆਈ. ਜੀ. ਰਣਬੀਰ ਸਿੰਘ ਖੱਟੜਾ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਰੁੱਧ ਮੀਡੀਆ ਵਿਚ ਕੀਤੀ ਜਾ ਰਹੀ ਗਲਤ ਬਿਆਨਬਾਜ਼ੀ ਦਾ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਕਰੜਾ ਨੋਟਿਸ ਲੈਂਦਿਆਂ ਕਿਹਾ ਕਿ ਖੱਟੜਾ ਅਜਿਹੀ ਗੁਮਰਾਹਕੁੰਨ ਤੇ ਤੱਥਹੀਣ ਬਿਆਨਬਾਜ਼ੀ ਕਰਕੇ ਸੰਗਤਾਂ ਨੂੰ ਗੁਮਰਾਹ ਕਰਨ ਤੋਂ ਗੁਰੇਜ਼ ਕਰਨ, ਨਹੀਂ ਤਾਂ ਸ਼੍ਰੋਮਣੀ ਕਮੇਟੀ ਉਨ੍ਹਾਂ ਖਿਲਾਫ਼ ਕਾਨੂੰਨੀ ਕਾਰਵਾਈ ਕਰੇਗੀ।

ਸ. ਪ੍ਰਤਾਪ ਸਿੰਘ ਨੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਬਰਗਾੜੀ ਵਿਖੇ ਡੇਰਾ ਸਿਰਸਾ ਮੁਖੀ ਦੇ ਇਸ਼ਾਰੇ 'ਤੇ ਉਸ ਦੇ ਪੈਰੋਕਾਰਾਂ ਵੱਲੋਂ ਕੀਤੀਆਂ ਗਈਆਂ ਬੇਅਦਬੀਆਂ ਦੇ ਸਬੰਧ ਵਿਚ ਚੱਲ ਰਹੇ ਕੇਸਾਂ ਦੀ ਸੀ. ਬੀ. ਆਈ. ਵੱਲੋਂ ਅਦਾਲਤ ਅੰਦਰ ਜੁਲਾਈ 2019 ਵਿਚ ਕਲੋਜ਼ਰ ਰਿਪੋਰਟ ਦਰਜ ਕੀਤੀ ਗਈ ਸੀ, ਜਿਸ ਦਾ ਸਖ਼ਤ ਇਤਰਾਜ਼ ਕਰਦਿਆਂ ਸ਼੍ਰੋਮਣੀ ਕਮੇਟੀ ਨੇ ਇਸ ਨੂੰ ਰੱਦ ਕਰ ਦਿੱਤਾ ਸੀ। ਸ਼੍ਰੋਮਣੀ ਕਮੇਟੀ ਨੇ 17 ਜੁਲਾਈ 2019 ਨੂੰ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਮਤਾ ਨੰ: 515 ਰਾਹੀਂ ਸੀ ਬੀ ਆਈ ਵੱਲੋਂ ਦਰਜ ਕੀਤੀ ਕਲੋਜ਼ਰ ਰਿਪੋਰਟ ਨੂੰ ਬਹੁਤ ਹੀ ਮੰਦਭਾਗਾ ਅਤੇ ਦੁਖਦਾਈ ਕਰਾਰ ਦਿੰਦਿਆਂ ਇਸ ਦੀ ਸਖ਼ਤ ਨਿਖੇਧੀ ਕੀਤੀ ਸੀ, ਜਦਕਿ ਖੱਟੜਾ ਸਿੱਖ ਸੰਸਥਾ ਵਿਰੁੱਧ ਬੇਬੁਨਿਆਦ ਦੋਸ਼ ਲਗਾ ਕੇ ਇਹ ਸਿੱਧ ਕਰਨ ਦਾ ਕੋਝਾ ਯਤਨ ਕਰ ਰਹੇ ਹਨ ਕਿ ਸ਼੍ਰੋਮਣੀ ਕਮੇਟੀ ਨੇ ਸੀ ਬੀ ਆਈ ਕਲੋਜ਼ਰ ਰਿਪੋਰਟ ਦੇ ਪੱਖ ਵਿਚ ਹਲਫ਼ੀਆ ਬਿਆਨ ਦਿੱਤਾ ਸੀ।ਉਨ੍ਹਾਂ ਕਿਹਾ ਕਿ ਸੀ ਬੀ ਆਈ ਦੀ ਕਲੋਜ਼ਰ ਰਿਪੋਰਟ ਨੂੰ ਰੱਦ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਮਾਹਿਰ ਵਕੀਲਾਂ ਰਾਹੀਂ ਪ੍ਰੋਟੈਸਟ ਪਟੀਸ਼ਨ ਦਾਇਰ ਕਰਕੇ ਕਾਨੂੰਨੀ ਕਾਰਵਾਈ ਤੁਰੰਤ ਪ੍ਰਭਾਵ ਨਾਲ ਵਿੱਢ ਦਿੱਤੀ ਗਈ ਸੀ, ਜੋ ਨਿਰੰਤਰ ਜਾਰੀ ਹੈ।

# ਅਹੁਦਾ ਸੰਭਾਲਣ ਮੌਕੇ ਐੱਸ ਐੱਸ ਪੀ ਗੌਰਵ ਤੂਰਾ ਦਾ ਨਿੱਘਾ ਸੁਆਗਤ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਜ਼ਿਲੇ ਦੇ ਨਵ-ਨਿਯੁਕਤ ਐੱਸ. ਐੱਸ. ਪੀ. ਗੌਰਵ ਤੂਰਾ ਨੂੰ ਅਹੁਦਾ ਸੰਭਾਲਣ ਤੇ ਐਂਟੀ ਪਲਿਊਸ਼ਨ ਆਰਗੇਨਾਈਜੇਸ਼ਨ ਸੁਸਾਇਟੀ ਵੱਲੋਂ ਸਿਰੋਪਾਓ ਅਤੇ ਸਨਮਾਨ ਚਿੰਨ੍ਹ ਦੇ ਕੇ ਉਨ੍ਹਾਂ ਦਾ ਸੁਆਗਤ ਕੀਤਾ ਗਿਆ। ਸੁਸਾਇਟੀ ਦੇ ਪੰਜਾਬ ਪ੍ਰਧਾਨ ਐਡਵੋਕੇਟ ਆਦੇਸ਼ ਅਗਨੀਹੋਤਰੀ ਨੇ ਕਿਹਾ ਕਿ ਸੁਸਾਇਟੀ ਵਲੋਂ ਦੂਸ਼ਿਤ ਹੋ ਰਹੇ ਵਾਤਾਵਰਨ ਨੂੰ ਬਚਾਉਣ ਲਈ ਜਿਥੇ ਯਤਨ ਕੀਤੇ ਜਾ ਰਹੇ ਹਨ, ਉਥੇ ਹੀ ਨੌਜਵਾਨਾਂ ਨੂੰ ਨਸ਼ੇ ਦੇ ਬੁਰੇ ਪ੍ਰਭਾਵ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ। ਐਡਵੋਕੇਟ ਅਗਨੀਹੋਤਰੀ ਨੇ ਐੱਸ. ਐੱਸ. ਪੀ. ਗੌਰਵ ਤੂਰਾ ਨੂੰ ਸਲਾਹ ਦਿੱਤੀ ਕਿ ਸ਼ਹਿਰ ਦੇ ਮੋਹਤਬਰ ਸੱਜਣਾਂ, ਸੁਸਾਇਟੀ ਦੇ ਅਹੁਦੇਦਾਰਾਂ ਦੀ ਸਾਂਝੀ ਮੀਟਿਗ ਬੁਲਾਈ ਜਾਵੇ, ਜਿਸ ਵਿਚ ਖਰਾਬ ਹੋ ਰਹੀ ਕਾਨੂੰਨ ਦੀ ਸਥਿਤੀ ਨੂੰ ਠੀਕ ਕਰਨ ਲਈ ਵਿਚਾਰ-ਵਟਾਂਦਰਾ ਹੋਵੇ ਅਤੇ ਯੋਗ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਦਿਨੋ ਦਿਨ ਜ਼ਿਲੇ ਵਿਚ ਚੋਰੀਆਂ, ਮੋਬਾਈਲ ਝਪਟਮਾਰੀ ਅਤੇ ਵਾਹਨ ਚੋਰੀ ਦੀਆਂ ਵਾਰਦਾਤਾਂ ਵਧੀਆਂ ਹਨ, ਜੋ ਚਿੰਤਾ ਦਾ ਵਿਸ਼ਾ ਹੈ। ਇਸ ਨੂੰ ਰੋਕਣ ਲਈ ਪੁਲਸ ਪ੍ਰਸ਼ਾਸਨ ਨੂੰ ਠੋਸ ਕਦਮ ਚੁੱਕਣ ਦੀ ਲੋੜ ਹੈ।

ਗੌਰਵ ਤੂਰਾ ਨੇ ਕਿਹਾ ਕਿ ਜਨਤਾ ਦੇ ਸਹਿਯੋਗ ਨਾਲ ਹੀ ਸਮਾਜ ਵਿਚੋਂ ਬੁਰਾਈਆਂ ਦਾ ਖ਼ਾਤਮਾ ਕੀਤਾ ਜਾ ਸਕਦਾ ਹੈ। ਆਉਣ ਵਾਲੇ 2-3 ਦਿਨਾਂ ਵਿਚ ਮੋਹਤਬਰਾਂ ਨਾਲ ਮੀਟਿੰਗ ਬੁਲਾ ਕੇ ਲੋਕਾਂ ਨਾਲ ਵਿਚਾਰ ਵਟਾਂਦਰਾ ਕਰਕੇ ਅਪਰਾਧ ਨੂੰ ਰੋਕਣ ਲਈ ਯਕਨ ਕੀਤੇ ਜਾਣਗੇ। ਇਸ ਮੌਕੇ ਗੁਰਿੰਦਰ ਸਿੰਘ ਟਿੰਕੂ, ਹੈਰੀ ਨਾਗਪਾਲ, ਕੰਵਲਜੀਤ ਸਿੰਘ ਬੌਬੀ ਮੌਜੂਦ ਸਨ।

# ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਵੱਲੋਂ 39ਵਾਂ ਸਾਵਣ ਮੇਲਾ ਯਾਦਗਾਰੀ ਹੋ ਨਿੱਬੜਿਆ

### * ਪੰਜਾਬ ਭਰ ਵਿੱਚੋਂ 100 ਤੋਂ ਵੱਧ ਕਵੀਆਂ ਨੇ ਲਾਈ ਕਾਵਿ-ਰਚਨਾਵਾਂ ਦੀ ਛਹਿਬਰ



ਬਾਬਾ ਬਕਾਲਾ ਸਾਹਿਬ/ਬਟਾਲਾ (ਜਸਪਾਲ ਸਿੰਘ)/ਨਿਰਮਲ ਸੰਘਾ-ਪਿਛਲੇ 39 ਸਾਲਾਂ ਤੋਂ ਲਗਾਤਾਰ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਨਿਰੰਤਰ ਜੁਟੀ ਚਰਚਿੱਤ ਸਾਹਿਤਕ ਸੰਸਥਾ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਆਪਣਾ 39ਵਾਂ ਸਲਾਨਾ ਸਾਵਣ ਕਵੀ ਦਰਬਾਰ ਐਤਕੀਂ ਅੰਮ੍ਰਿਤ ਹਾਲ, ਪਿੱਛੇ-ਗੁ: ਮਾਤਾ ਗੰਗਾ ਜੀ, ਬਾਬਾ ਬਕਾਲਾ ਸਾਹਿਬ ਕਰਵਾਇਆ। ਆਪਣੇ ਪਹਿਲੇ ਰਿਕਾਰਡ ਨੂੰ ਆਪ ਹੀ ਤੋੜਦਿਆਂ ਸਭਾ ਵੱਲੋਂ ਜਿੱਥੇ ਪੰਜਾਬ ਭਰ ਵਿੱਚੋਂ 100 ਤੋਂ ਵੱਧ ਕਵੀਆਂ ਦਾ ਕਵੀ ਦਰਬਾਰ ਕਰਵਾਇਆ ਗਿਆ, ਉਥੇ ਲਗਾਤਾਰ 5 ਘੰਟੇ ਚੱਲੇ ਇਸ ਕਵੀ ਦਰਬਾਰ ਵਿੱਚ ਨਾਮਵਰ ਗਾਇਕਾਂ ਨੇ ਗਾਇਕੀ ਦੇ ਜੌਹਰ ਦਿਖਾਏ ਅਤੇ 39ਵਾਂ ਸਾਵਣ ਮੇਲਾ ਹਰ ਪੱਖੋਂ ਯਾਦਗਾਰੀ ਹੋ ਨਿੱਬੜਿਆ।

ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਸਕੱਤਰ ਦੀਪ ਦਵਿੰਦਰ ਸਿੰਘ, ਕਾਰਜਕਾਰਨੀ ਮੈਂਬਰ ਗੁਰਮੀਤ ਸਿੰਘ ਬਾਜਵਾ, ਕਾਰਜਕਾਰਨੀ ਮੈਂਬਰ ਮਾ: ਮਨਜੀਤ ਸਿੰਘ ਵੱਸੀ ਤੋਂ ਇਲਾਵਾ ਰਣਜੀਤ ਸਿੰਘ ਅਜ਼ਾਦ ਕਾਂਜਲਾ ਸਾ: ਪ੍ਰਧਾਨ ਪੰਜਾਬੀ ਸਾਹਿਤ ਸਭਾ ਧੂਰੀ, ਸੁਖਦੇਵ ਸਿੰਘ ਭੱਟੀ (ਸਾਹਿਤ ਸਭਾ ਫਿਰੋਜ਼ਪੁਰ), ਜਸਵਿੰਦਰ ਸਿੰਘ ਢਿੱਲੋਂ ਪ੍ਰਧਾਨ ਸਾਹਿਤ ਅਤੇ ਸਭਿਆਚਾਰਕ ਮੰਚ ਤਰਨ ਤਾਰਨ, ਅਵਤਾਰ ਸਿੰਘ ਗੋਇੰਦਵਾਲ (ਜਨਰਲ ਸਕੱਤਰ ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ), ਕੀਰਤਪ੍ਰਤਾਪ ਸਿੰਘ ਪੰਨੂੰ (ਪ੍ਰਧਾਨ ਮਜਲਸ), ਡਾ: ਗਗਨਦੀਪ ਸਿੰਘ (ਪ੍ਰਧਾਨ ਮਝੈਲਾਂ ਦੀ ਸੱਥ), ਗਾਇਕ ਦਲਵਿੰਦਰ ਦਿਆਲਪੁਰੀ, ਗਾਇਕ ਮਨਜੀਤ ਪੱਪੂ, ਸੁਖਦੇਵ ਸਿੰਘ ਭੁੱਲਰ ਸਾ: ਜਨਰਲ ਮੈਨੇਜਰ ਪੰਜਾਬ ਸਕੂਲ ਸਿੱਖਿਆ ਬੋਰਡ, ਗੁਰਪ੍ਰਤਾਪ ਸਿੰਘ ਭਿੱਲਾ ਸਾ: ਸਰਪੰਚ, ਅਤੇ ਸਭਾ ਦੇ ਸਰਪ੍ਰਸਤ ਪ੍ਰਿੰ: ਰਘਬੀਰ ਸਿੰਘ ਸੋਹਲ ਆਦਿ ਸ਼ੁਸ਼ੋਭਿਤ ਹੋਏ। ਮੰਚ ਸੰਚਾਲਨ ਕਰ ਰਹੇ ਸਭਾ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਨੇ ਸਮੁੱਚੇ ਸਮਾਗਮ ਨੂੰ ਤਰਤੀਬ ਦਿੱਤੀ।

ਇਸ ਮੌਕੇ ਚਾਰ ਪੁਸਤਕਾਂ "ਦਿਸਹੱਦੇ ਤੋਂ ਪਰਲੇ ਪਾਰ" (ਪ੍ਰਿੰ: ਰਘਬੀਰ ਸਿੰਘ ਸੋਹਲ), ਅੱਖਰਾਂ ਵਿੱਚ ਦਰਦ (ਦਰਸ਼ਨ ਸਿੰਘ ਨੰਦਰਾ), ਵਾਵਰੋਲਿਆਂ ਦੇ ਦਰਮਿਆਨ (ਲਾਲੀ ਕਰਤਾਰਪੁਰੀ), ਗੋਜ਼ਲਿਆਂ ਵਾਲਾ ਖੂਹ (ਅਸ਼ੋਕ ਟਾਂਡੀ) ਲੋਕ ਅਰਪਿਤ ਕੀਤੀਆਂ ਕੀਤੀਆਂ ਗਈਆਂ ਅਤੇ ਗਾਇਕ ਲਖਵਿੰਦਰ ਕੋਟੀਆ ਅਤੇ ਕਿਰਨ ਬੇਦੀ ਦੇ ਗੀਤ ਦਾ ਪੋਸਟਰ "ਬੋਲ ਸ਼ਰੀਕਾਂ ਦੇ" ਵੀ ਲੋਕ ਅਰਪਿਤ ਕੀਤਾ ਗਿਆ। ਪੰਜਾਬ ਦੇ ਨਾਮਵਰ ਗਾਇਕਾਂ ਦਲਵਿੰਦਰ ਦਿਆਲਪੁਰੀ, ਮਨਜੀਤ ਪੱਪੂ, ਮੱਖਣ ਭੈਣੀਵਾਲਾ, ਗੁਰਮੇਜ ਸਹੋਤਾ, ਲਖਵਿੰਦਰ ਕੋਟੀਆ, ਗੁਰਦਿਆਲ ਰੁਮਾਣੇਚੱਕੀਆ, ਮਾ: ਅਰਜੁਨ (ਵਾਇਸ ਆਫ ਪੰਜਾਬ), ਬੀ ਮਾਸਟਰ, ਅਕਾਸ਼ਦੀਪ ਸਿੰਘ, ਕਾਲਾ ਰਿਆਲੀ, ਲਾਲੀ ਕਰਤਾਰਪੁਰੀ, ਮਨਦੀਪ ਸਿੰਘ ਬੋਪਾਰਾਏ, ਬਲਵਿੰਦਰ ਸਿੰਘ ਸੇਖੋਂ, ਸਰਵਣ ਚੀਮਾਂ, ਅਮਰਜੀਤ ਸਿੰਘ ਰਤਨਗੜ੍ਹ, ਗੁਰਦਿਆਲ ਸਿੰਘ ਜੀ-ਸਟਾਰ ਆਦਿ ਨੇ ਗਾਇਕੀ ਦੇ ਜੌਹਰ ਦਿਖਾਏ । ਜਦਕਿ ਸਾਵਣ ਨੂੰ ਸਮਰਪਿਤ ਹੋਏ ਕਵੀ ਦਰਬਾਰ ਵਿੱਚ ਸੁਖਵੰਤ ਕੌਰ ਵੱਸੀ, ਰਾਜਵਿੰਦਰ ਕੌਰ ਰਾਜ, ਪਰਮਜੀਤ ਕੌਰ ਜੈਸਵਾਲ, ਰਸ਼ਪਿੰਦਰ ਕੌਰ ਗਿੱਲ, ਬਲਵਿੰਦਰ ਕੌਰ ਸਰਘੀ, ਅਮਨਦੀਪ ਕੌਰ ਢਿੱਲੋਂ ਕਸੇਲ, ਸੁਰਿੰਦਰ ਖਿਲਚੀਆਂ, ਜਤਿੰਦਰਪਾਲ ਕੌਰ, ਮਨਪ੍ਰੀਤ ਕੌਰ ਮੱਟੂ, ਹਰਜੀਤ ਕੌਰ ਭੁੱਲਰ, ਗੁਰਮੀਤ ਕੌਰ ਬੱਲ, ਮਨਜਾਪ ਕੌਰ ਅਤੇ ਹਰਵਿੰਦਰਜੀਤ ਕੌਰ ਤੋਂ ਇਲਾਵਾ ਸਾਹਿਤ ਪ੍ਰਚਾਰ ਮੰਚ ਵੱਲੋਂ ਦਿਲਰਾਜ ਸਿੰਘ ਦਰਦੀ, ਪ੍ਰੋ: ਬਖ਼ਤਾਵਰ ਧਾਲੀਵਾਲ, ਪ੍ਰੀਤਪਾਲ ਸਿੰਘ ਗੋਇੰਦਵਾਲ, ਲਖਵਿੰਦਰ ਸਿੰਘ ਚੰਦਨ, ਗੁਰਮੀਤ ਸਿੰਘ ਜੰਡਿਆਲਾ ਗੁਰੂ, ਸੁਲੱਖਣ ਦਿਓਲ, ਸਕੱਤਰ ਸਿੰਘ ਪੁਰੇਵਾਲ, ਦਵਿੰਦਰ ਸਿੰਘ ਭੋਲਾ ਘੱਗਣਸ, ਅਮਰਪਾਲ ਸਿੰਘ ਖਹਿਰਾ, ਸਰਬਜੀਤ ਸਿੰਘ ਪੱਡਾ, ਅਜੀਤ ਸਿੰਘ ਨਬੀਪੁਰੀ, ਨਵਦੀਪ ਸਿੰਘ ਬਦੇਸ਼ਾ, ਹਰਦਰਸ਼ਨ ਸਿੰਘ ਕਮਲ, ਜਗਦੀਸ਼ ਸਿੰਘ ਬਮਰਾਹ, ਹਰਭਜਨ ਸਿੰਘ ਭੱਗਰੱਥ, ਸੁੱਚਾ ਸਿੰਘ ਸੰਧੂ, ਡਾ: ਕੁਲਵੰਤ ਸਿੰਘ ਬਾਠ, ਰਾਜ ਕਲਾਨੌਰ, ਸੂਬਾ ਸਿੰਘ ਖਹਿਰਾ, ਜਗਨ ਨਾਥ ਨਿਮਾਣਾ, ਦਰਸ਼ਨ ਨੰਦੜਾ, ਅਸ਼ੋਕ ਟਾਂਡੀ, ਪ੍ਰਤਾਪ ਸਿੰਘ ਕੁਲਾਰ, ਮਾ: ਬਲਬੀਰ ਸਿੰਘ ਬੀਰ, ਅਜੀਤ ਸਿੰਘ ਸਠਿਆਲਵੀ, ਸੁਖਦੇਵ ਸਿੰਘ ਗੰਡਵਾਂ, ਲਖਵਿੰਦਰ ਸਿੰਘ ਉੱਪਲ, ਸੂਬੇਗ ਸਿੰਘ ਮੀਆਂਵਿੰਡ, ਤਰਸੇਮ ਸਿੰਘ ਸਰਾਂ, ਜਸਪਾਲ ਸਿੰਘ ਧੂਲਕਾ, ਮਾ: ਧਰਮ ਸਿੰਘ ਧਿਆਨਪੁਰ, ਬਲਵਿੰਦਰ ਸਿੰਘ ਅਠੌਲਾ, ਸੂਬੇਦਾਰ ਹਰਜਿੰਦਰ ਸਿੰਘ ਨਿੱਝਰ, ਸੁਖਰਾਜ ਸਿੰਘ ਸਭਰਵਾਲ, ਅਜੈਬ ਸਿੰਘ ਬੋਦੇਵਾਲ, ਮਨਜੀਤ ਸਿੰਘ ਸੌਂਧ, ਅਰਜਿੰਦਰ ਬੁਤਾਲਵੀ, ਬਲਵਿੰਦਰ ਸਿੰਘ ਸੇਖੋਂ, ਅਮਨਜੋਤ ਦਿਓਲ ਗੁਰਸੇਵਕ ਸਿੰਘ, ਅੰਗਰੇਜ ਸਿੰਘ, ਸੋਢੀ ਸੱਤੋਵਾਲੀਆ, ਗੁਰਮੀਤ ਸਿੰਘ ਸਦਾਰੰਗ, ਕ੍ਰਿਸ਼ਨ, ਬਾਊ ਕੇਵਲ ਬਿਆਸ, ਹਰਪ੍ਰੀਤ ਸਿੰਘ, ਆਤਿਸ਼, ਜੋਗਿੰਦਰ ਸਿੰਘ ਮਾਹਣਾ, ਜਸਬੀਰ ਸਿੰਘ, ਗੁਰਮੁੱਖ ਸਿੰਘ, ਸਮੇਤ ਪੰਜਾਬ ਭਰ ਵਿਚੋਂ ਵੱਖ ਵੱਖ ਸਾਹਿਤ ਸਭਾਵਾਂ ਵਿਚੋਂ ਪੁਜੇ ਕਵੀਜਨਾਂ ਨੇ ਸਾਵਣ ਮਹੀਨੇ ਨੂੰ ਸਮਰਪਿਤ ਕਾਵਿ-ਰਚਨਾਵਾਂ ਦੀ ਛਹਿਬਰ ਲਾਈ ।

# ਮੁਲਾਜ਼ਮਾਂ/ਪੈਨਸ਼ਨਰਾਂ ਵੱਲੋਂ ਪੰਜਾਬ ਸਰਕਾਰ ਦੇ ਝੂਠੇ ਲਾਰਿਆਂ ਖਿਲਾਫ ਅਰਥੀ ਫੂਕ ਰੋਸ ਪ੍ਰਦਰਸ਼ਨ



ਤਰਨ ਤਾਰਨ (ਨ ਜ਼ ਸ)-ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਸੂਬਾ ਪੱਧਰੀ ਸੱਦੇ ਤੇ ਅੱਜ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਸੈਂਕੜਿਆਂ ਦੀ ਗਿਣਤੀ ਵਿੱਚ ਇਕੱਤਰ ਹੋ ਕੇ ਸਾਂਝਾ ਫਰੰਟ ਦੀਆਂ ਵੱਖ ਵੱਖ ਧਿਰਾਂ ਦੇ ਆਗੂਆਂ ਅਜੀਤ ਸਿੰਘ ਢੋਟੀਆਂ, ਬਲਜਿੰਦਰ ਸਿੰਘ ਦੋਬਲੀਆਂ,ਅਮਰੀਕ ਸਿੰਘ ਕੰਗ, ਕਾਰਜ ਸਿੰਘ ਕੈਰੋਂ, ਗੁਰਪ੍ਰੀਤ ਸਿੰਘ ਮੰਨਣ, ਪੂਰਨ ਸਿੰਘ ਮਾੜੀਮੇਘਾ, ਸੁੱਚਾ ਸਿੰਘ ਧੌਲ, ਪੂਰਨ ਦਾਸ, ਨਰਿੰਦਰ ਸਿੰਘ ਜੋਧਪੁਰ, ਕਰਮ ਸਿੰਘ ਲਾਲਪੁਰ ਦੀ ਸਾਂਝੀ ਅਗਵਾਈ ਹੇਠ ਸਥਾਨਿਕ ਬੱਸ ਸਟੈਂਡ ਵਿੱਖੇ ਭਗਵੰਤ ਮਾਨ ਸਰਕਾਰ ਦੇ ਮੁਲਾਜ਼ਮ ਅਤੇ ਪੈਨਸ਼ਨਰ ਮਸਲਿਆਂ ਨੂੰ ਅਣਗੌਲਿਆਂ ਕਰਨ ਦੇ ਵਤੀਰੇ ਦੇ ਖ਼ਿਲਾਫ਼ ਅਤੇ ਲਾਰੇ-ਲੱਪੇ ਲਾਉਣ ਦੀ ਨੀਤੀ ਦੇ ਵਿਰੁੱਧ ਭਰਵੀਂ ਰੋਸ ਰੈਲੀ ਕਰਕੇ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕਰਦੇ ਹੋਏ ਮੁੱਖ ਮੰਤਰੀ ਦੀ ਡੰਗ ਟਪਾਊ ਨੀਤੀ ਦੀ ਤਿੱਖੇ ਸ਼ਬਦਾਂ ਵਿੱਚ ਨਿਖੇਧੀ ਕੀਤੀ।ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਗੁਰਪ੍ਰੀਤ ਸਿੰਘ ਗੰਡੀਵਿੰਡ, ਮਾਸਟਰ ਸਤਵਿੰਦਰ ਸਿੰਘ, ਰਜਵੰਤ ਸਿੰਘ ਬਾਗੜੀਆਂ, ਕੰਵਲਜੀਤ ਕੌਰ ਸੁਪਰਡੈਂਟ, ਬਲਵਿੰਦਰ ਸਿੰਘ ਪਲਾਸੌਰ, ਨਰਿੰਦਰ ਬੇਦੀ, ਜੱਸਾ ਸਿੰਘ ਕੱਦਗਿੱਲ, ਮੰਗਲ ਸਿੰਘ ਨਾਗੋਕੇ, ਕੁਲਵਿੰਦਰ ਸਿੰਘ, ਜਸਵਿੰਦਰ ਸਿੰਘ, ਮੇਜਰ ਸਿੰਘ ਮੱਲ੍ਹੀਆਂ, ਅਮਰਜੀਤ ਸਿੰਘ ਮਾੜੀਮੇਘਾ, ਪ੍ਰਿੰ. ਦਲਬੀਰ ਸਿੰਘ ਦਿਉਲ , ਕਮਲਜੀਤ ਸਿੰਘ ਮੱਲ ਮੋਹਰੀ,ਪ੍ਰਦੀਪ ਧਵਨ ਆਦਿ ਨੇ ਆਖਿਆ ਕਿ ਮੁੱਖ ਮੰਤਰੀ ਵੱਲੋਂ ਪਹਿਲਾਂ 25 ਜੁਲਾਈ ਤੇ ਹੁਣ 02 ਅਗਸਤ ਦੀ ਮੀਟਿੰਗ ਮੁਲਤਵੀ ਕਰਕੇ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਵੱਡਾ ਧੋਖਾ ਕੀਤਾ ਹੈ, ਜਿਸ ਕਰਕੇ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਅੰਦਰ ਵਿਆਪਕ ਰੋਸ ਹੈ।ਰੋਸ ਰੈਲੀ ਕਰਨ ਉਪਰੰਤ ਰੋਹ ਵਿੱਚ ਆਏ ਸੰਘਰਸ਼ੀ ਕਿਰਤੀ ਕਾਮਿਆਂ ਨੇ ਪੰਜਾਬ ਸਰਕਾਰ ਦੀ ਅਰਥੀ ਅਤੇ ਝੂਠੇ ਲਾਰਿਆਂ ਦੀ ਪੰਡ ਪੁਰਾਣੇ ਡੀ ਸੀ ਦਫਤਰ ਵਾਲੇ ਚੌਂਕ ਤੱਕ ਰੋਸ ਮਾਰਚ ਕਰਕੇ ਕੜਕਦੀ ਧੁੱਪ ਵਿੱਚ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕਰਦਿਆਂ ਫੂਕ ਕੇ ਭਗਵੰਤ ਮਾਨ ਸਰਕਾਰ ਨੂੰ ਸਖ਼ਤ ਚਿਤਾਵਨੀ ਦਿੱਤੀ ਕਿ ਜੇਕਰ ਮੁਲਾਜ਼ਮ ਅਤੇ ਪੈਨਸ਼ਨਰ ਮਸਲਿਆਂ ਦਾ ਹੱਲ ਨਾ ਕੀਤਾ ਗਿਆ ਤਾਂ ਆਉਣ ਵਾਲੀਆਂ ਜਿਮਨੀ ਚੋਣਾਂ ਵਿੱਚ ਮੁਲਾਜ਼ਮ ਤੇ ਪੈਨਸ਼ਨਰ ਪੰਜਾਬ ਸਰਕਾਰ ਖਿਲਾਫ਼ ਵੱਡੀ ਲਹਿਰ ਖੜੀ ਕਰਨਗੇ ।ਸਾਂਝਾ ਫਰੰਟ ਦੇ ਆਗੂਆਂ ਨੇ ਆਖਿਆ ਕਿ ਇਹ ਪਹਿਲੀ ਵਾਰ ਹੈ ਕਿ ਇਸ ਸਰਕਾਰ ਵੱਲੋਂ ਜੋ ਕਾਨੂੰਨ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਲਈ ਬਣਾਇਆ ਗਿਆ ਹੈ ਉਹ ਅੱਤ ਦਾ ਘਾਤਕ ਹੈ, ਪੁਰਾਣੀ ਪੈਨਸ਼ਨ ਬਹਾਲ ਕਰਨ ਦੀ ਬਜਾਏ ਉਸ ਨੂੰ ਕੇਂਦਰ ਸਰਕਾਰ ਨਾਲ ਜਬਰੀ ਬੰਨਿਆ ਜਾ ਰਿਹਾ ਹੈ, ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਬਾਵਜੂਦ ਪੈਨਸ਼ਨਰਾਂ ਦੀ ਪੈਨਸ਼ਨ ਦੁਹਰਾਈ 2.59 ਗੁਣਾਕ ਨਾਲ ਕਰਨ ਤੋਂ ਵੀ ਸਰਕਾਰ ਟਾਲਾ ਵੱਟ ਰਹੀ ਹੈ ਮੁਲਾਜ਼ਮਾਂ/ਪੈਨਸ਼ਨਰਾਂ ਦੇ ਤਨਖਾਹ ਸਕੇਲਾਂ ਅਤੇ ਮਹਿੰਗਾਈ ਭੱਤੇ ਦੇ ਬਕਾਏ ਵੱਟੇ ਖਾਤੇ ਪਾ ਦਿੱਤੇ ਹਨ ਮਹਿਗਾਈ ਭੱਤੇ ਦੀਆਂ ਤਿੰਨ ਕਿਸ਼ਤਾਂ ਜੋ 12 ਪ੍ਰਤੀਸ਼ਤ ਬਣਦੀਆਂ ਹਨ ਉਹ ਨਾਂ ਦੇ ਕੇ ਮਹਿਗਾਈ ਭੱਤੇ ਨੂੰ ਕੇਂਦਰ ਨਾਲੋਂ ਡੀ ਲਿੰਕ ਕੀਤਾ ਜਾ ਰਿਹਾ ਹੈ, ਪੇਂਡੂ ਭੱਤਾ, ਫਿਕਸ ਸਫ਼ਰੀ ਭੱਤਾ ਅਤੇ ਤੇਲ ਭੱਤੇ ਸਮੇਤ ਮੁਲਾਜ਼ਮਾਂ ਨੂੰ ਮਿਲਣ ਵਾਲੇ ਵੱਖ-ਵੱਖ ਤਰਾਂ ਦੇ ਹੋਰ ਭੱਤੇ ਸੋਧਣ ਦੇ ਨਾਂ ਤੇ ਬੰਦ ਕਰ ਦਿੱਤੇ ਹਨ, ਪ੍ਰਵੇਸ਼ਨਲ ਪੀਰੀਅਡ ਦੌਰਾਨ ਤਿੰਨ ਸਾਲ ਮੁੱਢਲੀ ਤਨਖਾਹ ਦੇ ਕੇ ਮੁਲਾਜ਼ਮਾਂ ਦਾ ਆਰਥਿਕ ਸ਼ੋਸ਼ਣ ਲਗਾਤਾਰ ਜਾਰੀ ਹੈ,ਕੁੱਝ ਦੇਣ ਦੀ ਥਾਂ ਉਲਟਾ 200 ਰੁਪਏ ਪ੍ਰਤੀ ਮਹੀਨਾਂ ਮੁਲਾਜ਼ਮਾਂ/ਪੈਨਸ਼ਨਰਾਂ ਤੋਂ ਵਿਕਾਸ ਟੈਕਸ ਦੇ ਨਾਂ ਤੇ ਜਜੀਆ ਵਸੂਲਿਆ ਜਾ ਰਿਹਾ ਜੋ ਸਰਾਸਰ ਧੱਕਾ ਹੈ ਜਿਸ ਨੂੰ ਸੰਘਰਸ਼ ਸੀਲ ਲੋਕ ਕਦਾਚਿਤ ਬਰਦਾਸ਼ਤ ਨਹੀਂ ਕਰਨਗੇ ।

# ਸਿਲਵਰ ਓਕ ਸਕੂਲ ਵੱਲੋਂ ਵਿਦਿਆਰਥੀਆਂ ਦੀਆਂ ਮਾਵਾਂ ਲਈ ਤੀਆਂ ਦੇ ਤਿਉਹਾਰ ਦਾ ਆਯੋਜਨ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਾਹਬਾਜਪੁਰ ਵਿਖੇ ਵਿਦਿਆਰਥੀਆਂ ਦੀਆਂ ਮਾਵਾਂ ਦੇ ਲਈ ਤੀਜ ਦਾ ਤਿਉਹਾਰ ਆਯੋਜਿਤ ਕੀਤਾ ਗਿਆ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਦੇਖ-ਰੇਖ ਦੇ ਵਿੱਚ ਵਿਦਿਆਰਥੀਆਂ ਦੀਆਂ ਮਾਵਾਂ ਨੂੰ ਇਸ ਤੀਜ ਦੇ ਤਿਉਹਾਰ ਵਿੱਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਗਿਆ।ਬੱਚਿਆਂ ਦੀਆਂ ਮਾਵਾਂ ਨੇ ਖੁਸ਼ੀ ਨਾਲ ਸੱਦਾ ਕਬੂਲ ਕੀਤਾ ਅਤੇ ਹੁੰਮ ਹੁਮਾ ਕੇ ਤੀਆਂ ਦਾ ਤਿਉਹਾਰ ਮਨਾਉਣ ਲਈ ਸਿਲਵਰ ਓਕ ਦੇ ਵਿਹੜੇ ਪਹੁੰਚੇ।

ਸਕੂਲ ਮੈਨੇਜਮੈਂਟ ਵੱਲੋਂ ਸਮੂਹ ਮਾਪਿਆਂ ਦੀ ਰਿਫਰੈਸ਼ਮੈਂਟ ਦੇ ਆਯੋਜਨ ਦੇ ਨਾਲ ਨਾਲ ਸੀ ਸੀ ਏ ਦੀ ਇੱਕ ਟੀਮ ਵੱਲੋਂ ਅਲੱਗ ਈਵੈਂਟ ਅਤੇ ਮੁਕਾਬਲੇ ਇਹਨਾਂ ਮਾਵਾਂ ਦੇ ਲਈ ਰੱਖੇ ਹੋਏ ਸਨ।ਇਸ ਮੌਕੇ ਸੰਸਥਾ ਦੇ ਵਾਈਸ ਚੇਅਰ ਪਰਸਨ ਸ਼੍ਰੀਮਤੀ ਕਮਲੇਸ਼ ਕੌਰ ਅਤੇ ਮੈਡਮ ਇਸ਼ਿਤਾ ਪਾਸੀ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ।ਪ੍ਰਿੰਸਿਪਲ ਮਨੀਸ਼ਾ ਸੰਗਰ ਨੇ ਦੱਸਿਆ ਕਿ ਮਾਵਾਂ ਹਮੇਸ਼ਾ ਘਰ ਦੇ ਅਤੇ ਬਾਹਰਲੇ ਕੰਮਾਂ ਦੇ ਵਿੱਚ ਮਸ਼ਰੂਫ ਰਹਿੰਦੀਆਂ ਹਨ ਕਿ ਉਹਨਾਂ ਨੂੰ ਆਪਣੇ ਦੇ ਲਈ ਸਮਾਂ ਨਹੀਂ ਮਿਲਦਾ, ਉਹਨਾਂ ਕਿਹਾ ਕਿ ਸਾਡਾ ਇਸ ਪ੍ਰੋਗਰਾਮ ਦਾ ਮਕਸਦ ਇਨਾਂ ਮਾਵਾਂ ਦੇ ਮਨ ਅੰਦਰ ਲੁਕੇ ਹੋਏ ਚਾਵਾਂ ਨੂੰ ਬਾਹਰ ਕੱਢਣਾ ਹੈ।ਉਹਨਾਂ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਬੱਚਿਆਂ ਦੀਆਂ ਮਾਵਾਂ ਆਪਣੇ ਮਨ ਦੀ ਖੁਸ਼ੀ ਦਾ ਪ੍ਰਗਟਾਵਾ ਨੱਚ-ਗਾ ਕੇ ਕਰਨ।ਇਸ ਮੌਕੇ ਪੁੱਜੀਆਂ ਹੋਈਆਂ ਸਾਰੀਆਂ ਮਾਵਾਂ ਨੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਉਨ੍ਹਾਂ ਦੱਸਿਆ ਕਿ ਸਿਲਵਰ ਓਕ ਸਕੂਲ ਦਾ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ ਜਿਸ ਨਾਲ ਸਾਨੂੰ ਮੌਕਾ ਮਿਲਿਆ ਹੈ ਕਿ ਅਸੀਂ ਆਪਣੇ ਚਾਵਾਂ ਆਪਣੇ ਅੰਦਰ ਛੁਪੇ ਹੋਏ ਟੈਲੈਂਟ ਨੂੰ ਤੁਹਾਡੇ ਸਾਰਿਆਂ ਦੇ ਸਨਮੁੱਖ ਰੱਖ ਸਕੀਏ।ਇਸ ਮੌਕੇ ਗਜਿੰਦਰ ਪਾਲ ਸਿੰਘ, ਬਿਕਰਮਜੀਤ ਸਿੰਘ ਭੇਲਾ, ਸੰਜੀਵ ਕੁਮਾਰ ਸ਼ਰਮਾ, ਅਮਰਜੀਤ ਕੌਰ ਸੈਣੀ, ਜਗਬੰਧਨ ਸਿੰਘ, ਬਲਜੀਤ ਕੌਰ, ਕੰਚਨ, ਅਰਚਣਾ, ਸਿਮਰਨ, ਗੁਰਪ੍ਰੀਤ, ਰਾਜਵੀਰ ਕੌਰ, ਰਾਜਵਿੰਦਰ, ਸੁਮਨ, ਹਰਜੀਤ, ਪਰਮਜੀਤ, ਰੁਪਿੰਦਰ ਕੌਰ ਤੇ ਬਾਕੀ ਸਟਾਫ ਮੈਂਬਰ ਮੌਜੂਦ ਸਨ।

# ਟੀਨਾ ਗੁਪਤਾ ਨੇ ਸੰਭਾਲਿਆ ਕੈਸ਼ੀਅਰ ਦਾ ਅਹੁਦਾ



**ਗੁਰਾਇਆ (ਬਿੰਦਰ ਸੁੰਮਨ)**-ਦੀ ਜੱਜਾਂ ਕਲਾਂ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮਿਟਿਡ ਵਿੱਚ ਟੀਨਾ ਗੁਪਤਾ ਨੇ ਸੇਲਜ਼ਮੈਨ ਅਤੇ ਕੈਸ਼ੀਅਰ ਦਾ ਚਾਰਜ ਸੰਭਾਲ ਲਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਦੀ ਜੱਜਾਂ ਕਲਾਂ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ, ਸੈਟਰਜ ਫਾਰ ਇੰਟਰ ਨੈਸ਼ਨਲ ਪ੍ਰੋਜੇਕਟਸ ਦੇ ਸਹਿਯੋਗ ਨਾਲ ਪੰਜਾਬ ਦੀ ਖੇਤੀ ਨੂੰ ਬਿਹਤਰ ਬਣਾਉਣ, ਵੱਧ ਤੋਂ ਵੱਧ ਕਿਸਾਨਾਂ ਤੱਕ ਪਹੁੰਚ ਕਰਨ ਅਤੇ ਕਿਸਾਨਾਂ ਦੇ ਗਿਆਨ ਵਿੱਚ ਵਾਧਾ ਕਰਨ ਦਾ ਕੰਮ ਕਰੇਗੀ। ਇਸ ਤੋਂ ਇਲਾਵਾ ਵੱਡੇ ਪੱਧਰ 'ਤੇ ਪਾਣੀ ਦੀ ਸੁਚੱਜੀ ਵਰਤੋਂ, ਖੇਤੀ 'ਚ ਸਥਾਈ ਵਾਧੇ ਅਤੇ ਕਿਸਾਨ ਭਲਾਈ ਲਈ ਉਨਤ ਖੇਤੀ ਤਕਨੀਕਾਂ ਅਤੇ ਅਤਿਆਸਾਂ ਨੂੰ ਉਤਸ਼ਾਹਿਤ ਕਰੇਗੀ, ਇਸ ਮੌਕੇ ਉਨ੍ਹਾਂ ਸੁਸਾਇਟੀ ਦੇ ਪ੍ਰਧਾਨ ਦਲਜੀਤ ਸਿੰਘ, ਸਕੱਤਰ ਰਾਜਨ ਗੁਪਤਾ, ਅਸ਼ੋਕ ਕੁਮਾਰ ਆਦਿ ਹਾਜ਼ਰ ਸਨ।

# ਖੇਤਾਂ 'ਚੋਂ ਮਿਲੀ ਅਣਪਛਾਤੀ ਲਾਸ਼

**ਗੁਰਾਇਆ (ਬਿੰਦਰ ਸੁੰਮਨ)**--ਇੱਥੇ ਸ਼ਮਸ਼ਾਨ ਘਾਟ ਨੇੜਿਓਂ ਖੇਤਾਂ ਵਿੱਚੋਂ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ ਹੈ। ਮਿਲੀ ਜਾਣਕਾਰੀ ਮੁਤਾਬਿਕ ਖੇਤ ਮਾਲਕ ਦੁਪਹਿਰ ਸਮੇਂ ਖੇਤਾਂ ਵਿੱਚੋਂ ਚਾਰਾ ਲੈਣ ਗਿਆ ਤਾਂ ਉਸ ਦੇਖਿਆ ਕਿ ਖੇਤਾਂ ਵਿੱਚੋਂ ਬਦਬੂ ਆ ਰਹੀ ਹੈ।

ਜਦੋਂ ਉਸ ਦੇਖਿਆ ਤਾਂ ਖੇਤਾਂ ਵਿਚ ਲਾਸ਼ ਪਈ ਸੀ। ਪੁਲਸ ਨੂੰ ਸੂਚਿਤ ਕੀਤਾ ਤਾਂ ਰਕੇਸ਼ ਕੁਮਾਰ ਐਸ ਐਚ ਓ ਪੁਲਸ ਪਾਰਟੀ ਸਮੇਤ ਪੁੱਜੇ। ਲਾਸ਼ ਦੀ ਸ਼ਨਾਖ਼ਤ ਨਹੀਂ ਹੋ ਸਕੀ। ਲਾਸ਼ ਬੁਰੀ ਤਰ੍ਹਾਂ ਗਲੀ ਸੜੀ ਹੋਈ ਸੀ। ਪੁਲਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਸ਼ਨਾਖ਼ਤ ਲਈ ਸਿਵਲ ਹਸਪਤਾਲ ਫਿਲੌਰ ਵਿਖੇ 72 ਘੰਟੇ ਲਈ ਰੱਖ ਦਿੱਤਾ ਗਿਆ ਹੈ।

# 70ਵੇਂ ਜੋੜ ਮੇਲੇ ਮੌਕੇ 33ਵਾਂ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਭਾਮ ਵਿਖੇ ਮਾਂ ਭਾਮੇਸਵਰੀ ਦੇ ਸਾਲਾਨਾ 70ਵੇਂ ਜੋੜ ਮੇਲੇ ਮੌਕੇ 33ਵਾਂ ਵਿਸ਼ਾਲ ਖੂਨਦਾਨ ਲਗਾਇਆ ਗਿਆ।ਇਸ ਮੌਕੇ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਸੰਸਥਾ ਅਜਨੋਹਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ, ਸਿੰਘ ਸਾਹਿਬ ਜਥੇਦਾਰ ਗਿਆਨੀ ਗੁਰਦਿਆਲ ਸਿੰਘ ਅਜਨੋਹਾ ਜੱਦੀ ਪਿੰਡ ਅਜਨੋਹਾ ਅਤੇ ਸੰਤ ਬਾਬਾ ਨਿਧਾਨ ਸਿੰਘ ਹਜ਼ੂਰ ਸਾਹਿਬ ਵਾਲੇ ਜੱਦੀ ਪਿੰਡ ਨਡਾਲੋਂ ਇਹਨਾਂ ਮਹਾਂਪੁਰਖਾਂ ਦੇ ਇਲਾਕੇ ਵਿੱਚ ਸੰਸਥਾ 2018 ਤੋਂ ਸਮਾਜਿਕ ਸੇਵਾਵਾਂ ਨਿਭਾ ਰਹੀ ਹੈ।ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦਸਿਆ ਕਿ ਸੰਸਥਾ ਵੱਲੋਂ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਨਰੂੜ ਦੇ ਸਹਿਯੋਗ ਨਾਲ ਜੈ ਮਾਂ ਭਾਮੇਸ਼ਵਰੀ ਦੇ ਸਾਲਾਨਾ ਮੇਲੇ 'ਤੇ ਪਿੰਡ ਭਾਮ (ਹੁਸ਼ਿ:) ਪ੍ਰਬੰਧਕ ਕਮੇਟੀ ਅਤੇ ਜੈ ਮਾਂ ਭਾਮੇਸ਼ਵਰੀ ਸਮਾਜ ਸੇਵੀ ਕਲੱਬ ਦੀ ਦੇਖ ਰੇਖ ਹੇਠ 33 ਵਾਂ ਖੂਨ ਦਾਨ ਕੈਂਪ




ਸਥਾਨ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਸਿੱਧੂ ਮੁਹੱਲਾ ਭਾਮ ਵਿਖੇ ਲਗਾਇਆ ਗਿਆ। ਬਲੱਡ ਲੈਣ ਲਈ ਆਈ ਐਮ ਏ ਬਲੱਡ ਬੈਂਕ ਦੀ ਟੀਮ ਹੁਸ਼ਿਆਰਪੁਰ ਤੋਂ ਆਈ।ਇਸ ਮੌਕੇ ਸਵੈ ਇਛੁੱਕ 25 ਬੀਬੀਆਂ ਭਾਈਆਂ ਨੇ ਖੂਨਦਾਨ ਕੀਤਾ।ਖੂਨ ਦਾਨ 18 ਸਾਲ ਤੋਂ 60 ਸਾਲ ਦੀ ਉਮਰ ਤੱਕ ਕੋਈ ਵੀ ਤੰਦਰੁਸਤ ਬੀਬੀ ਭਾਈ ਕਰ ਸਕਦੇ ਨੇ।ਇਸ ਮੌਕੇ ਹਾਜ਼ਰ ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਸਰਪੰਚ ਪਰਮਿੰਦਰ ਸਿੰਘ, ਸੁਰਜੀਤ ਸਿੰਘ, ਦਲਜੀਤ ਸਿੰਘ ਠੱਕਰਵਾਲ, ਹਰਮਨ ਸਿੰਘ ਖਾਲਸਾ ਨਡਾਲੋਂ, ਗੁਰਪ੍ਰੀਤ ਸਿੰਘ ਗੁਗਲੀ ਖਾਲਸਾ ਅਜਨੋਹਾ, ਦਰਬਾਰਾ ਸਿੰਘ, ਮਨਪ੍ਰੀਤ ਸਿੰਘ, ਸੁਮੀਤ ਪਾਲ ਸਿੰਘ, ਸੋਨੂ ਸਿੱਧੂ, ਗੁਰਵਿੰਦਰ ਸਿੰਘ ਖਾਲਸਾ, ਅਸਾਕ ਮੁਹੰਮਦ, ਜੀਤ ਰਾਮ, ਕੁਲਦੀਪ ਸਿੰਘ, ਹਰਜਿੰਦਰ ਸਿੰਘ, ਮਹਿੰਦਰ ਸਿੰਘ, ਕੁਲਵੀਰ ਸਿੰਘ, ਬਿਕਰ ਸਿੰਘ, ਸਵੀ ਕੁਮਾਰ, ਸਰਬਜੀਤ ਸਿੰਘ, ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ।

# ਧਾਰਮਿਕ ਪ੍ਰੀਖਿਆ 'ਚ ਕਰਵਾਈ



**ਭੋਗਪੁਰ (ਕੁਲਬੀਰ ਕਾਹਲੋਂ)** ਐੱਸ ਜੀ ਟੀ ਬੀ ਪਬਲਿਕ ਸਕੂਲ ਸਨੌਰਾ ਦੇ ਪ੍ਰਿੰਸੀਪਲ ਨਵਦੀਪ ਕੌਰ ਘੁੰਮਣ ਨੇ ਦੱਸਿਆ ਕਿ ਗੁਰਪੁਰਬ ਦੇ ਸੰਬੰਧ ਗੁਰਦੁਆਰਾ ਬੀਬਿਆਂ ਟਾਂਡਾ ਵਿਖੇ ਧਾਰਮਿਕ ਪ੍ਰੀਖਿਆ ਕਰਵਾਈ ਗਈ।ਜਿਸ ਵਿਚ ਐੱਸ ਜੀ ਟੀ ਬੀ ਪਬਲਿਕ ਸਕੂਲ ਸਨੌਰਾ ਦੇ ਵਿਦਿਆਰਥੀਆ ਨੇ ਅਲੱਗ ਅਲੱਗ ਉਮਰ ਵਰਗ ਵਿਚ ਇਨਾਮ ਜਿੱਤ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ।ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆ ਸਕੂਲ ਦੇ ਐਕਟੀਵਿਟੀ ਇੰਚਾਰਜ ਦਿਲਜੋਤ ਕੌਰ ਸੰਧੂ ਨੇ ਦੱਸਿਆ ਪਹਿਲੇ ਗਰੁੱਪ ਵਿਚ ਸਕੂਲ ਦੇ ਵਿਦਿਆਰਥੀ ਤਮਨਦੀਪ ਸਿੰਘ ਨੇ ਪਹਿਲਾ, ਏਕਮਜੋਤ ਨੇ ਦੂਸਰਾ ਅਤੇ ਜਸਜੀਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਇਸੇ ਤਰ੍ਹਾਂ ਤੀਸਰੇ ਗਰੁੱਪ ਵਿਚ ਗੁਰਲੀਨ ਕੌਰ ਨੇ ਪਹਿਲਾਂ, ਸਾਨੀਆ ਵਿਰਦੀ ਨੇ ਦੂਸਰਾ, ਰਾਜਵੀਰ ਕੌਰ ਅਤੇ ਜੈਸਮੀਨ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਵਿਦਿਆਰਥੀਆਂ ਦੀ ਇਸ ਵਿਸ਼ੇਸ਼ ਪ੍ਰਾਪਤੀ 'ਤੇ ਸਕੂਲ ਦੇ ਚੇਅਰਮੈਨ ਸੁਖਜਿੰਦਰ ਸਿੰਘ ਅਤੇ ਪ੍ਰਿੰਸੀਪਲ ਨਵਦੀਪ ਕੌਰ ਘੁੰਮਣ ਨੇ ਸਾਰੇ ਵਿਦਿਰਥੀਆਂ ਅਤੇ ਉਹਨਾਂ ਨੂੰ ਤਿਆਰੀ ਕਰਵਾਉਣ ਵਾਲੇ ਮੈਡਮ ਸੁਖਵਿੰਦਰ ਕੌਰ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿਚ ਵੀ ਇਸੇ ਤਰ੍ਹਾਂ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੇ ਚੇਅਰਮੈਨ ਸੁਖਜਿੰਦਰ ਸਿੰਘ, ਪ੍ਰਿੰਸੀਪਲ ਨਵਦੀਪ ਕੌਰ ਘੁੰਮਣ, ਦਿਲਜੋਤ ਕੌਰ ਸੰਧੂ, ਮੈਡਮ ਸੁਖਵਿੰਦਰ ਕੌਰ, ਮੈਡਮ ਖਿਮਾ, ਡੀ.ਪੀ.ਈ ਰਮਨਪ੍ਰੀਤ ਸਿੰਘ, ਜਸਜੋਤ ਸਿੰਘ, ਮੈਡਮ ਰਵਨੀਤ ਕੌਰ, ਮੈਡਮ ਸਤਵਿੰਦਰ ਕੌਰ ਅਤੇ ਮੈਡਮ ਜਸਪ੍ਰੀਤ ਕੌਰ ਆਦਿ ਹਾਜਰ ਸਨ।

# ਬਾਬਾ ਬੁੱਢਾ ਪਬਲਿਕ ਸਕੂਲ 'ਚ ਸਫਲਤਾ-ਪੂਰਵਕ ਸੰਪੰਨ ਹੋਈਆਂ ਬਲਾਕ ਟਾਂਡਾ 2 ਦੀਆਂ ਜ਼ੋਨਲ ਖੇਡਾਂ



**ਅੱਡਾ ਸਰਾਂ (ਕਾਜਲ)**- ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੰਧਾਲਾ ਜੱਟਾਂ ਵਿਖੇ ਬਲਾਕ ਟਾਂਡਾ 2 ਦੀਆਂ ਜ਼ੋਨਲ ਖੇਡਾਂ ਸਫਲਤਾਪੂਰਵਕ ਸੰਪੰਨ ਹੋਈਆਂ। ਜ਼ਿਲ੍ਹਾ ਸਿੱਖਿਆ ਅਫਸਰ, ਜ਼ਿਲ੍ਹਾ ਉਪ ਸਿੱਖਿਆ ਅਫਸਰ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਸਕੱਤਰ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਪ੍ਰਿੰਸੀਪਲ ਇੰਦਰਜੀਤ ਸਿੰਘ, ਪ੍ਰਧਾਨ ਜ਼ੋਨ ਕਮੇਟੀ ਜਤਿੰਦਰ ਪਾਲ ਸਿੰਘ ਅਤੇ ਸਕੱਤਰ ਜ਼ੋਨ ਟੂਰਨਾਮੈਂਟ ਕਮੇਟੀ ਉਂਕਾਰ ਸਿੰਘ ਧੁੱਗਾ, ਪ੍ਰਿੰਸੀਪਲ ਵਿਸ਼ਾਲ ਵਰਮਾ, ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਪਰਮਿੰਦਰ ਸਿੰਘ, ਕੈਸ਼ੀਅਰ ਹਰਭਜਨ ਸਿੰਘ ਢਿੱਲੋਂ ਅਤੇ ਸੈਕਟਰੀ ਬਿਕਰਮਜੀਤ ਸਿੰਘ ਲਾਲੀ ਦੀ ਦੇਖ-ਰੇਖ ਵਿਚ ਕਰਵਾਏ ਗਏ ਇਸ ਟੂਰਨਾਮੈਂਟ ਵਿਚ ਫਸਵੇਂ ਮੁਕਾਬਲੇ ਵੇਖਣ ਨੂੰ ਮਿਲੇ। ਖੇਡਾਂ ਦੇ ਅੰਤਿਮ ਦਿਨ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਜਗਜੀਤ ਸਿੰਘ ਨੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ। ਅੰਤਿਮ ਦਿਨ ਹੋਏ ਮੁਕਾਬਲਿਆਂ ਦੇ ਨਤੀਜੇ : ਅੰਡਰ 17 ਸਾਲ ਲੜਕੇ ਬਾਸਕਿਟਬਾਲ ਮੁਕਾਬਲਿਆਂ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅੰਬਾਲਾ ਜੱਟਾਂ ਦੀ ਟੀਮ ਜੇਤੂ ਰਹੀ । ਕੰਧਾਲਾ ਸ਼ੇਖ਼ਾਂ ਦੂਜੇ ਅਤੇ ਮੁਰਾਦਪੁਰ ਨਰੀਆਲ ਦੀ ਟੀਮ ਤੀਜੇ ਸਥਾਨ 'ਤੇ ਰਹੀ । ਅੰਡਰ 14 ਸਾਲ ਵਰਗ ਵਿਚ ਕੰਧਾਲਾ ਸ਼ੇਖ਼ਾਂ ਪਹਿਲੇ, ਬਾਬਾ ਬੁੱਢਾ ਪਬਲਿਕ ਸਕੂਲ ਕੰਧਾਲਾ ਜੱਟਾਂ ਦੂਜੇ ਸਥਾਨ 'ਤੇ ਰਿਹਾ । ਅੰਡਰ 19 ਸਾਲ ਵਰਗ ਵਿਚ ਗੁਰੂ ਨਾਨਕ ਮਿਸ਼ਨ ਸਕੂਲ ਝਾਂਵਾਂ ਪਹਿਲੇ, ਕੰਧਾਲਾ ਸ਼ੇਖ਼ਾਂ ਦੂਜੇ ਅਤੇ ਵਿਕਟੋਰੀਆ ਸਕੂਲ ਦੀ ਟੀਮ ਤੀਜੇ ਸਥਾਨ 'ਤੇ ਰਹੀ। ਵਾਲੀਬਾਲ ਅੰਡਰ 14 ਸਾਲ ਵਰਗ ਲੜਕਿਆਂ ਵਿਚ ਜੌੜਾ ਬਗਿਆੜੀ ਪਹਿਲੇ, ਕੰਧਾਲਾ ਜੱਟਾਂ ਦੂਜੇ ਅਤੇ ਬੀ.ਐੱਨ.ਡੀ.ਸਕੂਲ ਤੀਜੇ ਸਥਾਨ 'ਤੇ ਰਿਹਾ। ਅੰਡਰ 17 ਸਾਲ ਵਰਗ ਵਿਚ ਜੌੜਾ ਬਗਿਆੜੀ ਪਹਿਲੇ, ਬੁੱਢੀਪਿੰਡ ਦੂਜੇ ਅਤੇ ਬੀ.ਐੱਨ.ਡੀ.ਸਕੂਲ ਤੀਜੇ ਸਥਾਨ 'ਤੇ ਰਿਹਾ। ਅੰਡਰ 19 ਸਾਲ ਵਰਗ ਵਿਚ ਬੀਰਮਪੁਰ ਪਹਿਲੇ, ਬਾਬਾ ਬੁੱਢਾ ਸਕੂਲ ਦੂਜੇ ਅਤੇ ਬੀ.ਐੱਨ.ਡੀ.ਸਕੂਲ ਤੀਜੇ ਸਥਾਨ 'ਤੇ ਰਿਹਾ। ਕਬੱਡੀ ਨੈਸ਼ਨਲ ਸਟਾਈਲ ਅੰਡਰ 19 ਸਾਲ ਵਰਗ ਵਿਚ ਗੁਰੂ ਨਾਨਕ ਮਿਸ਼ਨ ਸਕੂਲ ਪਹਿਲੇ, ਧੁੱਗਾ ਕਲਾਂ ਦੂਜੇ ਅਤੇ ਬੀਰਮਪੁਰ ਦੀ ਟੀਮ ਤੀਜੇ ਸਥਾਨ 'ਤੇ ਰਹੀ। ਚੈੱਸ ਅੰਡਰ 17 ਲੜਕੀਆਂ ਦੇ ਵਰਗ ਵਿਚ ਵਿਕਟੋਰੀਆ ਸਕੂਲ ਟਾਂਡਾ ਪਹਿਲੇ, ਕੰਧਾਲਾ ਜੱਟਾਂ ਦੂਜੇ ਅਤੇ ਸਰ ਮਾਰਸ਼ਲ ਸਕੂਲ ਨੈਨੋਵਾਲ ਵੈਦ ਦੀ ਟੀਮ ਤੀਜੇ ਸਥਾਨ 'ਤੇ ਰਹੀ। ਅੰਡਰ 19 ਸਾਲ ਵਰਗ ਵਿਚ ਕੰਧਾਲਾ ਜੱਟਾਂ ਪਹਿਲੇ, ਬਾਬਾ ਬੁੱਢਾ ਸਕੂਲ ਦੂਜੇ ਅਤੇ ਰਾਜਪੁਰ ਗਾਹੋਤ ਤੀਜੇ ਸਥਾਨ 'ਤੇ ਰਿਹਾ। ਇਸ ਮੌਕੇ ਲੈਕਚਰਾਰ ਸਰਬਜੀਤ ਕੌਰ, ਕੁਲਵਿੰਦਰ ਕੌਰ, ਡਾ. ਕੁਲਦੀਪ ਸਿੰਘ ਮਿਨਹਾਸ, ਹਰਚਰਨ ਸਿੰਘ, ਜਸਵਿੰਦਰ ਸਿੰਘ, ਬਲਵੀਰ ਸਿੰਘ, ਜਸਪਿੰਦਰ ਸਿੰਘ, ਰਾਮਚਰਨ, ਮਲਕੀਤ ਸਿੰਘ, ਅਵਤਾਰ ਸਿੰਘ, ਸੁਮਨਦੀਪ ਕੌਰ, ਪਰਮਜੀਤ ਕੌਰ, ਊਸ਼ਾ ਦੇਵੀ, ਗੁਰਪ੍ਰੀਤ ਕੌਰ, ਰਾਮਲਾਲ, ਹਰਦੀਪ ਸਿੰਘ ਹਾਜ਼ਰ ਸਨ।

# ਤੀਆਂ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ



**ਟਾਂਡਾ ਉੜਮੁੜ (ਜਸਵਿੰਦਰ ਸੰਧੂ)**- ਦਸ਼ਮੇਸ਼ ਨਗਰ ਟਾਂਡਾ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਤੀਆਂ ਦਾ ਤਿਉਹਾਰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਔਰਤਾਂ ਅਤੇ ਨੰਨੀਆਂ ਮੁਨੀਆਂ ਬੱਚੀਆਂ ਵੱਲੋਂ ਪੰਜਾਬੀ ਸੱਭਿਆਚਾਰ ਰੰਗਾਂ-ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ।ਇਸ ਮੌਕੇ ਮੀਨਾ ਕੁਮਾਰੀ, ਰਵਿੰਦਰ ਕੌਰ, ਚਰਨਜੀਤ ਕੌਰ ਅਤੇ ਮਨਜੀਤ ਕੌਰ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ।ਉਹਨਾਂ ਬੱਚਿਆਂ ਦੇ ਹੁਨਰ ਦੀ ਸ਼ਲਾਘਾ ਕੀਤੀ ਅਤੇ ਉਹਨਾਂ ਨੂੰ ਪੜ੍ਹ ਲਿਖ ਕੇ ਜ਼ਿੰਦਗੀ ਵਿੱਚ ਉੱਚੇ ਮੁਕਾਮ ਹਾਸਲ ਕਰਨ ਦੀ ਗੱਲ ਵੀ ਆਖੀ।ਔਰਤਾਂ ਤੇ ਬੱਚਿਆਂ ਨੇ ਆਪਣੇ ਅਮੀਰ ਸੱਭਿਆਚਾਰ ਅਤੇ ਵਿਰਸੇ ਨਾਲ ਜੋੜੀ ਰੱਖਣ ਲਈ ਸੁਹਾਗ, ਘੋੜੀਆਂ, ਲੋਕ ਗੀਤ, ਲੋਕ ਨਾਚ, ਭਾਸ਼ਣ ਮੁਕਾਬਲੇ ਅਤੇ ਕਵਿਤਾ ਉਚਾਰਨ ਮੁਕਾਬਲਿਆਂ ਤੋਂ ਇਲਾਵਾ ਮਹਿੰਦੀ ਮੁਕਾਬਲੇ ਅਤੇ ਕਿਕਲੀ ਪਾ ਕੇ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ।ਇਸ ਮੌਕੇ ਕੋਮਲ, ਨੀਲਮ ਜੋਤ, ਦਿਲਜੀਤ ਕੌਰ, ਲੱਖੀ, ਸੁੱਖੀ, ਮਾਨਵੀ, ਆਰਤੀ, ਪਲਵੀ, ਮਨਮੀਤ, ਹਰਲੀਨ, ਹਰਨੂਰ, ਅਨੁਕਸ਼ਾ, ਵੰਸੀਕਾ, ਗੁਰਲੀਨ, ਖੁਸ਼ੀ, ਜਸਵੀਰ ਅਤੇ ਮਨੀ ਆਦੀ ਹਾਜ਼ਰ ਸਨ।

# ਏ ਜੀ ਆਈ ਫ਼ਿਜ਼ੀਕਲ ਫਿਟਨੈਸ ਚੈਂਪੀਅਨਸ਼ਿਪ 'ਚੋਂ ਔਰਤਾਂ ਦਾ ਦਬਦਬਾ



**ਜਲੰਧਰ (ਰਾਜੇਸ਼ ਥਾਪਾ)**-ਗੋਲਡ ਜਿਮ ਜਲੰਧਰ ਹਾਈਟਸ 1 66 ਫੁੱਟ ਰੋਡ ਜਲੰਧਰ ਵਿਖੇ ਚੱਲ ਰਹੀ ਏ ਜੀ ਆਈ ਫਿਜ਼ੀਕਲ ਫਿਟਨੈਸ ਚੈਂਪੀਅਨਸ਼ਿਪ ਦੇ ਚੌਥੇ ਦਿਨ ਹਰਪ੍ਰੀਤ ਕੌਰ, ਰਾਜਵਿੰਦਰ ਕੌਰ, ਰਜਿੰਦਰ ਕੌਰ ਅਤੇ ਬਲਜਿੰਦਰ ਕੌਰ ਨੇ ਦਬਦਬਾ ਬਣਾਇਆ।ਚੈਂਪੀਅਨਸ਼ਿਪ ਵਿੱਚ ਵੱਡੀ ਗਿਣਤੀ ਵਿੱਚ ਮਹਿਲਾ ਖਿਡਾਰਨਾਂ ਨੇ ਸਾਰੇ ਉਮਰ ਵਰਗਾਂ ਅਤੇ ਸਾਰੇ ਵੀਹ ਮੁਕਾਬਲਿਆਂ ਵਿੱਚ ਭਾਗ ਲਿਆ।ਅੱਜ ਖੇਡੇ ਗਏ ਤਿੰਨ ਈਵੈਂਟਸ ਲੈਗ ਪ੍ਰੈੱਸ, ਪਲੈਂਕਸ ਅਤੇ ਡੇਡ ਲਿਫਟ, ਲੈੱਗ ਪ੍ਰੈਸ 40 ਸਾਲ ਤੋਂ ਘੱਟ ਮਰਦ ਅਤੇ ਔਰਤਾਂ ਪੁਨੀਤ ਜੱਬਲ 77, ਨਵੀਨ 50, ਪਰਮਿੰਦਰ ਸਿੰਘ 57. (ਔਰਤ) ਰਾਜਵਿੰਦਰ ਕੌਰ 86, ਰਾਜਿੰਦਰ ਕੌਰ 100, 50 ਸਾਲ ਤੋਂ ਘੱਟ ਪੁਰਸ਼ ਅਤੇ ਔਰਤਾਂ ਗੁਰਿੰਦਰ ਰਿੰਪੀ 84, ਰਮਨਜੀਤ ਕਾਲੜਾ 102, ਸਤਿੰਦਰ ਸਿੰਘ ਵਿਰਕ 72, ਅਭਿਨਵ 35, ਡਾ. (ਇਸਤਰੀ) ਸ਼ਾਲਿਨੀ 69, ਗੌਰੀ ਕਾਲੜਾ 77, ਬਲਜਿੰਦਰ ਕੌਰ 83, ਹਰਪ੍ਰੀਤ ਕੌਰ 85, 60 ਸਾਲ ਤੋਂ ਘੱਟ ਸੰਜੀਵ ਅਰੋੜਾ 70, ਪਲੈਂਕਸ 40 ਸਾਲ ਤੋਂ ਘੱਟ ਮਰਦ ਅਤੇ ਔਰਤਾਂ ਪੁਨੀਤ ਜੱਬਲ 3:31, ਡੈਨਿਸ਼ 2:09, ਨਵੀਨ 3:17, (ਔਰਤ) ਪਰੀ 6:02, ਰਾਜਿੰਦਰ ਕੌਰ 5:45, ਰਾਜਵਿੰਦਰ ਕੌਰ 3:04, 50 ਸਾਲ ਤੋਂ ਘੱਟ ਮਰਦ ਅਤੇ ਔਰਤਾਂ ਡਾ. ਅਭਿਨਵ 2:35, ਗੁਰਵਿੰਦਰ ਰਿੰਪੀ 3:42, ਸਤਿੰਦਰ ਵਿਰਕ 4:01, (ਮਹਿਲਾ) ਸ਼ਾਲਿਨੀ 5:23, ਈਸ਼ਾ 2:59, ਹਰਪ੍ਰੀਤ ਵਿਰਕ 5:01, 60 ਸਾਲ ਤੋਂ ਘੱਟ ਮਰਦ ਅਤੇ ਔਰਤਾਂ ਸੰਜੀਵ ਅਰੋੜਾ 4:09, ਕਮਲੇਸ਼ 1:09, ਸੁਨੀਤਾ ਮਹੇ 1:40, ਡੈੱਡ ਲਿਫਟ 20 ਸਾਲ ਤੋਂ ਘੱਟ ਲੜਕੀਆਂ ਦੀਵਾਨਾ ਸ਼ਰਮਾ 33, 40 ਸਾਲ ਤੋਂ ਘੱਟ ਇਸਤਰੀ ਰਜਿੰਦਰ ਕੌਰ 49, ਰਾਜਵਿੰਦਰ ਕੌਰ 21, 50 ਸਾਲ ਤੋਂ ਘੱਟ ਪੁਰਸ਼ ਅਤੇ ਔਰਤਾਂ ਸਤਿੰਦਰ ਸਿੰਘ ਵਿਰਕ 56, (ਇਸਤਰੀ) ਸ਼ਾਲਿਨੀ 33, ਬਲਜਿੰਦਰ ਕੌਰ 50, ਹਰਪ੍ਰੀਤ 48.

# ਨਿੱਝਰਾਂ 'ਚ ਰਾਤਰੀ 3 ਦਿਨਾ ਕੀਰਤਨ ਦਰਬਾਰ ਅੱਜ ਤੋਂ



**ਕਾਲਾ ਸੰਘਿਆਂ (ਮਨਜੀਤ ਮਾਨ)**- ਗੁਰਦੁਆਰਾ ਗੁਰੂ ਨਾਨਕ ਦਰਬਾਰ ਸਾਹਿਬ, ਪੱਤੀ ਆਜ਼ਮਪੁਰ, ਪਿੰਡ ਨਿੱਝਰਾਂ, ਜ਼ਿਲ੍ਹਾ ਜਲੰਧਰ ਵਿਖੇ ਪਹਿਲਾ ਰਾਤਰੀ 3 ਦਿਨਾ ਕੀਰਤਨ ਦਰਬਾਰ ਗੁਰੂ ਮਾਨਿਓ ਗ੍ਰੰਥ ਚੇਤਨਾ ਸਮਾਗਮ ਅਨੁਵਾਨ ਹੇਠ 6 ਅਗਸਤ ਤੋਂ 8 ਅਗਸਤ ਤੱਕ ਸ਼ਾਮ ਸਾਢੇ 7 ਤੋਂ ਰਾਤ 9 ਵਜੇ ਤੱਕ ਕਰਵਾਇਆ ਜਾ ਰਿਹਾ ਹੈ, ਜਿਸ ਦੌਰਾਨ ਪੰਥ ਪ੍ਰਸਿੱਧ ਕੀਰਤਨੀਏ ਬਾਬਾ ਜਤਿੰਦਰ ਸਿੰਘ ਖਾਲਸਾ ਢੱਡਿਆਂ ਵਾਲੇ ਗੁਰਬਾਣੀ ਕੀਰਤਨ ਤੇ ਗੁਰੂ ਜੱਸ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਬਾਬਤ ਜਾਣਕਾਰੀ ਦਿੰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਰਨੈਲ ਸਿੰਘ ਨਿੱਝਰ, ਸੈਕਟਰੀ ਜਥੇਦਾਰ ਗੁਰਦੇਵ ਸਿੰਘ ਨਿੱਝਰ ਤੇ ਕੈਸ਼ੀਅਰ ਮਾਸਟਰ ਸੁਖਜਿੰਦਰ ਸਿੰਘ ਭੁਪਾਲ ਨੇ ਦੱਸਿਆ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਨੂੰ ਬਾਣੀ ਤੇ ਬਾਣੇ ਨਾਲ ਜੋੜਨ ਦੇ ਮਨੋਰਥ ਤਹਿਤ ਇਹ ਗੁਰਮਤਿ ਸਮਾਗਮ ਸਮਾਜ ਸੇਵੀ ਸੰਸਥਾ ਅਕਾਦਮੀ ਆਫ਼ ਪੰਜਾਬੀ ਪੀਪਲਜ਼, ਸਮੂਹ ਐਨ. ਆਰ.ਆਈਜ਼ ਤੇ ਸਾਧ ਸੰਗਤ ਨਿੱਝਰਾਂ ਦੇ ਵਿਸ਼ੇਸ਼ ਸਹਿਯੋਗ ਦੇ ਨਾਲ ਕਰਵਾਇਆ ਜਾ ਰਿਹਾ ਹੈ , ਜਿਸ ਦੀਆਂ ਤਿਆਰੀਆਂ ਬਾਕਾਇਦਾ ਚੱਲ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਗੁਰੂ ਘਰ ਦੇ ਗ੍ਰੰਥੀ ਗਿਆਨੀ ਸ਼ਹਿਬਾਜ਼ ਸਿੰਘ ਵੱਲੋਂ ਤਿੰਨੋਂ ਦਿਨ ਸ਼ਾਮ ਵੇਲੇ ਪਹਿਲਾਂ ਰਹਿਰਾਸ ਸਾਹਿਬ ਦੇ ਪਾਠ ਕੀਤੇ ਜਾਣਗੇ, ਉਪਰੰਤ ਬਾਬਾ ਜਤਿੰਦਰ ਸਿੰਘ ਖਾਲਸਾ ਢੱਡਿਆਂ ਵਾਲਿਆਂ ਦੇ ਜਥੇ ਵੱਲੋਂ ਸ਼ਾਮ ਸਾਢੇ 7 ਵਜੇ ਇਲਾਹੀ ਬਾਣੀ ਦੇ ਕੀਰਤਨ ਤੇ ਕਥਾ ਵਿਚਾਰ ਦਾ ਪ੍ਰਵਾਹ

# ਰੋਟਰੀ ਮਿਡ ਟਾਊਨ ਦੇ ਮੈਂਬਰਾਂ ਨੇ ਗਊਸ਼ਾਲਾ 'ਚ ਬੂਟੇ ਲਗਾਏ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਹੁਸ਼ਿਆਰਪੁਰ, ਰੋਟਰੀ ਮਿਡ ਟਾਊਨ ਵੱਲੋਂ ਗਊਸ਼ਾਲਾ ਵਿਖੇ ਪੌਦੇ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ, ਜਿਸ ਵਿੱਚ ਰੋਟੇਰੀਅਨਾਂ, ਵਲੰਟੀਅਰਾਂ ਅਤੇ ਸਥਾਨਕ ਨਿਵਾਸੀਆਂ ਨੇ ਗਊਸ਼ਾਲਾ ਦੇ ਖੇਤਰ ਵਿੱਚ 500 ਬੂਟੇ ਲਗਾਉਣ ਦਾ ਟੀਚਾ ਰੱਖਿਆ।ਇਸ ਵਿੱਚ ਕਾਰਬਨ ਫੁੱਟਪ੍ਰਿੰਟ ਨੂੰ ਘਟਾਉਣਾ, ਹਵਾ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ, ਜੈਵ ਵਿਭਿੰਨਤਾ ਨੂੰ ਵਧਾਉਣਾ ਆਦਿ ਸ਼ਾਮਲ ਹਨ। ਅਵਤਾਰ ਸਿੰਘ, ਪ੍ਰਧਾਨ, ਰੋਟਰੀ ਮਿਡ ਟਾਊਨ, ਨੇ ਵਾਤਾਵਰਣ ਸੁਰੱਖਿਆ ਵਿੱਚ ਭਾਈਚਾਰੇ ਦੀ ਭਾਗੀਦਾਰੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਹਨਾਂ ਕਿਹਾ ਕਿ ਅਸੀਂ ਆਪਣੇ ਭਾਈਚਾਰੇ ਵਿੱਚ ਇੱਕ ਸਕਾਰਾਤਮਕ ਪ੍ਰਭਾਵ ਪਾਉਣ ਲਈ ਵਚਨਬੱਧ ਹਾਂ, ਅਤੇ ਇਹ ਰੁੱਖ ਲਗਾਉਣ ਦੀ ਮੁਹਿੰਮ ਉਸ ਟੀਚੇ ਨੂੰ ਪ੍ਰਾਪਤ ਕਰਨ ਦੀ ਦਿਸ਼ਾ ਵਿੱਚ ਇੱਕ ਕਦਮ ਹੈ, ਜਿਸ ਵਿੱਚ ਰੋਟੇਰੀਅਨ ਅਤੇ ਵਲੰਟੀਅਰ ਇਕੱਠੇ ਹੋਏ ਸਨ। ਇਸ ਤੋਂ ਬਾਅਦ ਇੱਕ ਵਿਸ਼ਾਲ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਗਈ ਜਿਸ ਵਿੱਚ ਭਾਗ ਲੈਣ ਵਾਲੇ ਬਾਕੀ ਬਚੇ ਬੂਟੇ ਲਗਾ ਕੇ ਗਊਸ਼ਾਲਾ ਖੇਤਰ ਨੂੰ ਸੁੰਦਰ ਅਤੇ ਹਰਿਆ ਭਰਿਆ ਬਣਾਉਣ ਲਈ ਰੋਟਰੀ ਮਿਡ ਟਾਊਨ ਵਲੋਂ ਬੂਟੇ ਲਗਾਏ ਗਏ। ਰੋਟੇਰੀਅਨ ਮਨੋਜ ਓਹਰੀ ਨੇ ਕਿਹਾ ਕਿ ਇਸ ਨਾਲ ਨਾ ਸਿਰਫ ਸਾਡੇ ਇਲਾਕੇ ਦੀ ਸੁੰਦਰਤਾ ਵਧੇਗੀ ਸਗੋਂ ਸਾਨੂੰ ਅਤੇ ਸਾਡੇ ਪਸ਼ੂਆਂ ਨੂੰ ਵੀ ਸਿਹਤਮੰਦ ਵਾਤਾਵਰਣ ਮਿਲੇਗਾ ਰੋਟਰੀ ਮਿਡ ਟਾਊਨ ਦੀ ਰੁੱਖ ਲਗਾਉਣ ਦੀ ਮੁਹਿੰਮ ਵਾਤਾਵਰਣ ਦੀ ਸੰਭਾਲ ਪ੍ਰਤੀ ਸੰਸਥਾ ਦੀ ਵਚਨਬੱਧਤਾ ਦਾ ਸਬੂਤ ਹੈ। ਇਸ ਪਹਿਲਕਦਮੀ ਵਿੱਚ ਕਮਿਊਨਿਟੀ ਨੂੰ ਸ਼ਾਮਲ ਕਰਕੇ, ਉਹਨਾਂ ਦਾ



ਉਦੇਸ਼ ਸੰਭਾਲ ਅਤੇ ਟਿਕਾਊਤਾ ਦੇ ਮਹੱਤਵ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ। ਰੋਟਰੀ ਮਿਡਟਾਊਨ ਦੇ ਯਤਨ ਬਿਨਾਂ ਸ਼ੱਕ ਆਉਣ ਵਾਲੀਆਂ ਪੀੜ੍ਹੀਆਂ ਲਈ ਹਰੇ, ਸਿਹਤਮੰਦ ਅਤੇ ਵਧੇਰੇ ਟਿਕਾਊ ਭਵਿੱਖ ਲਈ ਯੋਗਦਾਨ ਪਾਉਣਗੇ। ਇਸ ਮੌਕੇ ਰੋਟੇਰੀਅਨ ਮਨੋਜ ਓਹਰੀ, ਇੰਦਰਪਾਲ ਸਚਦੇਵਾ, ਗੋਪਾਲ ਕ੍ਰਿਸ਼ਨ ਵਸੁੰਧਰਾ, ਜਸਵੰਤ ਸਿੰਘ ਭੋਗਲ, ਵਿਕਰਮ ਸ਼ਰਮਾ, ਰਾਕੇਸ਼ ਕਪੂਰ, ਰਜਨੀਸ਼ ਕੁਮਾਰ ਗੁਲਿਆਨੀ, ਅਸ਼ੋਕ ਸ਼ਰਮਾ, ਜਤਿੰਦਰ ਕੁਮਾਰ, ਜਤਿੰਦਰ ਦੁੱਗਲ, ਜਗਮੀਤ ਸੇਠੀ, ਏ.ਐਸ. ਅਰਨੇਜਾ, ਐਚ.ਐਸ. ਓਬਰਾਏ, ਜੋਗਿੰਦਰ ਸਿੰਘ, ਪਰਵੀਨ ਪਲਿਆਲ, ਰਣਜੀਤ ਸਿੰਘ ਅਤੇ ਕਲੱਬ ਦੇ ਪਰਵਾਰਕ ਮੈਂਬਰ ਹਾਜ਼ਰ ਸਨ।

# ਹੈਰੋਇਨ ਸਮੇਤ ਔਰਤ ਕਾਬੂ

**ਬੰਗਾ (ਅਵਤਾਰ ਕਲੇਰ)** ਥਾਣਾ ਸਿਟੀ ਬੰਗਾ ਦੀ ਪੁਲਸ ਵੱਲੋਂ 5 ਗ੍ਰਾਮ ਹੈਰੋਇਨ ਸਮੇਤ ਇਕ ਔਰਤ ਨੂੰ ਕਾਬੂ ਕੀਤਾ।ਇਸ ਮਾਮਲੇ ਦੀ ਜਾਣਕਾਰੀ ਦਿੰਦੇ ਥਾਣਾ ਸਿਟੀ ਬੰਗਾ ਦੇ ਏ. ਐੱਸ ਆਈ ਰਾਮ ਲਾਲ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਪਿੰਡ ਖਮਾਚੋਂ ਸਾਈਡ ਨੂੰ ਜਾ ਰਹੇ ਸਨ।ਇਸ ਦੌਰਾਨ ਪਿੰਡ ਜੀਂਦੋਵਾਲ ਵੱਲ ਜਾਂਦੀ ਪੱਕੀ ਗਲੀ 'ਚ ਇਕ ਔਰਤ ਮੁੱਖ ਸੜਕ ਵੱਲ ਆਉਂਦੀ ਵਿਖਾਈ ਦਿੱਤੀ, ਜੋ ਪੁਲਸ ਪਾਰਟੀ ਦੀ ਗੱਡੀ ਨੂੰ ਵੇਖ ਘਬਰਾ ਗਈ। ਜਦੋਂ ਉਸ ਵੱਲੋਂ ਸੁੱਟੇ ਗਏ ਲਫਾਫੇ ਦੀ ਜਾਂਚ ਕੀਤੀ ਤਾਂ ਉਸ ਵਿੱਚੋਂ 05 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ।ਉਸ ਨੇ ਆਪਣਾ ਨਾਂਅ ਸੰਦੀਪ ਕੌਰ ਪਤਨੀ ਤਰਲੋਚਨ ਸਿੰਘ ਨਿਵਾਸੀ ਜੱਲੋਵਾਲ ਕਾਲੋਨੀ ਜਲੰਧਰ ਹਾਲ ਨਿਵਾਸੀ ਪਿੰਡ ਮੋਰਾਂਵਾਲੀ ਥਾਣਾ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵੱਜੋਂ ਹੋਈ।ਪੁਲਸ ਨੇ ਔਰਤ ਨੂੰ ਗ੍ਰਿਫਤਾਰ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਦਲਵੀਰ ਕੌਰ ਮੈਮੋਰੀਅਲ ਚੈਰੀਟੇਬਲ ਸਿਲਾਈ ਸੈਂਟਰ ਦੀਆਂ ਵਿਦਿਆਰਥਣਾਂ ਨੂੰ ਸਰਟੀਫਿਕੇਟ ਦਿੱਤੇ



**ਕਰਤਾਰਪੁਰ (ਹਰਮੇਸ਼ ਦੱਤ)**-ਫਰੀਡਮ ਫਾਈਟਰ ਐਸ.ਕੇ.ਐਸ. ਵੈਲਫੇਅਰ ਸੁਸਾਇਟੀ ਰਜਿਸਟਰਡ ਕਰਤਾਰਪੁਰ ਦੁਆਰਾ ਚਲਾਏ ਜਾ ਰਹੇ ਦਲਵੀਰ ਕੌਰ ਮੈਮੋਰੀਅਲ ਚੈਰੀਟੇਬਲ ਸਿਲਾਈ ਸੈਂਟਰ ਕਰਤਾਰਪੁਰ ਵੱਲੋਂ ਸਿਲਾਈ ਸੈਂਟਰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਕਾਲਗੜ੍ਹ ਸਾਹਿਬ ਵਿਖੇ ਤੀਜੇ ਬੈਚ ਦੇ ਸੰਪੂਰਨ ਹੋਣ 'ਤੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇਣ ਦਾ ਪ੍ਰੋਗਰਾਮ ਕਰਵਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ, ਉਪਰੰਤ ਭਾਈ ਸੁਖਬੀਰ ਸਿੰਘ ਕਰਤਾਰਪੁਰ ਵਾਲਿਆਂ ਨੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਮੁੱਖ ਮਹਿਮਾਨ ਆਪ ਚੈਰੀਟੇਬਲ ਹਸਪਤਾਲ ਦੀ ਸਕੱਤਰ ਮੈਡਮ ਸੁਮਨ ਲਤਾ ਕਲੂਣ ਸਨ।ਉਨ੍ਹਾਂ ਸੈਂਟਰ ਦੀਆਂ ਵਿਦਿਆਰਥਣਾਂ ਨੂੰ ਸਰਟੀਫਿਕੇਟ ਦਿੱਤੇ। ਮੁੱਖ ਮਹਿਮਾਨ ਸੁਮਨ ਲਤਾ ਕਲੂਣ ਨੇ ਕਿਹਾ ਕਿ ਦਲਵੀਰ ਕੌਰ ਮੈਮੋਰੀਅਲ ਚੈਰੀਟੇਬਲ ਸਿਲਾਈ ਸੈਂਟਰ ਵੱਲੋਂ ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਕੀਤੇ ਜਾ ਰਹੇ ਉਪਰਾਲੇ ਬਹੁਤ ਹੀ ਸ਼ਲਾਘਾਯੋਗ ਹਨ ਅਤੇ ਸੈਂਟਰ ਵਿੱਚ ਲੜਕੀਆਂ ਨੂੰ ਮੈਮੋਰੀਅਲ ਵੱਲੋਂ ਮੁਫ਼ਤ ਸਿਲਾਈ ਸਿਖਾਈ ਜਾ ਰਹੀ ਹੈ। ਇਸ ਮੌਕੇ ਭਾਈ ਹਰਵਿੰਦਰ ਸਿੰਘ ਵੀਰ, ਪੰਡਿਤ ਰਾਜ ਕੁਮਾਰ ਕੌਸ਼ਲ, ਮਾਸਟਰ ਅਮਰੀਕ ਸਿੰਘ, ਮਾਸਟਰ ਜਸਪਾਲ ਸਿੰਘ, ਲਖਬੀਰ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਮੁੱਖ ਮਹਿਮਾਨ ਮੈਡਮ ਸੁਮਨ ਲਤਾ ਕਲੂਣ ਸਮੇਤ ਪ੍ਰਸਿੱਧ ਕਵੀਸ਼ਰ ਭਾਈ ਹਰਵਿੰਦਰ ਸਿੰਘ ਵੀਰ ਅਤੇ ਨੇਕੀ ਦੀ ਦੁਕਾਨ ਕਰਤਾਰਪੁਰ ਦੇ ਹੈੱਡਮਾਸਟਰ ਅਮਰੀਕ ਸਿੰਘ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸਿਲਾਈ ਸੈਂਟਰ ਦੇ ਮੁਖੀ ਸੁਰਜੀਤ ਸਿੰਘ ਨੇ ਦੱਸਿਆ ਕਿ ਸਿਲਾਈ ਸੈਂਟਰ ਵਿੱਚ ਲੜਕੀਆਂ ਨੂੰ ਮੁਫ਼ਤ ਸਿਲਾਈ ਸਿਖਾਈ ਜਾ ਰਹੀ ਹੈ ਤਾਂ ਜੋ ਉਹ ਆਪਣੇ ਪੈਰਾਂ 'ਤੇ ਖੜ੍ਹੀਆਂ ਹੋ ਕੇ ਆਪਣੇ ਕੰਮ ਆਪਣੇ ਦਮ 'ਤੇ ਕਰ ਸਕਣ ਅਤੇ ਤੀਜਾ ਬੈਚ ਸਮਾਪਤ ਹੋ ਗਿਆ ਹੈ ਅਤੇ ਵਿਦਿਆਰਥੀਆਂ ਨੂੰ ਪੜ੍ਹਾਇਆ ਜਾ ਰਿਹਾ ਹੈ, ਜਿਸ ਤਹਿਤ ਚੌਥੇ ਬੈਚ ਦੀ ਅਰਦਾਸ ਕੀਤੀ ਜਾ ਰਹੀ ਹੈ ਅਤੇ ਤੀਜੇ ਬੈਚ ਦੀਆਂ ਵਿਦਿਆਰਥਣਾਂ ਨੂੰ ਸਰਟੀਫਿਕੇਟ ਦਿੱਤੇ ਗਏ ਹਨ।ਪ੍ਰਧਾਨ ਸੁਰਜੀਤ ਸਿੰਘ ਨੇ ਪ੍ਰੋਗਰਾਮ ਵਿੱਚ ਸਹਿਯੋਗ ਦੇਣ ਵਾਲੇ ਸਮੂਹ ਸ਼ਹਿਰ ਵਾਸੀਆਂ ਅਤੇ ਆਏ ਹੋਏ ਪਤਵੰਤਿਆਂ ਦਾ ਧੰਨਵਾਦ ਕੀਤਾ ਅਮਰਜੀਤ ਸਿੰਘ, ਤਰਨਜੀਤ ਸਿੰਘ, ਸੁਰਜੀਤ ਸਿੰਘ ਲਿੱਲੀ, ਜੋਗਿੰਦਰ ਸਿੰਘ, ਸੁਖਬੀਰ ਸਿੰਘ, ਬਾਬਾ ਗੁਰਦੇਵ ਸਿੰਘ, ਸੁਖਦੇਵ ਸਿੰਘ ਮੱਕੜ, ਸੰਨੀ ਸਿੰਘ, ਪਰਮਜੀਤ ਸਿੰਘ, ਹਰਵਿੰਦਰ ਸਿੰਘ, ਪੰਡਤ ਰਾਜ ਕੁਮਾਰ ਕੌਸ਼ਲ, ਰਾਜੂ ਅਰੋੜਾ, ਨਰਿੰਦਰ ਪਾਲ, ਲਖਬੀਰ ਸਿੰਘ, ਬ੍ਰਿਜਮੋਹਨ, ਸ. ਨਵਜੋਤ ਨਾਗਪਾਲ, ਹਰੀ ਸਿੰਘ ਮਠਾੜੂ, ਸਤਨਾਮ ਲੁਹਾਰ, ਸੋਢੀ ਸਿੰਘ, ਪ੍ਰਿੰਸੀਪਲ ਮੈਡਮ ਰਜਨੀ ਲਾਂਬਾ ਮਲਹੋਤਰਾ, ਕੌਂਸਲਰ ਮਨਜਿੰਦਰ ਕੌਰ, ਸੁਰਿੰਦਰ ਆਨੰਦ, ਲੱਕੀ ਅਟਵਾਲ, ਰਾਜਾ ਮੱਟੂ, ਅਮਨਦੀਪ ਸਿੰਘ, ਬਲਵਿੰਦਰ ਸਿੰਘ, ਭੁਪਿੰਦਰ ਸਿੰਘ, ਗੁਰਦੇਵ ਸਿੰਘ, ਸਵਰਨ ਸਿੰਘ, ਜਗਦੀਪ ਸਿੰਘ , ਬਲਪ੍ਰੀਤ ਸਿੰਘ, ਪਰਬਜੋਤ ਸਿੰਘ, ਮਾਸਟਰ ਅਮਰੀਕ ਸਿੰਘ, ਬਾਬਾ ਗੁਰਦੇਵ ਸਿੰਘ, ਮਾਸਟਰ ਜਸਪਾਲ ਸਿੰਘ, ਗੁਰਦੀਪ ਸਿੰਘ ਮਿੰਟੂ, ਓਮਕਾਰ ਸਿੰਘ ਬਿਲਖੂ, ਸੇਵਾ ਸਿੰਘ, ਅਰਸ਼ ਪ੍ਰੀਤ ਸਿੰਘ, ਗਗਨ ਗੌਤਮ, ਨਿਰਮਲ ਕੌਰ, ਗੁਰਚਰਨ ਕੌਰ, ਸਰਬਜੀਤ ਕੌਰ, ਅਵਨੀਤ ਕੌਰ, ਸੁਖਵਿੰਦਰ ਕੌਰ, ਰੁਪਿੰਦਰ ਕੌਰ, ਪ੍ਰੀਤੀ ਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਸੇਂਟ ਸੋਲਜਰ ਕਾਲਜ ਦੇ ਕਿੰਡਰ ਗਾਰਟਨ ਵਿਦਿਆਰਥੀਆਂ ਨੇ ਫਰੈਂਡਸ਼ਿਪ ਡੇ ਮਨਾਇਆ




**ਜਲੰਧਰ (ਇਕਬਾਲ ਸਿੰਘ ਉਭੀ)**-ਸੇਂਟ ਸੋਲਜਰ ਇੰਟਰ ਕਾਲਜ ਦੇ ਕਿੰਡਰਗਾਰਟਨ ਦੇ ਵਿਦਿਆਰਥੀਆਂ ਨੇ ਫਰੈਂਡਸ਼ਿਪ ਡੇਅ ਮੌਕੇ ਸ਼ਾਨਦਾਰ ਗਤੀਵਿਧੀ ਦਾ ਆਯੋਜਨ ਕੀਤਾ। ਇਹ ਗਤੀਵਿਧੀ ਸਕੂਲ ਦੇ ਪ੍ਰਿੰਸੀਪਲ ਮਨਜਿੰਦਰ ਸਿੰਘ ਅਤੇ ਸਟਾਫ਼ ਮੈਂਬਰਾਂ ਦੀ ਦੇਖ-ਰੇਖ ਹੇਠ ਕਰਵਾਈ ਗਈ। ਪ੍ਰਿੰਸੀਪਲ ਨੇ ਕਿਹਾ ਕਿ ਇਹ ਦਿਨ ਅਗਸਤ ਦੇ ਪਹਿਲੇ ਐਤਵਾਰ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਮਨਾਉਂਦੇ ਹੋਏ ਵਿਦਿਆਰਥੀਆਂ ਨੇ ਅਧਿਆਪਕਾਂ ਦੇ ਸਹਿਯੋਗ ਨਾਲ ਫਰੈਂਡਸ਼ਿਪ ਬੈਂਡ ਬਣਾ ਕੇ ਆਪਣੇ ਦੋਸਤਾਂ ਦੇ ਗੁੱਟ 'ਤੇ ਬੰਨ੍ਹਿਆ। ਵਿਦਿਆਰਥੀਆਂ ਨੇ ਕਈ ਦਿਲਚਸਪ ਖੇਡਾਂ ਖੇਡੀਆਂ ਅਤੇ ਡਾਂਸ ਵੀ ਕੀਤਾ।ਇਸ ਮੌਕੇ ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਨੂੰ ਸੰਦੇਸ਼ ਦਿੱਤਾ ਕਿ ਦੋਸਤੀ ਸਾਡੀ ਜ਼ਿੰਦਗੀ ਵਿਚ ਇਕ ਅਹਿਮ ਭੂਮਿਕਾ ਨਿਭਾਉਂਦੀ ਹੈ ਕਿਉਂਕਿ ਇਹ ਭਾਵਨਾਤਮਕ ਸਹਿਯੋਗ, ਸਾਥ ਅਤੇ ਆਪਸੀ ਸਾਂਝ ਪ੍ਰਦਾਨ ਕਰਦੀ ਹੈ ਤੇ ਅਣਗਿਣਤ ਤਰੀਕਿਆਂ ਨਾਲ ਸਾਡੀ ਜ਼ਿੰਦਗੀ ਨੂੰ ਭਰਪੂਰ ਬਣਾਉਂਦੀ ਹੈ।

# ਸ਼ੂਟਿੰਗ ਰੇਂਜ, ਹਾਕੀ ਐਸਟ੍ਰੋਟਰਫ, ਸਵੀਮਿੰਗ ਪੂਲ, ਵਰਦੀਆਂ ਸਰਕਾਰੀ ਸਕੂਲਾਂ 'ਚ ਮਿਲਣਗੀਆਂ : ਹਰਜੋਤ ਬੈਂਸ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਨੇ ਕਿਹਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਹੁਣ ਉਹ ਸਾਰੀਆਂ ਸਹੂਲਤਾਂ ਮਿਲਣਗੀਆਂ ਜੋ ਹੁਣ ਤੱਕ ਮਾਡਲ ਤੇ ਕਾਨਵੈਂਟ ਸਕੂਲਾਂ ਦੇ ਵਿਦਿਆਰਥੀਆਂ ਦਾ ਵੀ ਸੁਪਨਾ ਰਹੀਆਂ ਹਨ। ਐਸਟ੍ਰੋਟਰਫ, ਹਾਕੀ ਗਰਾਊਂਡ, ਐਸਟ੍ਰੋਟਰਫ ਫੁੱਟਬਾਲ ਗਰਾਊਂਡ, ਆਲ ਵੈਦਰ ਸਵੀਮਿੰਗ ਪੂਲ ਅਤੇ ਸ਼ੂਟਿੰਗ ਰੇਂਜ ਬਣਾਉਣ ਲਈ ਕੰਮ ਸ਼ੁਰੂ ਹੋ ਗਿਆ ਹੈ। ਸਰਕਾਰੀ ਸਕੂਲਾਂ ਨੂੰ ਭਵਿੱਖ ਦੇ ਓਲੰਪਿਕਸ ਖਿਡਾਰੀਆਂ ਦੀ ਨਰਸਰੀ ਵਜੋਂ ਤਿਆਰ ਕੀਤਾ ਜਾ ਰਿਹਾ ਹੈ।ਬੈਂਸ ਅੱਜ ਸਰਕਾਰੀ ਆਦਰਸ਼ ਸੀਨੀ.ਸੈਕੰ.ਸਕੂਲ ਲੋਦੀਪੁਰ ਸ੍ਰੀ ਅਨੰਦਪੁਰ ਸਾਹਿਬ ਜਿਲ੍ਹਾਂ ਰੂਪਨਗਰ ਦੀ ਪਹਿਲੀ ਸ਼ੂਟਿੰਗ ਰੇਂਜ ਦਾ ਨੀਂਹ ਪੱਥਰ ਰੱਖਣ ਲਈ ਪਹੁੰਚੇ ਸਨ। ਉਨ੍ਹਾਂ ਕਿਹਾ ਕਿ ਪਹਿਲਾ ਸ਼ੂਟਿੰਗ ਵਰਗੀ ਖੇਡ ਅਮੀਰ ਲੋਕਾਂ ਦੇ ਬੱਚਿਆਂ ਦੇ ਵੱਸ ਦੀ ਹੀ ਸੀ, ਜਿਸ ਨੂੰ ਅਸੀਂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਲੈ ਕੇ ਆਏ ਹਾਂ। ਇਥੋਂ ਤੱਕ ਕਿ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਤੱਕ ਵੀ ਇਹ ਸਹੂਲਤ ਪਹੁੰਚੇਗੀ। ਇਸ ਤੋਂ ਇਲਾਵਾ ਜ਼ਿਲ੍ਹੇ ਵਿਚ ਹਾਕੀ ਲਈ ਐਸਟ੍ਰੋਟਰਫ ਮੈਦਾਨ, ਫੁੱਟਬਾਲ ਦਾ ਐਸਟ੍ਰੋਟਰਫ ਗਰਾਊਂਡ ਅਤੇ ਆਲ ਵੈਦਰ ਸਵੀਮਿੰਗ ਪੂਲ ਬਣਾਇਆ ਜਾ ਰਿਹਾ ਹੈ।ਸਰਕਾਰੀ ਆਦਰਸ਼ ਸਕੂਲ ਲੋਦੀਪੁਰ ਨੂੰ ਬੁਨਿਆਦੀ ਢਾਂਚੇ ਦੇ ਵਿਕਾਸ ਲਈ 4 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਸੀ, 2.50 ਕਰੋੜ ਰੁਪਏ ਸਕੂਲ ਦੇ ਖਾਤੇ ਵਿਚ ਆ ਗਏ ਹਨ। ਆਦਰਸ਼ ਸਕੂਲ ਵਿਚ ਇੱਕ ਨਵੀਂ ਇਮਾਰਤ ਦਾ ਨਿਰਮਾਣ ਹੋਵੇਗਾ। ਸ਼ੂਟਿੰਗ ਰੇਂਜ ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਹੋਵੇਗੀ, ਜਿੱਥੇ ਡਿਜੀਟਲ ਤੇ ਮੈਨੂਅਲ ਸ਼ੂਟਿੰਗ ਦੇ ਪ੍ਰਬੰਧ ਹੋਣਗੇ। ਬੈਂਸ ਨੇ ਸਰਕਾਰੀ ਸਕੂਲਾਂ ਵਿਚ ਹੋਏ ਸੁਧਾਰਾਂ ਬਾਰੇ ਜਿਕਰ ਕਰਦੇ ਹੋਏ ਦੱਸਿਆ ਕਿ ਪੰਜਾਬ ਦੇ ਵੱਖ ਵੱਖ ਸਰਕਾਰੀ ਸਕੂਲਾਂ ਵਿੱਚ ਹਾਕੀ ਐਸਟ੍ਰੋਟਰਫ, ਸ਼ੂਟਿੰਗ ਰੇਂਜ, ਫੁੱਟਬਾਲ ਐਸਟ੍ਰੋਟਰਫ, ਆਲ ਵੈਦਰ ਸਵੀਮਿੰਗ ਪੂਲ ਬਣਾਏ ਜਾ ਰਹੇ ਹਨ, ਜਿੱਥੇ ਆਲੇ ਦੁਆਲੇ ਦੇ ਸਕੂਲਾਂ ਦੇ ਵਿਦਿਆਰਥੀ ਵੀ ਸਿਖਲਾਈ ਲੈ ਸਕਣਗੇ, ਪ੍ਰੋਫੈਸ਼ਨਲ ਕੋਚ ਵੀ ਨਿਯੁਕਤ ਕੀਤੇ ਜਾਣਗੇ। ਸਰਕਾਰੀ ਆਦਰਸ਼ ਸਕੂਲ ਨੂੰ ਸਕੂਲ ਆਫ ਬ੍ਰਿਲੀਐਂਸ ਬਣਾਇਆ ਜਾਵੇਗਾ, ਕੀਰਤਪੁਰ ਸਾਹਿਬ ਦੇ ਸਕੂਲ ਆਫ ਐਮੀਨੈਂਸ ਦਾ 10.30 ਕਰੋੜ ਨਾਲ ਨਵੀਕੀਕਰਨ ਕਰਵਾਇਆ ਜਾ ਰਿਹਾ ਹੈ, ਸਰਕਾਰੀ ਸਕੂਲ ਨੰਗਲ ਲੜਕੇ ਦੀ 5 ਕਰੋੜ ਨਾਲ ਨੁਹਾਰ ਬਦਲੀ ਜਾ ਰਹੀ ਹੈ। 1.50 ਕਰੋੜ ਨਾਲ ਤਿਆਰ ਹੋਣ ਵਾਲੇ ਹਾਕੀ ਐਸਟ੍ਰੋਟਰਫ ਗਰਾਊਂਡ ਦੀ ਪ੍ਰਕਿਰਿਆ ਚੱਲ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਹੁਣ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਕਾਨਵੈਂਟ ਤੇ ਮਾਡਲ ਸਕੂਲਾਂ ਦੇ ਵਿਦਿਆਰਥੀਆਂ ਤੋਂ ਅੱਗੇ ਵਧਣਗੇ।ਇਸ ਮੌਕੇ ਪ੍ਰਿੰ. ਅਵਤਾਰ ਸਿੰਘ ਨੇ ਸਿੱਖਿਆ ਮੰਤਰੀ ਹਰਜੋਤ ਬੈਂਸ ਦਾ ਸਰਕਾਰੀ ਆਦਰਸ਼ ਸਕੂਲ ਪਹੁੰਚਣ 'ਤੇ ਭਰਵਾਂ ਸਵਾਗਤ ਕੀਤਾ ਅਤੇ ਸਕੂਲ ਦੀਆਂ ਗਤੀਵਿਧੀਆਂ ਬਾਰੇ ਦੱਸਿਆ। ਇਸ ਮੌਕੇ ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਤਿੰਨ ਮਹੀਨੇ ਵਿਚ ਤਿਆਰ ਹੋਣ ਵਾਲੀ ਸ਼ੂਟਿੰਗ ਰੇਂਜ ਦਾ ਨੀਂਹ ਪੱਥਰ ਰੱਖਿਆ ਅਤੇ ਜਲਦੀ ਇਸ ਨੂੰ ਤਿਆਰ ਕਰਨ ਦੀ ਹਦਾਇਤ ਕੀਤੀ।

# ਵਿਦਿਆਰਥੀਆਂ ਨੂੰ ਕੀਤਾ ਸਨਮਾਨਿਤ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਨਿਮਰਤਾ ਪਬਲਿਕ ਚੈਰੀਟੇਬਲ ਟਰੱਸਟ ਲਿਤਰਾਂ (ਜਲੰਧਰ) ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਿੱਤਰਾਂ ਵਿਖੇ ਸਕੂਲ ਦੇ ਇਨਾਮ ਵੰਡ ਸਮਾਰੋਹ ਵਿੱਚ ਛੇਵੀਂ ਤੋਂ ਬਾਰ੍ਹਵੀਂ ਤੱਕ ਦੇ ਪਹਿਲੇ, ਦੂਜੇ ਪੁਜੀਸ਼ਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।ਕਲੱਬ ਦੇ ਚੇਅਰਮੈਨ ਅਮਰਜੀਤ ਸਿੰਘ ਲੈਕਚਰਰ ਵੱਲੋਂ ਵਿਦਿਆਰਥੀਆਂ ਨੂੰ ਚੰਗੀ ਸਿੱਖਿਆ ਪ੍ਰਾਪਤ ਕਰਕੇ ਦੇਸ਼ ਕੌਮ ਦੀ ਸੇਵਾ ਕਰਨ ਲਈ ਪ੍ਰੇਰਨਾ ਦਿੱਤੀ ਗਈ।ਟਰੱਸਟ ਦੇ ਪ੍ਰਧਾਨ ਲਸ਼ਕਰ ਸਿੰਘ ਹੇਅਰ ਯੂ ਐਸ ਏ, ਫਾਉਂਡਰ ਟਰੱਸਟੀ ਮਨਜੀਤ ਕੌਰ ਹੇਅਰ ਯੂ ਐਸ ਏ, ਫਾਉਂਡਰ ਟਰੱਸਟੀ ਜੋਗਾ ਸਿੰਘ ਹੇਅਰ ਯੂ ਐਸ ਏ, ਫਾਉਂਡਰ ਟਰੱਸਟੀ ਜਸਵਿੰਦਰ ਸਿੰਘ ਹੇਅਰ ਯੂ ਐਸ ਏ, ਫਾਉਂਡਰ ਟਰੱਸਟੀ ਤਰਸੇਮ ਸਿੰਘ ਹੇਅਰ, ਸਹਾਇਕ ਪ੍ਰਧਾਨ ਰਵਿੰਦਰ ਸਿੰਘ ਹੇਅਰ, ਐਡਵੋਕੇਟ ਹਰਮੇਲ ਸਿੰਘ ਰਾਣਾ ਸਕੱਤਰ ਹੋਰਾਂ ਨੇ ਸਮਾਗਮ ਵਿੱਚ ਹਾਜ਼ਰੀ ਭਰੀ ਤੇ ਬੱਚਿਆਂ ਨਾਲ ਵਿਚਾਰ ਵਟਾਂਦਰਾ ਕੀਤਾ। ਪ੍ਰਧਾਨ ਸਾਹਿਬ ਨੇ ਸਕੂਲ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਦੀ ਸੁਣੀਆਂ ਤੇ ਉਹਨਾਂ ਨੂੰ ਹੱਲ ਕਰਨ ਲਈ ਭਰੋਸਾ ਦਿੱਤਾ।ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਰੁਚੀ ਅਹੂਜਾ ਨੇ ਆਏ ਹੋਏ ਟਰੱਸਟੀ ਮੈਂਬਰਾਂ ਦਾ ਧੰਨਵਾਦ ਕੀਤਾ।

# ਖ਼ੂਨਦਾਨ ਕੈਂਪ 'ਚ ਪਿਓ-ਪੁੱਤਰ ਨੇ ਇਕੱਠੇ ਕੀਤਾ ਖ਼ੂਨਦਾਨ




**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਮਨੁੱਖੀ ਸੇਵਾ ਦੇ ਪੈਗੰਬਰ ਭਗਤ ਪੂਰਨ ਸਿੰਘ ਦੀ ਬਰਸੀ ਨੂੰ ਸਮਰਪਿਤ ਸਵੈ ਇਛੁੱਕ ਖ਼ੂਨਦਾਨ ਕੈਂਪ ਸਥਾਨਕ ਬੀ ਡੀ ਸੀ ਬਲੱਡ ਸੈਂਟਰ ਵਿਖੇ ਆਯੋਜਿਤ ਕੀਤਾ ਗਿਆ।ਕੈਂਪ ਦੇ ਆਯੋਜਿਕ ਭਗਤ ਪੂਰਨ ਸਿੰਘ ਲੋਕ ਸੇਵਾ ਟਰੱਸਟ ਬਰਨਾਲਾ ਕਲਾਂ ਤੇ ਬੀ ਡੀ ਸੀ ਬਲੱਡ ਸੈਂਟਰ ਨਾਲ ਸਬੰਧਤ ਸਮਾਜ ਸੇਵੀ ਭਗਤ ਪੂਰਨ ਸਿੰਘ ਨੂੰ ਨਤਮਸਤਕ ਹੋਏ ਸਤਿਕਾਰ ਵਜੋਂ ਸ਼ਮ੍ਹਾਂ ਰੌਸ਼ਨ ਕੀਤੀ ਗਈ ਤੇ ਪੰਖੜੀਆਂ ਅਰਪਿਤ ਕੀਤੀਆਂ ਗਈਆਂ।ਕੈਂਪ ਦਾ ਉਦਘਾਟਨ ਟਰੱਸਟ ਦੇ ਚੇਅਰਮੈਨ ਹਰਪ੍ਰਭਮਹਿਲ ਸਿੰਘ ਨੇ ਆਪਣੇ ਪੁੱਤਰ ਸੁਖਰਾਜ ਸਿੰਘ ਸਮੇਤ ਖ਼ੂਨਦਾਨ ਕਰਕੇ ਕੀਤਾ।ਉਹਨਾਂ ਕਿਹਾ ਕਿ ਖ਼ੂਨਦਾਨ ਕਰਨ ਨਾਲ ਕੋਈ ਕਮਜ਼ੋਰੀ ਨਹੀਂ ਆਉਂਦੀ।ਜਾਗਰੂਕ ਪਰਵਾਰਾਂ ਦੇ ਮੈਂਬਰ ਇੱਕਠੇ ਹੋ ਕੇ ਖ਼ੂਨਦਾਨ ਕਰਨ ਦਾ ਰਿਵਾਜ ਪਾਉਣ ਲਈ ਅੱਗੇ ਆਉਣ ਤਾਂ ਕਿ ਕੀਮਤੀ ਜਾਨਾਂ ਬਚਾਉਣ ਦਾ ਪੁੰਨ ਕੀਤਾ ਜਾ ਸਕੇ।ਡਾ. ਅਜੇ ਬੱਗਾ ਤੇ ਡਾ. ਦਿਆਲ ਸਰੂਪ ਦੀ ਅਗਵਾਈ ਵਿੱਚ ਬੀ ਡੀ ਸੀ ਦੀ ਤਕਨੀਕੀ ਟੀਮ ਨੇ ਖ਼ੂਨਦਾਨੀਆਂ ਤੋਂ ਖ਼ੂਨ ਪ੍ਰਾਪਤ ਕੀਤਾ।ਇਸ ਮੌਕੇ ਬਰਨਾਲਾ ਕਲਾਂ ਤੋਂ ਹਰਪ੍ਰਭਮਹਿਲ ਸਿੰਘ, ਸੁਖਰਾਜ ਸਿੰਘ, ਮਨਜੀਤ ਸਿੰਘ ਖਾਲਸਾ, ਅਵਤਾਰ ਸਿੰਘ, ਮੈਡਮ ਰਛਪਾਲ ਕੌਰ, ਮਹਿੰਦਰ ਸਿੰਘ ਦੁਆਬਾ ਮਾਰਬਲ, ਚੈਨ ਸਿੰਘ, ਸਤਸਰੂਪ ਸਿੰਘ , ਸੁਰਿੰਦਰ ਸਿੰਘ ਸੈਂਹਬੀ, ਅਮਰਜੀਤ ਸਿੰਘ, ਮਾਸਟਰ ਹਰਦਿਲਜੀਤ ਸਿੰਘ, ਦਿਲਬਾਗ ਸਿੰਘ ਰਿਟਾ: ਜ਼ਿਲ੍ਹਾ ਸਿੱਖਿਆ ਅਫ਼ਸਰ, ਨਰਿੰਦਰਪਾਲ ਰਿਟਾ: ਪੋਸਟ ਮਾਸਟਰ, ਖ਼ੂਨਦਾਨੀ ਹਰਭਜਨ ਸਿੰਘ, ਗੁਰਪ੍ਰੀਤ ਸਿੰਘ, ਹਰਪ੍ਰੀਤ ਸਿੰਘ ਤੇ ਸੁਰਿੰਦਰ ਸਿੰਘ ਹਾਜ਼ਰ ਸਨ।

ਬੀ ਡੀ ਸੀ ਵਲੋਂ ਜੇ ਐਸ ਗਿੱਦਾ, ਡਾ. ਵਿਸ਼ਵ ਮੋਹਿਨੀ, ਡਾ. ਅਜੇ ਬੱਗਾ, ਮੈਨੇਜਰ ਮਨਮੀਤ ਸਿੰਘ, ਰਾਜਿੰਦਰ ਠਾਕੁਰ ਟੀ ਐਸ, ਪ੍ਰਿੰਅਕਾ ਸ਼ਰਮਾ ਤੇ ਸੁਨੈਨਾ ਸਟਾਫ ਨਰਸ ਹਾਜ਼ਰ ਸਨ।

**ਜਨਮ ਦਿਨ ਮੁਬਾਰਕ**



ਨਿਮਰਤ (ਕੈਨੇਡਾ)

# 24ਵੀਂ ਰੋਲਰ ਸਕੇਟਿੰਗ ਚੈਂਪੀਅਨਸ਼ਿਪ 'ਚ ਇਨੋਸੈਂਟ ਹਾਰਟਸ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ

**ਜਲੰਧਰ (ਸ਼ੈਲੀ ਐਲਬਰਟ)**- ਇਨੋਸੈਂਟ ਹਾਰਟਸ ਗ੍ਰੀਨ ਮਾਡਲ ਟਾਊਨ ਅਤੇ ਲੋਹਾਰਾਂ ਦੇ ਵਿਦਿਆਰਥੀਆਂ ਨੇ 24ਵੀਂ ਰੋਲਰ ਸਕੇਟਿੰਗ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ।ਇਹ ਚੈਂਪੀਅਨਸ਼ਿਪ ਪਿਛਲੀ ਹਫਤੇ ਵਿੱਚ ਪੁਲਸ ਡੀ.ਏ.ਵੀ ਸਕੂਲ ਵਿਖੇ ਕਰਵਾਈ ਗਈ। ਇਸ ਚੈਂਪੀਅਨਸ਼ਿਪ ਵਿੱਚ ਗ੍ਰੀਨ ਮਾਡਲ ਟਾਊਨ ਦੀ ਹਰਗੁਣ ਹੁੰਦਲ, ਸਰਗੁਣ ਮਹਿਮੀ, ਹਰਨਾਜ਼ ਕੌਰ ਅਤੇ ਕਰਮਨ ਕੌਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨੇ ਦਾ ਤਗਮਾ ਜਿੱਤਿਆ। ਜਦਕਿ ਲੁਹਾਰਾਂ ਦੇ ਮੋਕਸ਼ ਤਿਲਕ ਸਲਗੋਤਰਾ ਨੇ ਚਾਂਦੀ ਦਾ ਤਗਮਾ ਜਿੱਤਿਆ। ਹਰਗੁਣ ਹੁੰਦਲ ਨੇ 24ਵੀਂ ਜ਼ਿਲ੍ਹਾ ਰੋਲਰ ਸਕੇਟਿੰਗ ਚੈਂਪੀਅਨਸ਼ਿਪ ਵਿੱਚ 500 ਮੀਟਰ ਅਤੇ 1000 ਮੀਟਰ ਵਿੱਚ ਦੋ ਸੋਨ ਤਗਮੇ ਜਿੱਤੇ।ਹਰਗੁਣ ਨੂੰ ਦਸੰਬਰ 2023 ਵਿੱਚ ਚੇਨਈ ਵਿੱਚ ਜ਼ਿਲ੍ਹਾ ਰੋਲਰ ਸਕੇਟਿੰਗ ਐਸੋਸੀਏਸ਼ਨ ਜਲੰਧਰ ਵੱਲੋਂ ਨੈਸ਼ਨਲ ਮੈਡਲ ਆਫ਼ ਆਨਰ ਅਵਾਰਡ ਮਿਲ ਚੁੱਕਾ ਹੈ।ਕਰਮਨ ਕੌਰ ਨੇ ਜ਼ਿਲ੍ਹਾ ਰੋਲਰ ਸਕੇਟਿੰਗ ਚੈਂਪੀਅਨਸ਼ਿਪ 2024 ਵਿੱਚ ਰੇਸ-1 ਵਨ ਲੈਪ ਇਨਲਾਈਨ, ਰੇਸ-2 ਟੂ ਲੈਪ ਇਨਲਾਈਨ ਵਿੱਚ ਗੋਲਡ ਮੈਡਲ ਜਿੱਤ ਕੇ 24 ਨਵੰਬਰ ਨੂੰ ਹੋਣ ਵਾਲੇ ਰਾਜ ਪੱਧਰੀ ਮੁਕਾਬਲੇ ਲਈ ਕੁਆਲੀਫਾਈ ਕਰ ਲਿਆ ਹੈ।ਕਰਮਨ ਜਲੰਧਰ ਜ਼ਿਲ੍ਹੇ ਦੀ ਪ੍ਰਤੀਨਿਧਤਾ ਕਰੇਗੀ। ਸਰਗੁਣ ਮਹਿਮੀ ਨੇ ਜ਼ਿਲ੍ਹਾ ਰੋਲਰ ਸਕੇਟਿੰਗ ਚੈਂਪੀਅਨਸ਼ਿਪ-2024 ਵਿੱਚ 9 ਤੋਂ 11 ਸਾਲ (ਲੜਕੀਆਂ) ਵਰਗ ਦੇ ਕੁਆਡ ਈਵੈਂਟ ਵਿੱਚ ਸੋਨੇ ਦਾ ਤਗਮਾ ਜਿੱਤਿਆ। ਹਰਨਾਜ਼ ਕੌਰ ਨੇ ਜ਼ਿਲ੍ਹਾ ਰੋਲਰ ਸਕੇਟਿੰਗ ਚੈਂਪੀਅਨਸ਼ਿਪ-2024 ਵਿੱਚ ਰੇਸ-1 ਵਨ ਲੈਪ ਇਨਲਾਈਨ ਵਿੱਚ ਗੋਲਡ ਮੈਡਲ ਅਤੇ ਰੇਸ-2 ਵਿੱਚ ਟੂ ਲੈਪ ਇਨਲਾਈਨ ਵਿੱਚ ਕਾਂਸੇ ਦਾ ਤਗਮਾ ਜਿੱਤਿਆ। ਇਨੋਸੈਂਟ ਹਾਰਟਸ ਸਕੂਲ ਲੋਹਾਰਾਂ ਦੇ ਮੋਕਸ਼ ਤਿਲਕ ਸਲਗੋਤਰਾ ਨੇ ਇਸ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਗਮਾ ਜਿੱਤਿਆ। ਇਸ ਮੌਕੇ ਰਾਜੀਵ ਪਾਲੀਵਾਲ (ਪ੍ਰਿੰਸੀਪਲ ਗ੍ਰੀਨ ਮਾਡਲ ਟਾਊਨ), ਮਿਸ ਸ਼ਾਲੂ ਸਹਿਗਲ (ਪ੍ਰਿੰਸੀਪਲ ਲੋਹਾਰਾਂ) ਨੇ ਸਪੋਰਟਸ ਐਚ.ਓ.ਡੀ ਅਨਿਲ ਕੁਮਾਰ (ਗਰੀਨ ਮਾਡਲ ਟਾਊਨ) ਅਤੇ ਸੰਜੀਵ (ਲੋਹਾਰਾਂ) ਦੀ ਸ਼ਲਾਘਾ ਕੀਤੀ।ਉਨ੍ਹਾਂ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਆਪਣੇ ਲਕਸ਼ ਵੱਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ।

